
INTERNATIONAL MAGAZINE
RNI No. 61816/95
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਤਮ ਮਾਰਗ
ਅਗਸਤ 2023
ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ
(05.08.1905 – 26.08.1975)

ਸਤਿਕਾਰਯੋਗ ਸੰਤ ਬਾਬਾ ਲਖਬੀਰ ਸਿੰਘ ਜੀ ਰਤਵਾੜਾ ਸਾਹਿਬ ਵਾਲੇ ਕੈਨੇਡਾ ਗੁਰਮਤਿ ਪ੍ਰਚਾਰ ਫੇਰੀ ਦੌਰਾਨ
ਵਿਨੀਪੈਗ ਅਤੇ ਟਰਾਂਟੋਂ ਵਿਖੇ ਸੰਗਤਾਂ ਨੂੰ ਕਥਾ-ਕੀਰਤਨ ਦੁਆਰਾ ਨਿਹਾਲ ਕਰਦੇ ਹੋਏ



# ਆਤਮ ਮਾਰਗ

ਸਾਲ-ਉਨੱਤੀਵਾਂ, ਮਹੀਨਾ-ਅਗਸਤ, 2023

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ


| **ਚੇਅਰਮੈਨ** | **ਐਡੀਟਰ-ਇਨ-ਚੀਫ** |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| **ਮੈਨੇਜਿੰਗ ਐਡੀਟਰ** | **ਚੀਫ ਐਡੀਟਰ** |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।


ਫੋਨ :- 84378-12900, 94172-14391, 94172-14379

Email :atammarg1@yahoo.co.in



Registration Under Foreign Contribution (Regulation) Act 1976 R. No. 115320023


**Postal Address for any Enquiry, Money Order, Cheque and drafts :**


**'ATAM MARG' MAGAZINE**
Gurdwara Ishar Parkash, Ratwara Sahib
(New Chandigarh) P.o. Mullanpur Garibdas, Teh. Kharar, Distt. S.A.S Nagar
(MOHALI) - 140901, Pb. India


**SUBSCRIPTION – ਚੰਦਾ – (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.org
www.ratwarasahib.com
www.ratwarasahib.in
Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network
98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-393-8199

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ:9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 8 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 3. | **ਅਗੰਮ ਅਗੋਚਰ ਦਾ ਮਾਰਗ** | 12 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥** | 16 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਨਾਮ ਮਹਿਮਾ** | 27 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਮਹਾਰਾਜ (ਰਾੜਾ ਸਾਹਿਬ)** | 33 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | **ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਕਲਪਨਾ ਅਤੇ ਸੰਪਾਦਨਾ** | 38 |
| | *ਦਰਸ਼ਨ ਸਿੰਘ* | |
| 8. | **ਗੁਰਬਾਣੀ ਅਰਥ ਭੰਡਾਰ** | 42 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 10. | **ਜਨ ਪਰਉਪਕਾਰੀ ਆਏ** | 45 |
| | *ਪ੍ਰੋ. ਗੁਰਦੇਵ ਸਿੰਘ* | |
| 10. | **ਗੁਰੂ ਨਾਨਕ ਆਗਮਨ** | 48 |
| | *ਭਾਈ ਵੀਰ ਸਿੰਘ* | |
| 11. | **ਜਪੁਜੀ ਸਾਹਿਬ ਦੀ ਮੂਲ ਵਿਚਾਰਧਾਰਾ** | 51 |
| | *ਡਾ. ਜਗਜੀਤ ਸਿੰਘ* | |
| 12. | **ਈਸ਼੍ਵਰ ਅਮੋਲਕ ਲਾਲ** | 54 |
| | *ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ* | |
| 13. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

(ਬ੍ਰਹਮ ਗਿਆਨੀ ਪਰਮ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਨੂੰ ਸਮਰਪਿਤ)

*ਜੰਮਣ ਮਰਣਹੁ ਬਾਹਰੇ ਪਰਉਪਕਾਰੀ ਜਗ ਵਿਚਿ ਆਏ।*
*ਭਾਈ ਗੁਰਦਾਸ ਜੀ*

ਸੰਸਾਰ ਮੰਚ 'ਤੇ ਸਮੇਂ-ਸਮੇਂ ਅਵਤਾਰੀ ਰੂਹਾਂ ਦਾ ਆਗਮਨ ਹੋਇਆ। ਇਹ ਪਵਿੱਤਰ, ਨਾਮ ਰਸੀਆਂ ਰੂਹਾਂ ਪੰਜ ਭੌਤਿਕ ਸਰੀਰ ਧਾਰਨ ਕਰਕੇ ਸੰਸਾਰ ਵਿਚ ਪ੍ਰਗਟ ਹੋਈਆਂ ਪਰ ਇਨ੍ਹਾਂ ਦੇ ਸੰਸਾਰ ਮੰਚ 'ਤੇ ਵਿਚਰਨ ਵਾਲੇ ਜੀਵਨ ਵਿਚ ਅਤੇ ਦੁਨਿਆਵੀ ਜੀਵਾਂ ਦੇ ਜੀਵਨ ਵਿਚ ਬਹੁਤ ਫਰਕ ਹੁੰਦਾ ਹੈ। ਫਰਕ ਹੋਣਾ ਸੁਭਾਵਿਕ ਹੈ ਕਿਉਂਕਿ ਇਨ੍ਹਾਂ ਨੂੰ ਸੰਸਾਰ ਮੰਚ 'ਤੇ ਕੋਈ ਖਾਸ ਉਦੇਸ਼ ਦੇ ਕੇ ਭੇਜਿਆ ਜਾਂਦਾ ਹੈ। ਦਿਤਾ ਹੋਇਆ ਕਾਰਜ ਪੂਰਾ ਹੋਣ 'ਤੇ ਬੁਲਾ ਲਏ ਜਾਂਦੇ ਹਨ -

*ਜਿਨਿ ਤੁਮ ਭੇਜੇ ਤਿਨਹਿ ਬੁਲਾਏ*
*ਸੁਖ ਸਹਜ ਸੇਤੀ ਘਰਿ ਆਉ ॥ ਅੰਗ - ੬੭੮*

ਦੇ ਮਹਾਂਵਾਕਾਂ ਅਨੁਸਾਰ ਹੁਕਮ 'ਚ ਭੇਜੇ, ਆਏ ਤੇ ਹੁਕਮ ਵਿਚ ਵਾਪਸ ਚਲੇ ਗਏ ਪਰ ਦੁਨਿਆਵੀ ਜੀਵ ਦਾ ਆਉਣਾ ਤੇ ਜਾਣਾ ਇਸ ਤਰ੍ਹਾਂ ਨਹੀਂ ਹੈ। ਉਹ ਕਰਮਾਂ ਦੇ ਬੰਨ੍ਹੇ ਹੋਏ ਸੰਸਾਰ ਮੰਚ 'ਤੇ ਆਉਂਦੇ ਹਨ, ਕਰਮ ਭੋਗ ਕੇ ਫਿਰ ਚਲੇ ਜਾਂਦੇ ਹਨ।

*ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥*
*ਅੰਗ - ੬*

ਅਤੇ ***'ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥'*** ਅਨੁਸਾਰ ਕਰਮ ਚੱਕਰ ਸਮਰੱਥ ਗੁਰੂ ਦੀ ਕ੍ਰਿਪਾ ਤੋਂ ਬਿਨਾਂ ਖਤਮ ਨਹੀਂ ਹੁੰਦਾ -

*ਸੰਤਨ ਮੋ ਕਉ ਪੂੰਜੀ ਸਉਪੀ*
*ਤਉ ਉਤਰਿਆ ਮਨ ਕਾ ਧੋਖਾ ॥*
*ਧਰਮ ਰਾਇ ਅਬ ਕਹਾ ਕਰੈਗੋ*
*ਜਉ ਫਾਟਿਓ ਸਗਲੋ ਲੇਖਾ ॥ ਅੰਗ - ੬੧੪*

ਇਹ ਲੇਖੇ ਪੱਤੇ ਸਮਰੱਥ ਗੁਰੂ ਦੀ ਕ੍ਰਿਪਾ ਨਾਲ ਹੀ ਖਤਮ ਹੁੰਦੇ ਹਨ। ਦੁਨਿਆਵੀ ਜੀਵ ਕਰਮਾਂ ਦੇ ਅਧੀਨ ਹਨ। ਹੁਣ ਕਰਮਾਂ ਤੋਂ ਛੁਟਕਾਰਾ ਕਿਵੇਂ ਪ੍ਰਾਪਤ ਹੋਵੇ? ਇਸ ਦੀ ਸੋਝੀ ਕਰਾਉਣ ਲਈ ਹੀ ਰੱਬ ਦੇ ਪਿਆਰੇ ਅਵਤਾਰ ਧਾਰਦੇ ਹਨ। ਇਸੇ ਕਾਰਜ ਵਾਸਤੇ ਉਹ ਭੇਜੇ ਜਾਂਦੇ ਹਨ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ - ੧੩੭੩*

ਪ੍ਰਮਾਣ ਹਿਤ ਜਿਵੇਂ ਜੇਲ੍ਹ ਵਿਚ ਕੈਦੀ ਵੀ ਹਨ ਤੇ ਕੈਦੀਆਂ ਦੇ ਇਲਾਜ ਲਈ ਡਾਕਟਰ ਵੀ ਜਾਂਦਾ ਹੈ। ਕੈਦੀ ਆਪਣੇ ਕੀਤੇ ਕਰਮਾਂ ਕਰਕੇ ਸਜ਼ਾ ਦੇ ਬੰਧਨ ਵਿਚ ਕੈਦ ਹਨ ਪਰ ਡਾਕਟਰ ਬੰਧਨਾਂ ਤੋਂ ਅਜ਼ਾਦ ਹੈ। ਉਹ ਜੇਲ੍ਹ ਰੂਪੀ ਮੰਚ ਤੇ ਆ ਜਾ ਸਕਦਾ ਹੈ। ਉਹ ਬੰਧਨਾਂ ਵਿਚ ਨਹੀਂ। ਬੰਧਨਾਂ ਤੋਂ ਅਜ਼ਾਦ ਹੈ। ਸਗੋਂ ਬੰਧਨ ਵਾਲਿਆਂ ਦੀ ਤਕਲੀਫ ਦੂਰ ਕਰਨ ਵਾਸਤੇ ਆਉਂਦਾ ਜਾਂਦਾ ਹੈ। ਉਹਨਾਂ ਦਾ ਜੇਲ੍ਹ ਵਿਚ ਆਉਣ ਜਾਣ ਦਾ ਕੋਈ ਨਿੱਜੀ ਮਕਸਦ ਨਹੀਂ ਹੈ। ਇਸੇ ਤਰ੍ਹਾਂ ਗੁਮਰਾਹ ਹੋਈ ਦੁਨੀਆਂ ਭਾਵ ਪ੍ਰਮੇਸ਼ਰ ਤੋਂ ਟੁੱਟੀਆਂ ਰੂਹਾਂ ਨੂੰ ਉਨ੍ਹਾਂ ਦੇ ਹੀ ਕਲਿਆਣ ਹਿਤ, ਪ੍ਰਭੂ ਕਿਸੇ ਪਿਆਰੀ ਆਤਮਾ ਨੂੰ ਸੰਸਾਰ ਵਿਚ ਭੇਜਦਾ ਹੈ ਤਾਂ ਉਹ ਆਤਮਾ ਪ੍ਰਭੂ ਦੇ ਦੱਸੇ ਮਾਰਗ ਭਾਵ ਆਤਮ ਮਾਰਗੀ ਪੈਂਡਿਆਂ ਤੇ ਚਲਾਉਣ ਹਿਤ ਆਪਣਾ ਸਭ ਕੁਝ ਵਾਰ ਜਾਂਦੀ ਹੈ।

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ॥ ਅੰਗ - ੯੧੮*

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*
*ਅੰਗ - ੧੩੭੫*

ਉਹ ਅਸਲੀ ਜੀਵਨ ਮੁਕਤ ਹਨ।

*ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥*
*ਅੰਗ - ੪੪੯*

ਸੰਸਾਰਕ ਜੀਵਨ ਦੀ ਅਤੀ ਉਚਤਮ ਪ੍ਰਾਪਤੀ ਰਾਜ ਮੰਨੀ ਗਈ ਹੈ। ਪਰ ਅਧਿਆਤਮਕ ਜੀਵਨ ਦੀ ਪ੍ਰਾਪਤੀ ਮੁਕਤੀ ਮੰਨੀ ਗਈ ਹੈ। ਪਰ ਪ੍ਰਮੇਸ਼ਰ ਦੇ ਪਿਆਰ ਵਿਚ ਇਹ ਤੁੱਛ ਹਨ।

*ਰਾਜੁ ਨ ਚਾਹਉ ਮੁਕਤਿ ਨ ਚਾਹਉ*
*ਮਨਿ ਪ੍ਰੀਤਿ ਚਰਨ ਕਮਲਾਰੇ॥ ਅੰਗ - ੫੩੪*

ਪ੍ਰਭੂ ਪ੍ਰੇਮ, ਮੁਕਤੀ ਤੋਂ ਵੀ ਉਪਰ ਹੈ ਉਨ੍ਹਾਂ ਵਾਸਤੇ। ਉਹ ਸੰਸਾਰ ਨਾਲ ਜੁੜੇ ਹਨ, ਕੇਵਲ ਆਪਣਾ ਉਦੇਸ਼ ਪੂਰਾ ਕਰਨ ਹਿਤ। ਅੰਦਰੋਂ ਲਿਵ ਕਿਤੇ ਹੋਰ ਜੁੜੀ ਹੁੰਦੀ ਹੈ।

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*ਅੰਗ - ੪੪੧*

ਸੰਸਾਰ ਗਤੀਸ਼ੀਲ ਹੈ, ਆਤਮਾ ਸ਼ਾਂਤ ਹੈ ਅਹਿਲ ਹੈ। ਆਤਮਾ ਅਚੱਲ ਹੈ। ਆਤਮਾ ਨਾਲ ਜੁੜਿਆ ਰੱਬ ਦਾ ਪਿਆਰਾ ਅਨੇਕਤਾ ਵਿਚ ਏਕਤਾ ਦੇਖਦਾ ਹੈ -

ਭਾਵ –

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥* *ਅੰਗ – ੬੧੦*

ਉਸ ਵਾਸਤੇ ਇਹ ਸੰਸਾਰ –

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ – ੮੪੬*

ਇਹੀ 'ਆਤਮ ਮਾਰਗ' ਦੇ ਸੰਚਾਲਕ ਪਿਆਰੇ ਮਹਾਂਪੁਰਸ਼ਾਂ ਦਾ ਉਦੇਸ਼ ਸੀ। ਇਸੇ ਉਦੇਸ਼ ਨੂੰ ਪੂਰਾ ਕਰਨ ਹਿਤ ਆਤਮ ਮਾਰਗ ਦਾ ਨਿਰੰਤਰ ਸਫ਼ਰ ਜਾਰੀ ਹੈ। ਪੜ੍ਹਨ ਵਾਲੇ ਜਗਿਆਸੂਆਂ ਨੂੰ ਇਸ ਮੰਜ਼ਿਲੇ ਮਕਸੂਦ ਤੱਕ ਪਹੁੰਚਾਣਾ ਇਸ ਦਾ ਧੇਅ ਹੈ। ਐਸੀਆਂ ਰੱਬੀ ਰੂਹਾਂ ਬਾਰੇ ਭਾਈ ਸਾਹਿਬ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ ਕਿ –

*ਜੰਮਣ ਮਰਣਹੁ ਬਾਹਰੇ ਪਰਉਪਕਾਰੀ ਜਗ ਵਿਚਿ ਆਏ।*
*ਭਾਈ ਗੁਰਦਾਸ ਜੀ*

ਭਾਵ –

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥* *ਅੰਗ – ੭੪੯*

*ਭਾਉ ਭਗਤਿ ਉਪਦੇਸ ਕਰਿ ਸਾਧਸੰਗਤਿ ਸਚਖੰਡ ਵਸਾਏ।*
*ਭਾਈ ਗੁਰਦਾਸ ਜੀ*

ਉਹ ਆਪ ਪ੍ਰੇਮਾ ਭਗਤੀ ਲੀਨ ਹੋਏ ਤੇ ਪ੍ਰੇਮਾ ਭਗਤੀ ਦਾ ਉਪਦੇਸ਼ ਦ੍ਰਿੜ੍ਹ ਕਰਾਉਣ ਹਿਤ 'ਸਾਧ ਸੰਗਤਿ' ਦਾ ਮੰਡਲ ਕਾਇਮ ਕਰਦੇ ਹਨ। ਭਾਵ –

*ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ ॥*
*ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥*
*ਅੰਗ – ੧੩੬੫*

ਰੱਬ ਦਾ ਪਿਆਰਾ ਮਾਨ ਸਰੋਵਰ ਭਾਵ ਸਾਧ ਸੰਗਤ ਵਿਚ ਪਰਮ ਹੰਸ ਵਾਂਗੂੰ ਸ਼ਬਦ ਵਿਚ ਸੁਰਤਿ ਨੂੰ ਜੋੜਦਾ ਹੈ –

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
*ਅੰਗ – ੯੩੮*

*ਮਾਨ ਸਰੋਵਰਿ ਪਰਮਹੰਸ*
*ਗੁਰਮੁਖਿ ਸਬਦ ਸੁਰਤਿ ਲਿਵ ਲਾਏ।* *ਭਾਈ ਗੁਰਦਾਸ ਜੀ*

ਉਨ੍ਹਾਂ ਦੀ ਸੋਭਤ ਦਾ ਅਸਰ ਚੰਦਨ ਦੀ ਤਰ੍ਹਾਂ ਹੈ। ਜਿਵੇਂ –

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥*
*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥*
*ਅੰਗ – ੧੩੬੫*

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥*
*ਅੰਗ – ੩੨੦*

ਇਹ ਉਨ੍ਹਾਂ ਦੀ ਨਿਸ਼ਾਨੀ ਹੈ ਕਿ ਉਹ ਚੰਦਨ ਵਾਂਗੂੰ ਨਾਮ ਰੂਪੀ ਸੁਗੰਧੀ ਰਾਹੀਂ ਸਭਨਾਂ ਨੂੰ ਸਰਸ਼ਾਰ ਕਰ ਦਿੰਦੇ ਹਨ। ਭਾਵ –

*ਚੰਦਨ ਵਾਸ ਵਣਾਸਪਤਿ ਸਭ ਚੰਦਨ ਹੋਵੈ।*
*ਭਾਈ ਗੁਰਦਾਸ ਜੀ*

ਚੰਦਨ ਦੇ ਨੇੜੇ ਦਾ ਦਰਖ਼ਤ ਭਾਵੇਂ ਫਲ ਵਾਲਾ ਹੈ ਭਾਵੇਂ ਬੇਫਲ ਹੈ, ਚੰਦਨ ਸਭ ਨੂੰ ਸੁਗੰਧੀ ਵੰਡਦਾ ਹੈ।

ਰੱਬ ਦੇ ਪਿਆਰੇ ਉਨ੍ਹਾਂ ਦੀ ਸੰਗਤ ਕਰਨ ਵਾਲਿਆਂ ਨੂੰ ਭਵਜਲ ਰੂਪੀ ਆਵਾਗਵਣ ਮੰਡਲ 'ਚੋਂ ਜਹਾਜ਼ ਬਣ ਕੇ ਪਾਰ ਲੰਘਾ ਦਿੰਦੇ ਹਨ। ਭਾਵ –

*ਨਾਮ ਬੇੜੀ ਸੰਤ ਮਲਾਹ।*
*ਤਾਰ ਦਿੰਦੇ ਨੇ ਖਾਹਮਖਾਹ।*

*ਭਵਜਲ ਅੰਦਰਿ ਬੋਹਿਥੈ ਇਕਸ ਪਿਛੇ ਲਖ ਤਰੰਦੇ।*
*ਭਾਈ ਗੁਰਦਾਸ ਜੀ*

ਉਨ੍ਹਾਂ ਨੂੰ ਭਵਜਲ ਦੀਆਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਰੂਪੀ ਤਰੰਗਾਂ ਨਹੀਂ ਵਿਆਪਦੀਆਂ ਭਾਵ ਇਨ੍ਹਾਂ ਤੋਂ ਨਿਰਲੇਪ ਰਹਿੰਦੇ ਹਨ। ਸੰਸਾਰ ਮੰਚ 'ਤੇ ਵਿਚਰਦੇ ਹੋਏ ਇਨ੍ਹਾਂ ਤੋਂ ਉਦਾਸ ਤੇ ਨਿਰਾਸ ਰਹਿੰਦੇ ਹਨ –

*ਲਹਿਰ ਤਰੰਗੁ ਨ ਵਿਆਪਈ*
*ਮਾਇਆ ਵਿਚਿ ਉਦਾਸੁ ਰਹਾਏ।* *ਭਾਈ ਗੁਰਦਾਸ ਜੀ*

ਭਾਵ –

*ਗੁਰਮੁਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ।*
*ਗੁਰਮੁਖ ਸੁਖ ਫਲੁ ਸਾਧਸੰਗੁ*
*ਮਾਇਆ ਅੰਦਰਿ ਕਰਨਿ ਉਦਾਸੀ।* *ਭਾਈ ਗੁਰਦਾਸ ਜੀ*

ਇਸ ਤਰ੍ਹਾਂ ਰੱਬ ਦੇ ਪਿਆਰੇ, ਗੁਰਮੁਖ ਜਨ, ਉਸ ਸਹਿਜ ਵਿਚ ਲੀਨ ਹੋ ਜਾਂਦੇ ਹਨ –

*ਗੁਰਮੁਖਿ ਸੁਖ ਫਲੁ ਸਹਿਜ ਸਮਾਏ।* *ਭਾਈ ਗੁਰਦਾਸ ਜੀ*

ਆਪਣੀ ਸਹਿਜ 'ਚ ਸਮਾਈ ਤੇ ਕ੍ਰੋੜਾਂ (ਅਣਗਿਣਤ) ਜੀਵਾਂ ਨੂੰ ਸਹਿਜ ਵਿਚ ਸਮਾਈ ਕਰਾਉਣ ਦੇ ਸਮਰੱਥ ਹੁੰਦੇ ਹਨ।

*ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥*
*ਅੰਗ – ੬੦੮*

ਐਸੀਆਂ ਨਾਮ ਰੂਪੀ ਕਣੀਆਂ ਦਾ ਮੀਂਹ ਵਰਸਾਇਆ ਰੱਬ ਰੂਪ, ਬ੍ਰਹਮ ਨੇਸ਼ਟੀ, ਬ੍ਰਹਮ ਸਤੋਤਰੀ, ਬ੍ਰਹਮ ਵਕਤਾ, ***'ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥'*** ਦੀ ਅਵਸਥਾ ਧਾਰਨ ਕਰਨ ਵਾਲੇ ਸੰਤ ਮਹਾਰਾਜ ਈਸ਼ਰ ਸਿੰਘ ਜੀ ਰਾੜਾ ਸਾਹਿਬ।

ਅੱਧੀ ਸਦੀ ਤੋਂ ਵੱਧ ਕਥਾ ਕੀਰਤਨ ਦੀਆਂ ਛਹਿਬਰਾਂ ਲਾਉਣ ਵਾਲੇ, ਐਸੇ ਨਾਮ ਦੇ ਭੰਡਾਰੇ ਖੁਲ੍ਹੇ ਵੰਡਣ ਵਾਲੇ ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲੇ। ਜਿਨ੍ਹਾਂ ਬਾਰੇ ਪਵਿੱਤਰ ਗੁਰਬਾਣੀ ਦਾ ਫੁਰਮਾਨ ਹੈ –

*ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ*
*ਗੁਰਮੁਖਿ ਕੀਰਤਨੁ ਗਾਏ ਜੀਉ ॥* *ਅੰਗ – ੧੩੧*

ਉਨ੍ਹਾਂ ਦੀ ਐਸੀ ਨਿਰਾਲੀ ਚਾਲੀ ਪ੍ਰਮੇਸ਼ਰ ਵਿਚ ਅਭੇਦ ਅਵਸਥਾ ਅਨੇਕਾਂ ਜਗਿਆਸੂਆਂ ਲਈ ਚਾਨਣ ਮੁਨਾਰਾ ਹੈ।

*ਭਗਤਾ ਕੀ ਚਾਲ ਨਿਰਾਲੀ ॥*
*ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥*
*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥*
*ਅੰਗ – ੯੧੮*

ਉਪਰੋਕਤ ਪਵਿੱਤਰ ਬਾਣੀ ਦੇ ਅਰਥ ਉਨ੍ਹਾਂ ਦੇ ਸਮੁੱਚੇ ਜੀਵਨ ਵਿਚੋਂ ਝਲਕਾਰੇ ਮਾਰਦੇ ਨਜ਼ਰ ਆਉਂਦੇ ਹਨ। ਅੱਧੀ ਸਦੀ ਤੋਂ ਵੱਧ ਕੀਰਤਨ ਦੀਆਂ ਛਹਿਬਰਾਂ ਲਾ ਕੇ ਅਨੇਕਾਂ ਰੂਹਾਂ ਨੂੰ ਨਾਮ ਬਾਣੀ ਨਾਲ ਜੋੜਿਆ। ਅੱਜ ਵੀ ਜੋੜ ਰਹੇ ਹਨ। ਉਨ੍ਹਾਂ ਦੇ ਆਗਮਨ ਦਿਵਸ ਭਾਵ 5 ਅਗਸਤ ਤੇ ਪੰਜ ਭੌਤਿਕ ਸਰੀਰ ਦੇ ਪਰੀਤਿਆਗ ਦਿਵਸ 25 ਅਗਸਤ ਨੂੰ ਪਿਆਰੇ ਦੀ ਪਿਆਰੀ ਯਾਦ ਵਿਚ ਸੰਗਤਾਂ ਗੁਰਮਤਿ ਸਮਾਗਮਾਂ ਵਿਚ ਸ਼ਿਰਕਤ ਕਰ ਜੁੜਦੀਆਂ ਹਨ। ਜੋੜ ਰਹੇ ਹਨ ਅੱਜ ਵੀ। ਲਾਹਾ ਲੈਣ ਵਾਲੇ ਲਾਹੇ ਲੈ ਚੁੱਕੇ ਹਨ ਅਤੇ ਲੈ ਰਹੇ ਹਨ। ਸਮੁੰਦਰ ਦੀਆਂ ਲਹਿਰਾਂ ਦੀ ਗਿਣਤੀ ਵਿਚ ਨਾ ਪੈ ਕੇ ਸਗੋਂ ਸਮੁੰਦਰ ਵਿਚ ਟੁੱਭੀਆਂ ਲਾਉਣਾ ਹੀ ਸਫ਼ਲਤਾ ਦੀ ਨਿਸ਼ਾਨੀ ਹੈ। ਅੰਬ ਦੀ ਕੈਲੋਰੀ ਗਿਣਨ ਨਾਲੋਂ ਅੰਬ ਤੋੜ ਕੇ ਚੂਪਣਾ ਜ਼ਿਆਦਾ ਲਾਹੇਵੰਦ ਹੈ। ਆਉ ਕਰੀਏ ਅਰਦਾਸ ਕਿ ਸਾਨੂੰ ਵੀ ਆਪਣੇ ਪਿਆਰੇ ਦੀ ਯਾਦ ਵਿਚ ਜੁੜ ਕੇ ਰਸ/ਆਨੰਦ ਦੀ ਪ੍ਰਾਪਤੀ ਹੋਵੇ।

ਬਿਰਹੀ ਆਤਮਾ ਵਿਚੋਂ ਨਿਕਲੀ ਹੂਕ ਜ਼ਰੂਰ ਪ੍ਰਵਾਨ ਹੋ ਜਾਂਦੀ ਹੈ –

*ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥*
*ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥* *ਅੰਗ – ੨੩*

ਐਸੀਆਂ ਅਸੀਸਾਂ ਦੀ ਜ਼ਰੂਰਤ ਹੈ –

*ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥*
*ਅੰਗ – ੧੨*

ਐਸੀਆਂ ਰੱਬੀ ਰੂਹਾਂ, ਪਿਆਰੀਆਂ ਆਤਮਾਵਾਂ ਦੀ ਯਾਦ ਵਿਚ ਜੁੜ ਕੇ ਸਾਡਾ ਜੀਵਨ ਵੀ ਲੇਖੇ ਵਿਚ ਲਗ ਜਾਵੇ। ਕਰੀਏ ਅਰਦਾਸ –

*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ ॥* *ਅੰਗ – ੬੯੪*

ਰਤਵਾੜਾ ਸਾਹਿਬ ਦੀ ਪਾਵਨ ਧਰਤੀ 'ਤੇ ਵੀ ਅਗਸਤ ਮਹੀਨੇ ਵਿਚ ਸੰਗਤਾਂ ਆਪਣੇ ਪਿਆਰਿਆਂ ਦੀ ਯਾਦ ਵਿਚ ਹੋ ਰਹੇ ਗੁਰਮਤਿ ਸਮਾਗਮਾਂ ਵਿਚ ਜੁੜ ਰਹੀਆਂ ਹਨ। 8 ਅਗਸਤ ਨੂੰ ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਖਾਂ ਦੇ ਜੀਵਨ ਸਾਥੀ ਸਤਿਕਾਰਯੋਗ (ਮਾਤਾ ਰਣਜੀਤ ਕੌਰ ਜੀ) ਬੀਜੀ ਦੇ ਜਨਮ ਦਿਵਸ ਸਬੰਧੀ ਗੁਰਮਤਿ ਸਮਾਗਮ ਹੋ ਰਹੇ ਹਨ। ਪਿਆਰਿਆਂ ਦੇ ਪਿਆਰ ਵਿਚ ਸੰਗਤਾਂ ਜੁੜ ਕੇ ਨਾਮ ਬਾਣੀ ਦੇ ਲਾਹੇ ਪ੍ਰਾਪਤ ਕਰ ਰਹੀਆਂ ਹਨ। ਇਸ ਤੋਂ ਇਲਾਵਾ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਆਗਮਨ ਅਤੇ ਪਵਿੱਤਰ ਯਾਦ ਵਿਚ ਵੀ ਗੁਰਮਤਿ ਸਮਾਗਮ ਹੋਣਗੇ। ਸੰਗਤਾਂ ਉਨ੍ਹਾਂ ਦੀਆਂ ਘਾਲਣਾ ਕਮਾਈਆਂ ਤੋਂ ਵੀ ਲਾਹੇ ਪ੍ਰਾਪਤ ਕਰਨਗੀਆਂ। ਸਭਨਾਂ ਨੂੰ ਇਹਨਾਂ ਸਮਾਗਮਾਂ ਵਿਚ ਪਹੁੰਚਣ ਲਈ ਬੇਨਤੀ ਹੈ ਜੀ।

ਭੁੱਲ ਚੁਕ ਦੀ ਖਿਮਾ।

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

**1. ਰਿਨੁਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**

**2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**

**3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।**

# ਭਾਦੁਇ
# ਸੰਗਰਾਂਦ - ਅਗਸਤ 17 (ਦਿਨ ਵੀਰਵਾਰ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ।।*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ।।*
*ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ।।*
*ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ।।*
*ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ।।*
*ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ।।*
*ਜੇਹਾ ਬੀਜੈ ਸੁ ਲੁਣੈ ਕਰਮਾ ਸੰਦੜਾ ਖੇਤੁ।।*
*ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ।।*
*ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣਵਾਲਾ ਹੇਤੁ।।*
*ਅੰਗ - ੧੩੪*

ਸਾਵਣ ਝੜੀਆਂ ਲਾਉਂਦਾ, ਠੰਢਾਂ ਵੰਡਦਾ, ਰਸ, ਰੰਗ ਵਿਚ ਰੱਤੇ ਕਰਨ ਵਾਲਾ ਆਪਣੀ ਚਾਲ ਪਿਆ, ਆਪਣਾ ਦ੍ਰਿਸ਼ ਦਿਖਾ ਕੇ ਸਮੇਂ ਦੇ ਪੜਦੇ ਓਹਲੇ ਛੁਪ ਗਿਆ। ਹੁਣ ਵਾਰੀ ਆਈ - ਭਾਦੋਂ ਦੇ ਮਹੀਨੇ ਦੀ ਜਿਸ ਵਿਚ ਹੁੱਸੜ ਪੈਂਦੇ ਹਨ ਅਤੇ ਗਰਮੀ ਵਧ ਜਾਂਦੀ ਹੈ, ਦਮ ਘੁਟਦਾ ਹੈ, ਚਲਦੇ ਰਾਹੀ ਦਰਖਤਾਂ ਦੀ ਸੰਘਣੀ ਛਾਂ ਹੇਠ ਬੈਠ ਕੇ ਹਵਾ ਦੀ ਆਸ ਰਖਦੇ ਹਨ। ਅਨੇਕ ਜੀਵ - ਸੱਪ, ਬਿੱਛੂ, ਕੀੜੇ-ਮਕੌੜੇ ਧਰਤੀ ਦੇ ਹੁੱਸੜ ਵਿਚੋਂ ਬਾਹਰ ਆ ਕੇ ਠੰਢਕ ਦੀ ਆਸ ਰਖਦੇ ਹਨ। ਮੀਂਹ ਆਉਂਦੇ ਹਨ - ਛਰਾਟਿਆਂ ਦੇ ਰੂਪ ਵਿਚ; ਹਵਾ ਬੰਦ ਹੋ ਜਾਂਦੀ ਹੈ, ਮੀਂਹ ਤੋਂ ਬਾਦ ਵੱਟ ਪੈ ਜਾਂਦਾ ਹੈ; ਮੀਂਹ ਦੀ ਠੰਢਕ ਮਹਿਸੂਸ ਨਹੀਂ ਹੁੰਦੀ। ਉਹ ਸਾਵਣ ਹੀ ਸੀ ਜਿਸ ਵਿਚ ਮੀਂਹ ਦੇ ਨਾਲ ਠੰਢੀ ਹਵਾ ਵੀ ਰੁਮਕਦੀ ਸੀ। ਪ੍ਰਭੂ ਦੇ ਪਿਆਰ ਨੂੰ ਭੁੱਲ ਕੇ ਮਾਇਆ ਦੇ ਪਿਆਰ ਵਿਚ ਇਹ ਜੀਵ ਗੁਲਤਾਨ ਹੋ ਗਿਆ। ਅੰਦਰਲਾ ਗਿਆਨ ਅਲੋਪ ਹੋ ਗਿਆ। ਮਾਇਆ ਦੇ ਰਸਾਂ ਵਿਚ ਉਲਝ ਗਿਆ ਅਤੇ ਭਰਮ ਵਿਚ ਪੈ ਕੇ ਪ੍ਰਮ ਤੱਤ ਤੋਂ ਅਸੂਝ ਹੋ ਗਿਆ। ਭੇਦ ਭਰਮ ਨੇ ਪੈਦਾ ਹੋ ਕੇ ਇਸ ਅਖੰਡ ਜੋਤ ਤੋਂ ਆਪਣੇ ਆਪ ਨੂੰ ਵਖਰਾ ਸਮਝ ਲਿਆ ਜਿਵੇਂ ਸੂਰਜ, ਚੰਦਰਮਾ, ਗਗਨ ਵਿਚ ਚਮਕ ਰਹੇ ਹਨ। ਉਨ੍ਹਾਂ ਦਾ ਪਰਛਾਵਾਂ ਪਾਣੀ ਨਾਲ ਭਰੇ ਬਰਤਨਾਂ ਵਿਚ ਪੈ ਰਿਹਾ ਹੈ। ਉਸ ਬਿੰਬ ਦਾ ਪ੍ਰਤੀਬਿੰਬ, ਬਿੰਬ ਨਾਲੋਂ ਵਖਰਾ ਪ੍ਰਤੀਤ ਦਿੰਦਾ ਹੈ। ਪਾਣੀ ਹਿਲਦਾ ਹੈ ਤਾਂ ਪਰਛਾਵੇਂ ਦਾ ਚੰਦਰਮਾ ਤੇ ਸੂਰਜ ਵੀ ਹਿਲਦੇ ਨਜ਼ਰ ਆਉਂਦੇ ਹਨ ਪਰ ਸੂਰਜ ਤੇ ਚੰਦਰਮਾ ਆਪਣੀ ਥਾਂ ਤੇ ਅਡੋਲ ਹਨ, ਉਨ੍ਹਾਂ ਦੇ ਅੰਦਰ ਕੋਈ ਲਹਿਰਾਓ ਨਹੀਂ; ਇਹ ਹਿਲ-ਜੁਲ ਪ੍ਰਤੀਤ ਦੇ ਰਹੀ ਹੈ ਕੇਵਲ ਪ੍ਰਤੀਬਿੰਬ ਵਿਚ। ਇਸੇ ਤਰ੍ਹਾਂ ਨਾਲ ਪ੍ਰਮ ਚੇਤਨ ਜੋਤ ਆਪਣਾ ਖੇਲ੍ਹ ਕਰ ਰਹੀ ਹੈ, ਉਸਦਾ ਪ੍ਰਤੀਬਿੰਬ ਅਸਾਡੇ ਅੰਤਸ਼ਕਰਣ ਵਿਚ ਪੈ ਰਿਹਾ ਹੈ ਅਤੇ ਹਉਮੈ ਦੀ ਵਲਗਣ ਵਿਚ ਇਕ ਵਖਰੀ ਹੋਸ਼ ਅਸਾਡੇ ਵਿਚ ਪੈਦਾ ਹੋ ਗਈ ਜਿਸ ਨੂੰ ਹਉਮੈ ਦੀ ਸੁਰਤ ਆਖਿਆ ਜਾਂਦਾ ਹੈ ਜਿਸ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਭੋਲਿਆ ਹਉਮੈ ਸੁਰਤਿ ਵਿਸਾਰਿ।।*
*ਹਉਮੈ ਮਾਰਿ ਬੀਚਾਰਿ ਮਨ*
*ਗੁਣ ਵਿਚਿ ਗੁਣੁ ਲੈ ਸਾਰਿ।।*
*ਅੰਗ - ੧੧੬੮*

ਇਸੇ ਤਰ੍ਹਾਂ ਨਾਲ ਕਰਤੱਤਵ ਕਰਮ ਦਾ ਭਰਮ ਪੈ ਗਿਆ। ਦੁਖ-ਸੁਖ, ਖੁਸ਼ੀ-ਗਮੀ, ਆਪਣਾ-ਪਰਾਇਆ, ਜਾਤ-ਜਨਮ, ਦੇਸ-ਪ੍ਰਦੇਸ, ਆਪਣੇ-ਬੇਗਾਨੇ ਉਸ ਸੁਰਤ ਵਿਚੋਂ ਦਿਸਣ ਲਗ ਗਏ ਅਤੇ ਭਰਮ ਵਿਚ ਪਿਆ ਇਹ ਬਿਲਕੁਲ ਅਗਿਆਨਤਾ ਦੇ ਅੰਨ੍ਹੇ ਖੂਹ ਵਿਚ ਗਿਰ ਕੇ ਬੇ-ਵਸ ਹੋ ਕੇ ਰੋਂਦਾ ਕੁਰਲਾਉਂਦਾ ਹੈ। ਇਸ ਦਾ ਪਿਆਰ ਉਨ੍ਹਾਂ ਚੀਜ਼ਾਂ ਨਾਲ ਹੋ ਗਿਆ ਜਿਹੜੀਆਂ ਸੰਜੋਗ ਨਾਲ ਪ੍ਰਾਪਤ ਹੁੰਦੀਆਂ ਹਨ ਅਤੇ ਵਿਜੋਗ ਦੇ ਵੱਸ ਹੋ ਕੇ ਵਿਛੁੜ ਜਾਇਆ ਕਰਦੀਆਂ ਹਨ। ਇਹ ਜਾਦੂ ਦਾ ਜਾਲ, ਜਾਦੂ ਦੇ ਮਿਲਾਪ

ਤੇ ਵਿਛੋੜੇ ਇਸ ਦੇ ਮਨ ਵਿਚ ਹਿਤ ਤੇ ਅਹਿਤ ਪੈਦਾ ਕਰ ਰਹੇ ਹਨ। ਕੁਝ ਚੀਜ਼ਾਂ ਨਾਲ ਰਾਗ ਹੋ ਗਿਆ ਅਤੇ ਕੁਝ ਚੀਜ਼ਾਂ ਨਾਲ ਦ੍ਵੈਸ਼ ਹੋ ਗਈ। ਵਾਹਿਗੁਰੂ ਨੂੰ ਛੱਡ ਕੇ, ਜੋ ਇਸ ਦੇ ਸਦਾ ਹੀ ਸੰਗ ਸਹਾਈ ਰਹਿੰਦਾ ਹੈ, ਉਨ੍ਹਾਂ ਚੀਜ਼ਾਂ ਨਾਲ ਇਸ ਦਾ ਪਿਆਰ ਪੈ ਗਿਆ ਜੋ ਇਸ ਨੂੰ ਜਨਮ ਮਰਨ ਦੀਆਂ ਘੁਮੇਟਣੀਆਂ ਵਿਚ ਦੁਖੀ ਕਰਦੀਆਂ ਹਨ -

***ਸੰਗਿ ਸਹਾਈ ਸੁ ਆਵੈ ਨ ਚੀਤਿ॥***
***ਜੋ ਬੈਰਾਈ ਤਾ ਸਿਉ ਪ੍ਰੀਤਿ॥***

***ਅੰਗ- ੨੬੭***

ਮਹਾਰਾਜ ਜੀ ਨੇ ਭਾਦੋਂ ਦੇ ਮਹੀਨੇ ਵਿਚ ਇਸ ਭੁੱਲੜ ਜੀਵ ਨੂੰ ਪ੍ਰਗਟ ਕਰਦਿਆਂ ਫੁਰਮਾਨ ਕੀਤਾ ਹੈ ਕਿ ਐ ਜੀਵ! ਤੂੰ ਉਨ੍ਹਾਂ ਚੀਜ਼ਾਂ ਵਿਚ ਪਰਚ ਗਿਆ ਹੈਂ ਜਿਨ੍ਹਾਂ ਨੇ ਤੇਰੇ ਨਾਲ ਨਹੀਂ ਨਿਭਣਾ। ਤੈਨੂੰ ਚਾਹੀਦਾ ਤਾਂ ਸੀ ਕਿ ਤੂੰ ਉਹ ਸ਼ਿੰਗਾਰ ਬਣਾਉਂਦਾ ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਤੈਨੂੰ ਏਕੰਕਾਰ ਜੀ ਦਾ ਸੱਚਾ-ਸੁੱਚਾ ਪਿਆਰ ਪ੍ਰਾਪਤ ਹੁੰਦਾ -

***ਭੈ ਕੀਆ ਦੇਹਿ ਸਲਾਈਆ ਨੈਣੀ***
***ਭਾਵ ਕਾ ਕਰਿ ਸੀਗਾਰੋ॥ ਅੰਗ - ੭੨੨***

ਪਰ ਇਸ ਦੇ ਵਿਪਰੀਤ ਤੂੰ ਆਪਣੇ ਚੋਲੇ ਨੂੰ ਮਾਇਆ ਦੇ ਬਦਬੂਦਾਰ ਕੋਹਝੇ ਰੰਗ ਵਿਚ ਰੰਗ ਲਿਆ। ਹੁਣ ਦੱਸ, ਐਨੀ ਬਦਬੂ ਵਾਲੇ ਨੂੰ ਕੌਣ ਨੇੜੇ ਆਉਣ ਦੇਵੇ ਕਿਉਂਕਿ ਉਸ ਸੱਚੇ ਕੰਤ ਨੂੰ ਕਾਮ, ਕ੍ਰੋਧ, ਲੋਭ, ਮੋਹ, ਈਰਖਾ, ਨਿੰਦਿਆ, ਚੁਗਲੀ, ਆਸਾ, ਤ੍ਰਿਸ਼ਨਾ, ਅੰਦੇਸਾ, ਡਰ, ਬੇ-ਪ੍ਰਤੀਤੀ ਦੇ ਭੱਦੇ ਅਤੇ ਬਦਬੂਦਾਰ ਰੰਗਾਂ ਵਿਚ ਰੰਗਿਆ ਚੋਲਾ ਕਿਵੇਂ ਭਾਵੇ?

***ਇਹੁ ਤਨੁ ਮਾਇਆ ਪਾਹਿਆ ਪਿਆਰੇ***
***ਲੀਤੜਾ ਲਬਿ ਰੰਗਾਏ॥***
***ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ***
***ਕਿਉ ਧਨ ਸੇਜੈ ਜਾਏ॥***

***ਅੰਗ - ੭੨੧***

ਸੋ ਜਿਨ੍ਹਾਂ ਸ਼ਿੰਗਾਰਾਂ ਨਾਲ ਆਪਣੀ ਦੇਹੀ ਨੂੰ ਸ਼ਿੰਗਾਰਦਾ ਹੈ - ਵਧੀਆ ਤੋਂ ਵਧੀਆ ਪਾਊਡਰ ਆਦਿ ਵਰਤ ਕੇ, ਸੋਹਣੇ ਤੋਂ ਸੋਹਣੇ ਕਪੜੇ ਪਹਿਨ ਕੇ, ਹੋਰ ਅਨੇਕਾਂ ਸ਼ਿੰਗਾਰ ਲਾ ਕੇ, ਪਰ ਪਿਆਰਿਆ! ਤੂੰ ਆਪਣੇ ਅੰਤਸ਼ਕਰਣ ਨੂੰ ਨਾ ਸ਼ਿੰਗਾਰਿਆ, ਉਸਨੂੰ ਸ਼ੁੱਧ ਨਾ ਕੀਤਾ; ਉਸਨੂੰ ਨਾਮ ਦਾ ਸਾਬਣ ਲਾ ਕੇ ਸਾਫ ਨਾ ਕੀਤਾ ਤਾਂ ਫੇਰ ਦੱਸ ਇਨ੍ਹਾਂ ਬਦਬੂਦਾਰ ਸ਼ਿੰਗਾਰਾਂ ਨੂੰ ਦੇਖ ਕੇ ਤਾਂ ਪ੍ਰਭੂ ਨੇ ਆਪਣਾ ਪਿਆਰ ਤੈਨੂੰ ਨਹੀਂ ਬਖਸ਼ ਦੇਣਾ! ਇਸ ਦੀ ਥਾਂ ਇਸ ਸ਼ਿੰਗਾਰੀ ਦੇਹ ਨੇ ਇਕ ਰਸ ਨਹੀਂ ਰਹਿਣਾ, ਇਹਦੇ ਵਿਚ ਤਿੰਨ ਰੰਗ ਅਵੱਸ਼ ਆਉਂਦੇ ਹਨ -

***ਬਾਲ ਜੁਆਨੀ ਅਰੁ ਬਿਰਧਿ ਫੁਨਿ***
***ਤੀਨਿ ਅਵਸਥਾ ਜਾਨਿ॥ ਅੰਗ - ੧੪੨੮***

ਤੇ ਚੌਥੀ ਅਵਸਥਾ ਇਸ ਦੇ ਬਿਨਸਣ ਦੀ ਹੁੰਦੀ ਹੈ। ਇਹ ਬਿਨਸਿਆ ਹੋਇਆ ਬਡਰੂਪ ਹੋ ਜਾਂਦਾ ਹੈ ਅਤੇ ਪ੍ਰੇਤ ਕਹਾਉਂਦਾ ਹੈ। ਕਰਮਾਂ ਦਾ ਫਲ ਦੇਣ ਵਾਲੀਆਂ ਸ਼ਕਤੀਆਂ, ਗੁਪਤ ਤਾਕਤਾਂ, ਅਵਿਅਕਤ ਰੂਪ ਵਿਚ ਆ ਕੇ ਇਸ ਭੁੱਲੜ ਜੀਵ-ਆਤਮਾ ਨੂੰ ਗ੍ਰਸ ਲੈਂਦੀਆਂ ਹਨ। ਰੋਂਦਾ-ਕੁਰਲਾਂਦਾ ਪਰਲੋਕ ਨੂੰ ਜਾਂਦਾ ਹੈ -

***ਬਾਰਿ ਵਿਡਾਨੜੈ ਹੁੰਮਸ ਧੁੰਮਸ***
***ਕੂਕਾ ਪਈਆ ਰਾਹੀ॥ ਅੰਗ- ੫੨੦***

ਜਿਨ੍ਹਾਂ ਦੇ ਵਾਸਤੇ ਸਾਰਾ ਜੀਵਨ ਬਰਬਾਦ ਕਰ ਦਿਤਾ ਅਤੇ ਗਲਤੀ ਨਾਲ ਇਸ ਗੱਲ ਵਿਚ ਪਰਚਿਆ ਰਿਹਾ ਕਿ ਮੈਂ ਆਪਣਾ ਹਲਤ ਸਵਾਰਨਾ ਹੈ, ਪੈਸੇ ਇਕੱਠੇ ਕਰਨੇ ਹਨ, ਕੋਠੀਆਂ, ਦੁਕਾਨਾਂ, ਇੰਡਸਟਰੀਆਂ ਤੇ ਜ਼ਮੀਨਾਂ ਬਣਾਉਣੀਆਂ ਹਨ। ਮਾਇਆ, ਪਾਪਾਂ ਬਾਝਹੁ ਹੱਥ ਨਹੀਂ ਆਉਂਦੀ। ਸੋ ਬਹੁ ਪਰਪੰਚ ਕਰਕੇ ਧਨ ਇਕੱਠਾ ਕਰਦਾ ਰਿਹਾ ਅਤੇ ਹਲਤ ਵਿਚ ਪਰਚਿਆ ਰਿਹਾ, ਹਲਤ ਨੂੰ ਸੰਵਾਰਦਾ ਰਿਹਾ। ਇਸ ਨੂੰ ਸੋਝੀ ਨਹੀਂ ਸੀ ਕਿ ਮੈਂ ਇਸ ਸੰਸਾਰ ਵਿਚ ਰਹਿੰਦਾ ਹੋਇਆ ਪਰਲੋਕ ਨੂੰ ਸ਼ਿੰਗਾਰ ਲਵਾਂ ਜਿਥੇ ਜਾ ਕੇ ਮੈਂ ਰਹਿਣਾ ਤੇ ਵਸਣਾ ਹੈ। ਮੂਰਖ ਹੋ ਕੇ ਦੁਨੀਆਂ ਵਿਚ ਉਲਝਿਆ ਰਿਹਾ ਪਰ ਜੇ ਇਹ ਪਰਲੋਕ ਨੂੰ ਸੰਵਾਰ ਲੈਂਦਾ ਤਾਂ ਇਥੋਂ ਜਾਣ ਵੇਲੇ ਇਸ ਨੂੰ ਮੌਤ ਵਰਗੀ ਭਿਆਨਕ ਘਟਨਾ ਤੋਂ ਬਿਲਕੁਲ ਡਰ ਨਾ ਲਗਦਾ ਕਿਉਂਕਿ ਉਸਨੇ ਪਹਿਲਾਂ ਹੀ ਆਪਣਾ ਪ੍ਰਲੋਕ ਰਾਸ ਕਰ ਲਿਆ ਸੀ।

ਇਕ ਸਾਖੀ ਆਉਂਦੀ ਹੈ ਕਿ ਇਕ ਰਾਜ ਵਿਚ ਪਬਲਿਕ ਨੇ ਇਹ ਕਾਨੂੰਨ ਬਣਾ ਦਿਤਾ ਸੀ ਕਿ ਕੋਈ ਭੀ ਰਾਜਾ ਵੀਹ ਸਾਲ ਤੋਂ ਵੱਧ ਤਖਤ ਤੇ ਨਹੀਂ ਬੈਠ ਸਕਦਾ। ਵੀਹ ਸਾਲ ਪਿਛੋਂ ਉਸਨੂੰ ਤਖਤ ਤੋਂ ਉਤਾਰ ਕੇ ਦੂਜਾ ਰਾਜਾ ਉਸ ਦੀ ਥਾਂ ਥਾਪ ਦਿਤਾ ਜਾਂਦਾ ਅਤੇ ਪਹਿਲੇ ਰਾਜੇ ਨੂੰ, ਜਿਸਨੇ ਰਾਜ ਸੁਖਾਂ ਦਾ ਅਨੰਦ ਮਾਣਿਆ, ਵਿਸ਼ੇ ਭੋਗਾਂ ਦੇ ਫਿਕੇ ਰਸਾਂ ਵਿਚ ਗੁਲਤਾਨ ਰਿਹਾ, ਵਿਸ਼ੇ ਵਿਕਾਰਾਂ ਦੀ ਹਨੇਰ੍ਹੀ ਵਿਚ ਰੁਲਿਆ ਰਿਹਾ; ਹੁਣ ਜਦ ਉਸਨੂੰ ਨਿਰਜਨ ਟਾਪੂ ਵਿਚ ਭੇਜਣ ਲਈ ship (ਸਮੁੰਦਰੀ ਜਹਾਜ਼) ਵਿਚ ਬਿਠਾ ਰਹੇ ਹਨ ਤਾਂ ਉਹ ਰੋਂਦਾ-ਕੁਰਲਾਉਂਦਾ ਹੈ ਕਿ ਉਥੇ ਤਾਂ ਨਿਰਜਨ ਵਣ ਹੈ, ਕੁਝ ਖਾਣ ਪੀਣ ਨੂੰ ਨਹੀਂ ਮਿਲਦਾ, ਫੁਲ ਵਿਹੂਣੇ ਬ੍ਰਿਛ ਹਨ, ਵੱਡੇ-ਵੱਡੇ ਜੰਗਲੀ ਜਾਨਵਰਾਂ ਨਾਲ ਭਰੇ ਪਏ ਹਨ, ਮੈਂ ਕਿਥੇ ਬੈਠਾਂਗਾ, ਕਿਥੇ ਸੌਂਵਾਂਗਾ: ਮੇਰੀ ਰਾਖੀ ਐਥੇ ਤਾਂ body guard (ਅੰਗ ਰਖਸ਼ਕ) ਕਰਦੇ ਸਨ, ਹੁਣ ਮੇਰੀ ਰਾਖੀ ਕੌਣ ਕਰੇਗਾ, ਕੋਈ ਸ਼ਸ਼ਤਰ ਵੀ ਤੁਸੀਂ ਮੈਨੂੰ ਲਿਜਾਣ ਨਹੀਂ ਦਿੰਦੇ; ਉਥੇ ਨਾਲ ਲਿਜਾਣ ਲਈ ਕੁਝ ਵੀ ਪੱਲੇ ਨਹੀਂ ਬੰਨ੍ਹਣ ਦਿੰਦੇ। ਹਾਇ! ਮੇਰੇ ਮੰਦੇ ਭਾਗ, ਮੈਂ ਪਹਿਲਾਂ ਕਿਉਂ ਨਾ ਸੋਚਿਆ। ਜੇ ਮੈਂ ਪਹਿਲਾਂ ਧਿਆਨ ਦਿਤਾ ਹੁੰਦਾ ਤਾਂ ਮੈਂ ਜ਼ਰੂਰ

ਕੋਈ ਉਪਰਾਲਾ ਕਰਦਾ, ਕੁਝ ਸੋਚਦਾ, ਉਸ ਅਸਥਾਨ ਨੂੰ ਸ਼ਿੰਗਾਰਦਾ, ਜਿਥੇ ਜਾ ਕੇ ਅੰਤਲੀ ਘੜੀ ਤਕ ਰਹਿਣਾ ਸੀ। ਸੋ ਇਸ ਤਰ੍ਹਾਂ ਰੋਂਦੇ-ਕੁਰਲਾਂਦੇ ਨੂੰ ਉਸ ਨਿਰਜਨ ਟਾਪੂ ਵਿਚ ਲਿਜਾ ਕੇ ਛੱਡ ਦਿਤਾ। ਉਥੇ ਤੜਫ-ਤੜਫ ਕੇ, ਭੁੱਖਾ, ਪਿਆਸਾ ਰਹਿ ਕੇ ਕਿਸੇ ਨਾ ਕਿਸੇ ਜੰਗਲੀ ਜਾਨਵਰ ਦੀ ਖੁਰਾਕ ਬਣ ਜਾਂਦਾ। ਉਸ ਦੀ ਥਾਂ ਦੂਸਰਾ ਰਾਜਾ ਬਣਾ ਲਿਆ ਜਾਂਦਾ।

ਇਕ ਰਾਜਾ ਜਦੋਂ ਤਖਤ ਤੇ ਬੈਠਾ ਤਾਂ ਉਸਨੇ ਜਿਥੇ ਤਖਤ ਤੋਂ ਲਹਿ ਕੇ ਜਾਣਾ ਸੀ, ਉਸ ਬਾਰੇ ਪੂਰੀ ਵਾਕਫੀਅਤ ਹਾਸਲ ਕੀਤੀ ਅਤੇ ਆਪਣੇ ਰਾਜ ਦੇ ਸਮੇਂ ਵਿਚ ਹੀ ਵੱਡੇ-ਵੱਡੇ ਲਾਇਕ ਇੰਜਨੀਅਰ ਭੇਜ ਕੇ ਉਸ ਨਿਰਜਨ ਵਣ ਨੂੰ ਅਜਿਹਾ ਸ਼ਿੰਗਾਰਿਆ ਕਿ ਉਸ ਨੂੰ ਵੇਖ ਕੇ ਯਾਤਰੀ ਬਹੁਤ ਹੀ ਆਕਰਸ਼ਿਤ ਹੁੰਦੇ। ਭਵਨਾਂ ਦਾ ਨਿਰਮਾਣ ਕਰ ਦਿਤਾ, ਕਿਤੇ ਵੱਡੇ-ਵੱਡੇ ਸੋਹਣੇ ਪਾਰਕ, ਕਿਤੇ ਠੰਢ ਦੇਣ ਵਾਲੇ ਵੱਡੇ ਫੁਹਾਰੇ, ਕਿਤੇ ਫਲ ਦੇਣਹਾਰੇ ਅਨੇਕ ਕਿਸਮ ਦੇ ਬ੍ਰਿਛ ਲਗਵਾ ਦਿਤੇ, ਖੇਤੀਬਾੜੀ ਲਈ ਜ਼ਮੀਨਾਂ, ਪੱਧਰ ਕਰਾ ਦਿਤੀਆਂ ਅਤੇ ਆਪਣੇ ਮਿਤਰਾਂ, ਸਹਿਯੋਗੀਆਂ, ਸੂਝਵਾਨ ਵਿਅਕਤੀਆਂ ਨੂੰ ਇਕ ਬਹੁਤ ਹੀ ਸੁੰਦਰ ਸ਼ਹਿਰ ਬਣਾ ਕੇ ਕੋਠੀਆਂ ਦੇ ਦਿਤੀਆਂ, ਪੜ੍ਹਾਈ ਕਰਨ ਲਈ ਉਚ ਕੋਟੀ ਦੀ ਯੂਨੀਵਰਸਿਟੀ ਸਥਾਪਿਤ ਕਰ ਦਿਤੀ। ਹਰ ਕਿਸੇ ਦਾ ਜੀਅ ਕਰੇ ਕਿ ਜਾ ਕੇ ਉਸ ਪੁਰਾਣੇ ਨਿਰਜਨ ਵਣ ਵਿਚ ਵਸਣਾ ਸ਼ੁਰੂ ਕਰ ਦੇਵੇ। ਦੂਰ-ਦਰਾਜ਼ ਤੋਂ ਸਾਰੀ ਦੁਨੀਆਂ ਦੇ ਲੋਕ ਉਸ ਆਕਰਸ਼ਕ ਟਾਪੂ ਨੂੰ ਦੇਖਣ ਆਉਂਦੇ ਅਤੇ ਅਜਿਹਾ ਦ੍ਰਿਸ਼ ਦੇਖ ਕੇ ਮੋਹਿਤ ਹੁੰਦੇ। ਉਨ੍ਹਾਂ ਦਾ ਜੀਅ ਕਰਦਾ ਕਿ ਉਥੇ ਹੀ ਰਿਹਾਇਸ਼ ਕਰ ਲਈ ਜਾਵੇ। ਵੀਹ ਸਾਲ ਦੇ ਅੰਦਰ ਇਕ ਬੈਕੁੰਠ ਪੁਰੀ ਬਣਾ ਦਿਤੀ। ਖਰਚਾਂ ਲਈ ਮਾਇਆ ਜਮ੍ਹਾਂ ਕਰਾ ਦਿਤੀ, ਬੈਂਕ ਭਰ ਦਿਤੇ - ਕਿਤੇ ਤੋਟਾ ਨਾ ਆਵੇ। ਜਦੋਂ ਰਾਜੇ ਦੇ ਦੋ ਮਹੀਨੇ ਆਪਣੇ ਜਾਣ ਤੋਂ ਪਹਿਲਾਂ ਰਹਿੰਦੇ ਸਨ ਤਾਂ ਉਸ ਨੇ ਆਪਣੀ ਪ੍ਰਜਾ ਨੂੰ ਕਿਹਾ ਕਿ ਤੁਸੀਂ ਮੈਨੂੰ ਛੁੱਟੀ ਦੇਵੋ ਅਤੇ ਆਪਣਾ ਨਵਾਂ ਰਾਜਾ ਚੁਣ ਲਵੋ।

ਪਬਲਿਕ ਬਹੁਤ ਸਿਆਣੀ ਸੀ, ਉਨ੍ਹਾਂ ਨੇ ਕਿਹਾ ਕਿ ਮਹਾਰਾਜ! ਹੁਣ ਆਪ ਨੂੰ ਤਖਤ ਛੱਡਣ ਦੀ ਲੋੜ ਨਹੀਂ। ਤੁਹਾਡੇ ਵਰਗਾ ਰਾਜਾ ਅਸਾਨੂੰ ਵੀ ਨਹੀਂ ਮਿਲਣਾ, ਤੁਸੀਂ ਏਥੇ ਹੀ ਰਹੋ। ਪਰ ਉਹ ਰਾਜਾ ਉਥੇ ਜਾਣ ਵਿਚ ਬਹੁਤ ਹੀ ਖੁਸ਼ੀ ਮਹਿਸੂਸ ਕਰ ਰਿਹਾ ਸੀ।

ਹੁਣ ਤੁਸੀਂ ਆਪ ਹੀ ਸੋਚੋ ਕਿ ਉਸ ਰਾਜੇ ਨੇ ਇਸ ਰਾਜ ਵਿਚ ਰਹਿੰਦਿਆਂ, ਜਿਥੇ ਜਾ ਕੇ ਰਹਿਣਾ-ਵਸਣਾ ਸੀ, ਸੰਵਾਰ ਲਿਆ। ਇਸੇ ਤਰ੍ਹਾਂ ਜਿਨ੍ਹਾਂ ਨੂੰ ਜੀਵਨ ਜੁਗਤੀ ਦੀ ਸੋਝੀ ਹੋ ਗਈ ਹੈ, ਉਹ ਆਪਣਾ ਪਰਲੋਕ ਸ਼ੁੱਧ ਕਰਦੇ ਹਨ, ਜਿਥੇ ਜਾ ਕੇ ਉਨ੍ਹਾਂ ਦਾ ਆਦਰ ਸਤਿਕਾਰ ਹੋਣਾ ਹੈ। ਉਨ੍ਹਾਂ ਨੂੰ ਇਹ ਜਗਤ ਛੱਡਣ ਵੇਲੇ ਕੋਈ ਦੁਖ ਨਹੀਂ ਹੋਇਆ ਕਰਦਾ, ਸਗਵਾਂ ਖੁਸ਼ੀ ਮਹਿਸੂਸ ਹੁੰਦੀ ਹੈ। ਇਸ ਥਾਂ ਦੇ ਲੋਕ ਵੀ ਉਸ ਦੇ ਪਿਆਰ ਵਿਚ ਸਦੀਆਂ ਲੰਘ ਜਾਣ ਤੋਂ ਪਿਛੋਂ ਨਹੀਂ ਭੁਲਦੇ, ਉਸਦੀਆਂ ਬਰਸੀਆਂ ਮਨਾਉਂਦੇ ਹਨ, ਯਾਦਾਂ ਮਨਾਉਂਦੇ ਹਨ, ਉਪਦੇਸ਼ਾਂ ਨੂੰ ਇਕੱਠੇ ਕਰਕੇ ਮਾਰਗ ਢੂੰਡਦੇ ਹਨ। ਉਹ ਇਥੇ ਭੀ ਖੁਸ਼ ਹਨ ਅਤੇ ਅੱਗੇ ਵੀ ਖੁਸ਼ੀ-ਖੁਸ਼ੀ ਜਾ ਰਹਿੰਦੇ ਹਨ -

***ਕਬੀਰ ਜਿਸੁ ਮਰਨੇ ਤੇ ਜਗੁ ਡਰੈ***
***ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***

***ਅੰਗ - ੧੩੬੫***

***ਕਬੀਰ ਜਾ ਤੂੰ ਜਨਮਿਆ ਜਗ ਮਹਿ***
***ਜਗ ਹਸੈ ਤੂੰ ਰੋਇ॥***
***ਐਸੀ ਕਰਨੀ ਕਰ ਚਲਉ ਪਿਆਰੇ***
***ਤੂੰ ਹਸੈ ਜਗ ਰੋਇ॥***

ਸੋ ਇਹ ਇਕ ਦ੍ਰਿਸ਼ਟਾਂਤ ਹੈ - ਗੱਲ ਨੂੰ ਭਲੀਭਾਂਤ ਸਮਝ ਵਿਚ ਲਿਆਉਣ ਲਈ, ਜੋ ਇਸ ਮਹੀਨੇ ਵਿਚ ਗੁਰੂ ਮਹਾਰਾਜ ਜੀ ਨੇ ਦੱਸਿਆ ਹੈ। ਇਹ ਜੀਵਨ ਦੇ ਦੋਏ ਪੱਖ ਹਨ। ਭਾਦੋਂ ਦੇ ਮਹੀਨੇ ਵਿਚ ਉਨ੍ਹਾਂ ਮੰਦ ਭਾਗੀਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਸੰਸਾਰ ਵਿਚ ਆ ਕੇ 'ਆਹ ਜਗ ਮਿੱਠਾ ਅਗਲਾ ਕਿਨ ਡਿੱਠਾ' ਦੇ ਧੁੰਧਲੇ ਖਿਆਲ ਅਨੁਸਾਰ ਆਪਣਾ ਜੀਵਨ ਨਸ਼ਟ ਕਰ ਲਿਆ। ਉਸ ਦਾ ਸੰਸਾਰ ਤੇ ਆਉਣ ਦਾ ਪ੍ਰਮ ਮਨੋਰਥ ਪ੍ਰਭੂ ਪ੍ਰਾਪਤੀ ਸੀ -

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥***
***ਇਸ ਦੇਹੀ ਕਉ ਸਿਮਰਹਿ ਦੇਵ॥***
***ਸੋ ਦੇਹੀ ਭਜੁ ਹਰਿ ਕੀ ਸੇਵ॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ॥***
***ਮਾਨਸ ਜਨਮ ਕਾ ਏਹੀ ਲਾਹੁ॥***

***ਅੰਗ - ੧੧੫੯***

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***

***ਅੰਗ - ੧੨***

ਪਰ ਇਸਦੀ ਥਾਂ, ਭਰਮ ਵਿਚ ਭੁੱਲ ਕੇ ਮਾਇਆ ਨਾਲ ਹੇਤ ਲਾ ਲਿਆ। ਮਾਇਆ ਦੇ ਪਿਆਰ ਵਿਚ ਦੁਖ ਹੀ ਦੁਖ ਹੁੰਦਾ ਹੈ, ਸੁਖ ਦਾ ਨਾਮ ਨਿਸ਼ਾਨ ਨਹੀਂ ਹੁੰਦਾ। ਜਿਵੇਂ ਰੇਤੇ ਵਿਚੋਂ ਤੇਲ ਨਹੀਂ ਨਿਕਲਿਆ ਕਰਦਾ, ਇਵੇਂ ਮਾਇਕ ਪਦਾਰਥਾਂ ਵਿਚੋਂ ਕਦੇ ਵੀ ਸੁਖ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ।

ਭਾਦੋਂ ਦੇ ਮਹੀਨੇ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥*
*ਜਿਤੁ ਦਿਨਿ ਦੇਹ ਬਿਨਸਸੀ*
*ਤਿਤੁ ਵੇਲੈ ਕਹਸਨਿ ਪ੍ਰੇਤੁ॥*
*ਪਕੜਿ ਚਲਾਇਨਿ ਦੂਤ ਜਮ*
*ਕਿਸੈ ਨ ਦੇਨੀ ਭੇਤੁ॥*
*ਛਡਿ ਖੜੋਤੇ ਖਿਨੈ ਮਾਹਿ*
*ਜਿਨ ਸਿਉ ਲਗਾ ਹੇਤੁ॥*
*ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥*
*ਅੰਗ - ੧੩੪*

ਸੋ ਇਹ ਜੀਵ ਐਨਾ ਭੁੱਲਿਆ ਕਿ ਇਸ ਨੂੰ ਇਹ ਭੁੱਲ ਹੀ ਗਿਆ ਕਿ ਮੈਂ ਇਸ ਸੰਸਾਰ ਵਿਚੋਂ ਜਾਣਾ ਹੈ, ਭੁੱਲ ਗਿਆ ਵਾਹਿਗੁਰੂ ਜੀ ਦੀ ਕੁਦਰਤ ਨੂੰ, ਅਟੱਲ ਨਿਯਮ ਨੂੰ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*
*ਅੰਗ - ੧੩੫*

ਇਹ ਤਾਂ ਆਮ ਅਸੂਲ ਹੈ ਕਿ ਜ਼ਮੀਨ ਦੇ ਵਿਚ ਜੇ ਅਸੀਂ ਕਿੱਕਰਾਂ ਬੀਜੀਏ ਤੇ ਕਿੱਕਰਾਂ ਤੋਂ ਅੰਗੂਰ ਪ੍ਰਾਪਤ ਕਰਨ ਦੀ ਆਸ ਰੱਖੀਏ। ਸਾਰਾ ਸਾਲ ਉੱਨ ਦੀ ਕਤਾਈ ਕੀਤੀ ਜਾਵੇ ਤੇ ਮਨ ਵਿਚ ਲੋਚਾ ਰੱਖੀ ਜਾਵੇ ਕਿ ਰੇਸ਼ਮ ਪਹਿਨਾਂਗੇ; ਇਹ ਕਿਸ ਤਰ੍ਹਾਂ ਹੋ ਸਕਦਾ ਹੈ?

*ਫਰੀਦਾ ਲੋੜੈ ਦਾਖ ਬਿਜਉਰੀਆ*
*ਕਿਕਰਿ ਬੀਜੈ ਜਟੁ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥*
*ਅੰਗ - ੧੩੭੯*

ਇਹ ਤਾਂ ਤੂੰ ਇਸ ਧਰਤੀ ਵਿਚ ਜੋ ਬੀਜੇਂਗਾ, ਉਹੀ ਫਲ ਤੈਨੂੰ ਪ੍ਰਾਪਤ ਹੋਏਗਾ। ਅੱਕ ਬੀਜ ਕੇ, ਅੱਕ ਦੀਆਂ ਡੋਡੀਆਂ ਕਦੇ ਵੀ ਅੰਬ ਦੀ ਮਿਠਾਸ ਪੈਦਾ ਨਹੀਂ ਕਰਦੀਆਂ। ਅੰਬ ਖਾਣ ਲਈ ਤੈਨੂੰ ਪਹਿਲਾਂ ਹੀ ਪੂਰੀ ਸਾਵਧਾਨੀ ਨਾਲ ਉਹ ਅੰਬ ਬੀਜਣੇ ਪੈਣਗੇ ਜਿਨ੍ਹਾਂ ਦੀ ਮਿਠਾਸ, ਜਿਨ੍ਹਾਂ ਦਾ ਗੁੱਦਾ ਅੰਦਰ, ਅਨੰਦ ਪੈਦਾ ਕਰਦਾ ਹੈ। ਭੋਗਾਂ ਦੇ ਬੀਜ-ਬੀਜ ਕੇ ਕਦੇ ਵੀ ਨਾਮ ਰਸ ਦੀ ਪ੍ਰਾਪਤੀ ਨਹੀਂ ਹੋ ਸਕਦੀ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਜੇਹਾ ਬੀਜੈ ਸੁ ਲੁਣੈ ਕਰਮਾ ਸੰਦੜਾ ਖੇਤੁ॥*
*ਅੰਗ - ੧੩੫*

ਅੰਤ ਵਿਚ ਸਾਨੂੰ ਆਪ ਜੀ ਪ੍ਰੇਰਨਾ ਦਿੰਦੇ ਹਨ ਕਿ ਤੁਸੀਂ ਨਿਗੁਰੇ ਰਹਿ ਕੇ ਆਪਣਾ ਜੀਵਨ ਬਰਬਾਦ ਨਾ ਕਰੋ। ਪ੍ਰਭੂ ਦਾ ਨਾਮ ਭਵਜਲ ਪਾਰ ਕਰਨ ਲਈ ਵੱਡਾ ਜਹਾਜ਼ ਹੈ ਅਤੇ ਗੁਰੂ ਦਾ ਪਿਆਰ, ਨਰਕਾਂ ਦੀ ਅੱਗ ਨੂੰ ਨੇੜੇ ਨਹੀਂ ਆਉਣ ਦਿੰਦਾ।

*ਨਾਨਕ ਪ੍ਰਭ ਸਰਣਾਗਤੀ*
*ਚਰਣ ਬੋਹਿਥ ਪ੍ਰਭ ਦੇਤੁ॥*
*ਸੇ ਭਾਦੁਇ ਨਰਕਿ ਨ ਪਾਈਅਹਿ*
*ਗੁਰੁ ਰਖਣਵਾਲਾ ਹੇਤੁ॥ ਅੰਗ- ੧੩੫*

*ਰੇ ਰੇ ਦਰਗਹ ਕਹੈ ਨ ਕੋਊ॥*
*ਆਉ ਬੈਠੁ ਆਦਰੁ ਸੁਭ ਦੇਊ॥ ਅੰਗ - ੨੫੨*

ਜਿਸ ਕੰਮ ਨੂੰ ਕਰਨ ਵਾਸਤੇ ਅਸੀਂ ਸੰਸਾਰ ਵਿਚ ਆਏ ਹਾਂ, ਸਾਵਧਾਨ ਹੋ ਕੇ ਵਿਸ਼ੇ ਵਿਕਾਰਾਂ ਨੂੰ ਪਿੱਠ ਦੇ ਕੇ, ਵਿਸ਼ੇ ਵਿਕਾਰਾਂ ਦੀ ਅਸਲੀਅਤ ਨੂੰ ਸਮਝ ਕੇ ਉਹ ਕੰਮ ਕਰੋ ਜਿਸ ਨਾਲ ਸਾਨੂੰ ਖੁਸ਼ੀਆਂ ਪ੍ਰਾਪਤ ਹੋਣ। ਉਹ ਹੈ ਪ੍ਰਭੂ ਦਾ ਸਿਮਰਨ, ਪ੍ਰਭੂ ਦੇ ਪਿਆਰ ਦੀ ਪ੍ਰਾਪਤੀ ਜੋ ਪ੍ਰਭੂ ਦੇ ਪਿਆਰਿਆਂ ਪਾਸੋਂ ਪ੍ਰਾਪਤ ਹੁੰਦੀ ਹੈ।

*ਜਿਸੁ ਵਖਰ ਕਉ ਲੈਨਿ ਤੂ ਆਇਆ॥*
*ਰਾਮ ਨਾਮੁ ਸੰਤਨ ਘਰਿ ਪਾਇਆ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ॥*
*ਰਾਮ ਨਾਮੁ ਹਿਰਦੇ ਮਹਿ ਤੋਲਿ॥*
*ਲਾਦਿ ਖੇਪ ਸੰਤਹ ਸੰਗਿ ਚਾਲੁ॥*
*ਅਵਰ ਤਿਆਗਿ ਬਿਖਿਆ ਜੰਜਾਲ॥*
*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥*
*ਅੰਗ - ੨੮੩*

ਆਪ ਇਨ੍ਹਾਂ ਅਟੱਲ ਸਚਾਈਆਂ ਨੂੰ ਸਮਝੋ, ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰੋ! ਜਿਨ੍ਹਾਂ ਦੇ ਅੰਦਰ ਰਾਗ ਦ੍ਵੈਸ਼ ਦੀ ਇਕ ਕਣੀ ਵੀ ਨਹੀਂ ਹੋਇਆ ਕਰਦੀ, ਉਨ੍ਹਾਂ ਦੀ ਸੰਗਤ ਕਰੋ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉਪਰ ਇਮਾਨ ਲਿਆਓ। ਬਾਣੀ ਨੂੰ ਸਤਿ-ਸਤਿ ਕਰਕੇ ਮੰਨੋ, ਬਾਣੀ ਨੂੰ ਕਮਾਓ। ਬਾਣੀ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਨ ਲਈ ਬਾਰ-ਬਾਰ ਭੇਜਦੀ ਹੈ- ਪ੍ਰਭੂ ਪਿਆਰਿਆਂ ਦੀ ਮਹੱਤਤਾ ਦਸਦੀ ਹੋਈ। ਫੁਰਮਾਨ ਹੈ ਕਿ -

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*
*ਜੇਤਾ ਸੁਨਹਿ ਤੇਤਾ ਬਖਿਆਨਹਿ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥*
*ਸਾਧ ਕੀ ਉਪਮਾ ਰਹੀ ਭਰਪੂਰਿ॥*
*ਸਾਧ ਕੀ ਸੋਭਾ ਕਾ ਨਾਹੀ ਅੰਤ॥*
*ਸਾਧ ਕੀ ਸੋਭਾ ਸਦਾ ਬੇਅੰਤ॥*
*ਸਾਧ ਕੀ ਸੋਭਾ ਊਚ ਤੇ ਊਚੀ॥*
*ਸਾਧ ਕੀ ਸੋਭਾ ਮੂਚ ਤੇ ਮੂਚੀ॥*
*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥*
*ਅੰਗ - ੨੭੨*

ਪਰ ਅਫਸੋਸ, ਇਹ ਨਾਮ ਵਪਾਰ ਵਿਰਲੇ ਹੀ ਕਰਦੇ ਹਨ। ਬਲਿਹਾਰ ਹਾਂ ਉਨ੍ਹਾਂ ਤੋਂ ਜੋ ਨਾਮ ਦੇ ਵਪਾਰੀ ਹਨ; ਆਪ ਤਰਦੇ ਹਨ ਸੰਸਾਰ ਨੂੰ ਤਾਰਦੇ ਹਨ।

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-15)*

ਜਿਸ ਦਾ ਮਨ ਧਨ ਇਕੱਠਾ ਕਰਨ ਦੇ ਚੱਕਰ ਵਿਚ ਪੈ ਜਾਵੇ ਉਹ ਨਾ ਪੁੰਨ ਕਰਦਾ ਹੈ, ਨਾ ਧਨ ਨੂੰ ਕਿਸੇ ਚੰਗੇ ਪਾਸੇ ਲਾਉਂਦਾ ਹੈ। ਵਗਾਰੀ ਬਣ ਕੇ ਆਪਣਾ ਜਨਮ ਸੰਸਾਰ ਤੋਂ ਬਿਰਥਾ ਗੁਆ ਕੇ ਖਾਲੀ ਹੱਥ ਸੰਸਾਰ ਤੋਂ ਰੋਂਦਾ ਚਲਿਆ ਜਾਂਦਾ ਹੈ।

***ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ***
***ਇਕਤ੍ਰ ਕਰੀ ਹੈ ਮਾਇਆ॥***
***ਦਾਨੁ ਪੁੰਨੁ ਨਹੀ ਸੰਤਨ ਸੇਵਾ***
***ਕਿਤ ਹੀ ਕਾਜਿ ਨ ਆਇਆ॥***
***ਕਰਿ ਆਭਰਣ ਸਵਾਰੀ***
***ਸੇਜਾ ਕਾਮਨਿ ਥਾਟੁ ਬਨਾਇਆ॥***
***ਸੰਗੁ ਨ ਪਾਇਓ ਅਪੁਨੇ ਭਰਤੇ***
***ਪੇਖਿ ਪੇਖਿ ਦੁਖੁ ਪਾਇਆ॥***
***ਸਾਰੋ ਦਿਨਸੁ ਮਜੂਰੀ ਕਰਤਾ***
***ਤੁਹੁ ਮੂਸਲਹਿ ਛਰਾਇਆ॥***
***ਖੇਦੁ ਭਇਓ ਬੇਗਾਰੀ ਨਿਆਈ***
***ਘਰ ਕੈ ਕਾਮਿ ਨ ਆਇਆ॥***

***ਅੰਗ - ੭੧੨***

ਜਦੋਂ ਆਦਮੀ ਅੰਤਮ ਸਮੇਂ ਸਰੀਰ ਛੱਡ ਰਿਹਾ ਹੁੰਦਾ ਹੈ ਉਸ ਸਮੇਂ ਧਨ ਜੋੜਨ ਵੇਲੇ ਕੀਤੇ ਪਾਪ ਫਿਲਮ ਵਾਂਗੂੰ ਸਾਮ੍ਹਣੇ ਆ ਜਾਂਦੇ ਹਨ ਕਿਉਂਕਿ ਐਸਾ ਫੁਰਮਾਨ ਹੈ -

***ਇਸੁ ਜਰ ਕਾਰਣਿ ਘਣੀ ਵਿਗੁਤੀ***
***ਇਨਿ ਜਰ ਘਣੀ ਖੁਆਈ॥***
***ਪਾਪਾ ਬਾਝਹੁ ਹੋਵੈ ਨਾਹੀ***
***ਮੁਇਆ ਸਾਥਿ ਨ ਜਾਈ॥ ਅੰਗ - ੪੧੭***

ਮਾਇਆ ਓਹ ਹੀ ਸੁਖ ਦਿੰਦੀ ਹੈ ਜਿਸ ਨੂੰ ਸਹੀ ਥਾਂ ਤੇ ਖਰਚ ਦਿਤਾ ਜਾਵੇ ਲੋੜਵੰਦਾਂ ਦੀ ਮਦਦ ਕਰ ਦਿਤੀ ਜਾਵੇ ਅਤੇ ਇਨਸਾਨੀਅਤ ਦੇ ਭਲੇ ਵਾਸਤੇ ਖਰਚ ਕੇ ਬਹੁਤ ਸਾਰੇ ਸੁਖ ਦੇ ਸਾਧਨ ਪੈਦਾ ਕਰ ਦਿਤੇ ਜਾਣ -

***ਜਿਸ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥***
***ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥***
***ਦੁਹੂ ਬਿਵਸਥਾ ਤੇ ਜੋ ਮੁਕਤਾ***
***ਸੋਈ ਸੁਹੇਲਾ ਭਾਲੀਐ॥ ਅੰਗ - ੧੦੧੯***

ਐਸਾ ਵੀ ਬਾਣੀ ਵਿਚ ਫੁਰਮਾਨ ਆਉਂਦਾ ਹੈ -

***ਸੂਮਹਿ ਧਨੁ ਰਾਖਨ ਕਉ ਦੀਆ***
***ਮੁਗਧੁ ਕਹੈ ਧਨੁ ਮੇਰਾ॥ ਅੰਗ - ੪੭੯***

ਸੂੰਮ ਜੋ ਮਾਇਆ ਜੋੜਦਾ ਹੀ ਚਲਿਆ ਜਾਵੇ ਅਤੇ ਖਰਚੇ ਨਾ, ਜੇ ਉਸ ਦਾ ਧਨ ਚਲਿਆ ਜਾਵੇ ਤਾਂ ਸਾਰੀ ਜ਼ਿੰਦਗੀ ਉਸਦੀ ਰੋਂਦੇ ਪਿਟਦੇ ਦੀ ਲੰਘ ਜਾਂਦੀ ਹੈ ਜਿਵੇਂ ਕਿ-

***ਰੋਵਹਿ ਕਿਰਪਨ ਸੰਚਹਿ ਧਨੁ ਜਾਇ॥***

***ਅੰਗ - ੯੫੪***

ਵਿਅੰਗ ਭਾਵ ਵਿਚ ਦਾਨਿਆਂ ਨੇ ਸੂੰਮਾਂ ਦਾ ਜ਼ਿਕਰ ਕਰਦੇ ਹੋਏ ਬਹੁਤ ਸਿਖਿਆਦਾਇਕ ਅਲੰਕਾਰਕ ਬਚਨ ਲਿਖੇ ਹਨ ਜਿਸ ਤਰ੍ਹਾਂ ਕਿ ਇਕ ਸੂੰਮ ਆਪਣੇ ਮਨ ਵਿਚ ਕਹਿੰਦਾ ਹੈ ਕਿ ਮੇਰੇ ਕੋਲ ਬੇਅੰਤ ਧਨ ਹੋ ਜਾਵੇ ਪਰ ਮੇਰੇ ਜੇ ਇਸ ਧਨ ਵਿਚੋਂ ਇਕ ਪੈਸਾ ਵੀ ਕੋਈ ਲੈ ਜਾਵੇ ਤਾਂ ਮੈਂ ਅੰਦੇਸ਼ੇ ਵਿਚ ਪੈ ਕੇ ਮਰ ਜਾਵਾਂਗਾ।

***ਪੰਦਰਾਂ ਕ੍ਰੋੜ ਸਾਤ ਲਾਖ ਤੇ ਹਜ਼ਾਰ ਬਾਰਾਂ,***
***ਏਤਾ ਧਨ ਹੋਂਦੇ ਸ਼ੂਮ ਆਖੇ ਕਿਥੂੰ ਖਾਵਾਂਗੇ।***
***ਪੁਤ੍ਰਾਂ ਨੂੰ ਆਖੇ ਲੇ ਆਓ ਮੁੰਞ ਤੇ ਵੱਟੋ ਬਾਣ,***
***ਰਾਤਿ ਕੇ ਗੁਜ਼ਾਰੇ ਜੋਗੇ ਪੈਸੇ ਖਟ ਲਿਆਵਾਂਗੇ।***
***ਭੁਲ ਗਿਆ ਤੇਲ ਸ਼ੂਮ ਦਾੜੀ ਨੂੰ ਘਸਾਵੇ ਲੋਕੋ,***
***ਇਤਨਾ ਹਰਜਾ ਅਸੀਂ ਕਿਉਂ ਕਰ ਜਰ ਜਾਵਾਂਗੇ।***
***ਦਾਨਿਆਂ ਦੇ ਪੀਹਣ ਵਿਚੋਂ ਲੇ ਗਯਾ***
***ਇਕ ਕੀੜਾ ਦਾਣਾ,***
***ਤਿਸਦੇ ਅੰਦੇਸੇ ਨਾਲ ਰੋਟੀ ਨ ਪਕਾਵਾਂਗੇ।***

ਇਕ ਹੋਰ ਸੂੰਮ ਮਾਇਆ ਨੂੰ ਕਹਿੰਦਾ ਹੈ ਕਿ ਮੈਂ ਤੇਰੇ ਨਾਲ ਐਨਾ ਪਿਆਰ ਪਾ ਲਵਾਂਗਾ ਜੇ ਕੋਈ ਮੇਰੀ ਚਮੜੀ ਵੀ ਲਾਹ ਦੇਵੇ ਤਾਂ ਵੀ ਮੈਂ ਤੈਨੂੰ ਨਹੀਂ ਦੇਵਾਂਗਾ। ਜੇ ਤੂੰ ਦਾਨ ਕਰਨ ਵਾਲਿਆਂ ਦੇ ਘਰ ਵਿਚ ਚਲੀ ਜਾਵੇਂ ਤਾਂ ਉਥੇ ਤੇਰੀ ਕਦਰ ਨਹੀਂ ਹੋਣੀ ਕਿਉਂਕਿ ਉਹ ਤੇਰੇ ਨਾਲ ਪ੍ਰੀਤ ਨਹੀਂ ਕਰਨਗੇ। ਜੇ ਤੂੰ ਮੇਰੇ ਘਰ ਵਿਚ ਹੋਵੇਂ ਮੈਂ ਤਾਂ ਤੈਨੂੰ ਸੰਭਾਲ ਕੇ ਰਖਾਂਗਾ। ਨਾ ਕੋਠੀਆਂ ਵਿਚ ਇਸ ਨੂੰ ਲਾਵਾਂਗਾ, ਨਾ ਆਪਣੇ ਪੁੱਤਰ, ਰਿਸ਼ਤੇਦਾਰਾਂ ਨੂੰ ਦੇਵਾਂਗਾ, ਨਾ ਆਪ ਕੁਝ ਖਾਵਾਂਗਾ ਅਤੇ ਨਾ ਕਿਸੇ ਨੂੰ ਖਾਣ ਦੇਵਾਂਗਾ। ਜੇ ਮੇਰੀ ਕੋਈ ਚਮੜੀ ਵੀ ਉਤਾਰ ਦੇਵੇ ਤਾਂ ਵੀ ਮੈਂ ਉਸ ਨੂੰ ਇਕ ਦਮੜੀ ਭੀ ਨਹੀਂ ਦੇਵਾਂਗਾ।

***ਦਾਤਾ ਗ੍ਰਿਹਿ ਜਾਤੀ ਤੋ ਕਦਰ ਹੂੰ ਨ ਪਾਤੀ,***

***ਕਬੀ ਮੇਰੇ ਘਰ ਆਈ***
***ਤੋ ਵਧਾਈ ਗਾਉ ਬਾਵਰੀ।***
***ਖਾਨੇ ਦਰ ਖਾਨੇ ਤੁਇਖਾਨੇ ਦਰਵਾਸ ਦੇਉਂ***
***ਹੋਈਂ ਨ ਉਦਾਸ ਯੇਹ ਮਨ ਚਾਉਰੀ।***
***ਖਾਊਂ ਨ ਖਿਲਾਊਂ ਮਰ ਜਾਊਂ***
***ਤੋ ਸਿਖਾਇ ਜਾਊਂ,***
***ਪੂਤ ਅਰ ਨਾਤੀ ਹੂੰ ਕੋ ਅਪਨੋ ਸੁਭਾਉਰੀ।***
***ਚਮਰੀ ਉਤਾਰੇ ਤੋ ਦਮੜੀ ਨ ਦੇਹੂੰ ਕਾਹੂੰ,***
***ਮਾਇਆ ਕੋ ਸ਼ੂਮ ਕਹੇ ਬੈਠੀ ਗੁਣ ਗਾਉਰੀ।***

ਯੋਗ ਵਿਸ਼ਿਸ਼ਟ ਵਿਚ ਵਸ਼ਿਸ਼ਟ ਜੀ ਕਹਿੰਦੇ ਹਨ ਹੇ ਰਾਮ! ਬੜੇ ਬੁੱਧੀਮਾਨ ਸੂਰਮੇ ਕ੍ਰਿਤਗਯ ਉਪਕਾਰ ਨੂੰ ਮੰਨ ਕੇ ਸਾਰਿਆਂ ਨਾਲ ਪ੍ਰੀਤ ਰੱਖਣ ਵਾਲੇ, ਕੋਮਲ ਮਨੁੱਖਾਂ ਨੂੰ ਭੀ ਇਹ ਮਾਇਆ ਇਸ ਤਰ੍ਹਾਂ ਮਲਨ ਕਰ ਦਿੰਦੀ ਹੈ ਜਿਵੇਂ ਮਿਟੀ ਦੀ ਮੁੱਠੀ ਜੇ ਰਤਨਾਂ ਦੇ ਉਤੇ ਸੁੱਟ ਦੇਈਏ ਤਾਂ ਰਤਨਾਂ ਦੀ ਚਮਕ ਇਕ ਦਮ ਫਿੱਕੀ ਪੈ ਜਾਂਦੀ ਹੈ ਅਤੇ ਉਹ ਮੈਲੇ ਲਗਦੇ ਹਨ। ਹੇ ਰਾਮ ਜੀ! ਇਹ ਮਾਇਆ ਸੁੱਖ ਦੇਣ ਵਾਸਤੇ ਨਹੀਂ ਆਉਂਦੀ ਇਸ ਦੇ ਆਇਆਂ ਦੁਖ ਵਧ ਜਾਇਆ ਕਰਦਾ ਹੈ। ਜੇ ਇਸ ਦੀ ਰੱਖਿਆ ਕਰੋ ਤਾਂ ਇਹ ਰੱਖਿਆ ਕਰਨ ਵਾਲੇ ਦਾ ਨਾਸ਼ ਇਸ ਪ੍ਰਕਾਰ ਕਰਦੀ ਹੈ ਜਿਵੇਂ ਵਿਹੁ ਦੀ ਗੰਦਲ ਖਾ ਕੇ ਆਦਮੀ ਦਾ ਨਾਸ਼ ਹੋ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਸੰਸਾਰ ਦਾ ਭ੍ਰਮਣ ਕਰਦੇ-ਕਰਦੇ ਜਦੋਂ ਫਾਰਸ ਵਿਚ ਗਏ ਤਾਂ ਉਥੇ ਆਪ ਨੇ ਦੇਖਿਆ ਕਿ ਲੋਕਾਂ ਦੇ ਘਰ ਟੁੱਟੇ ਹੋਏ ਹਨ, ਘਰ ਵਿਚ ਕੋਈ ਸਮਾਨ ਨਹੀਂ, ਬੈਲ ਭੁੱਖੇ ਮਰ ਚੁੱਕੇ ਹਨ, ਕਪੜੇ ਲੀੜੇ ਫਟੇ ਹੋਏ ਹਨ। ਜ਼ਮੀਨਾਂ ਬੰਜਰ ਪਈਆਂ ਹਨ, ਕੋਈ ਫਸਲਾਂ ਨਹੀਂ ਦੇ ਰਹੀਆਂ। ਕਿਸੇ ਦੇ ਮੂੰਹ ਤੇ ਖੁਸ਼ੀ ਨਹੀਂ ਹੈ, ਸਾਰੇ ਉਦਾਸ-ਉਦਾਸ ਫਿਰ ਰਹੇ ਹਨ। ਉਸ ਸਮੇਂ ਗੁਰੂ ਨਾਨਕ ਪਾਤਸ਼ਾਹ ਨੇ ਸਿਆਣਿਆਂ ਬੰਦਿਆਂ ਨੂੰ ਬੁਲਾ ਕੇ ਪੁਛਿਆ ਕਿ ਤੁਹਾਡਾ ਹਾਲ ਤਾਂ ਇਸ ਤਰ੍ਹਾਂ ਹੈ ਜਿਵੇਂ ਕਿ ਭੂਤਾਂ-ਪ੍ਰੇਤਾਂ ਨੇ ਦੇਸ਼ ਵਿਚ ਉਜਾੜਾ ਪਾ ਦਿਤਾ ਹੋਵੇ। ਤੁਹਾਡੇ ਅੰਦਰੋਂ ਤਾਂ ਹਉਕੇ ਆਉਂਦੇ ਹਨ। ਦੇਖੋ ਸਾਰਾ ਦੇਸ਼ ਵੀਰਾਨ ਪਿਆ ਹੈ, ਜ਼ਮੀਨਾਂ ਦੀ ਵਹਾਈ ਨਹੀਂ ਹੋਈ, ਪਾਨੀ ਨਹੀਂ ਮਿਲਿਆ। ਥੋੜ੍ਹਾ ਬਹੁਤ ਅਨਾਜ ਤੁਸੀਂ ਸਖਤ ਮਿਹਨਤ ਨਾਲ ਪੈਦਾ ਕਰਦੇ ਹੋ ਉਸ ਨਾਲ ਪੇਟ ਦੀ ਅਗਨ ਬੁਝਾ ਲੈਂਦੇ ਹੋ। ਕੀ ਤੁਹਾਡਾ ਰਾਜਾ ਤੁਹਾਨੂੰ ਦੇਖ ਨਹੀਂ ਰਿਹਾ? ਕਿਉਂਕਿ ਰਾਜੇ ਦਾ ਇਹ ਫਰਜ਼ ਹੋਇਆ ਕਰਦਾ ਹੈ ਕਿ ਰਿਆਇਆ ਨੂੰ ਦੇਖੇ ਤੇ ਜਾਣੇ ਕਿ ਮੇਰੀ ਰਿਆਇਆ ਜੇ ਦੁੱਖ ਵਿਚ ਹੈ ਤਾਂ ਦੁੱਖ ਦਾ ਕਾਰਨ ਜਾਣ ਕੇ ਉਸ ਨੂੰ ਨਵਿਰਤ ਕਰੇ, ਰਾਜੇ ਦਾ ਕਰਮ ਦਇਆ ਕਰਨਾ ਹੁੰਦਾ ਹੈ-

***ਨਾਨਕ ਚੁਲੀਆ ਸੁਚੀਆ***
***ਜੇ ਭਰਿ ਜਾਣੈ ਕੋਇ॥***
***ਸੁਰਤੇ ਚੁਲੀ ਗਿਆਨ ਕੀ***
***ਜੋਗੀ ਕਾ ਜਤੁ ਹੋਇ॥***
***ਬ੍ਰਹਮਣ ਚੁਲੀ ਸੰਤੋਖ ਕੀ***
***ਗਿਰਹੀ ਕਾ ਸਤੁ ਦਾਨੁ॥***
***ਰਾਜੇ ਚੁਲੀ ਨਿਆਵ ਕੀ***
***ਪੜਿਆ ਸਚੁ ਧਿਆਨੁ॥ ਅੰਗ-੧੨੪੦***

ਕੀ ਗੱਲ ਹੈ ਤੁਹਾਡੇ ਚਿਹਰੇ ਮਲੀਨ ਹੋ ਗਏ ਹਨ?

ਉਸ ਵੇਲੇ ਉਨ੍ਹਾਂ ਵਿਚੋਂ ਇਕ ਸਿਆਣੇ ਬੰਦੇ ਨੇ ਦਸਿਆ ਕਿ ਹੇ ਅੱਲਾਹ ਦੇ ਸਰੂਪ ਪੀਰ! ਅੱਜ ਤਕ ਕੋਈ ਬੰਦਾ ਅਜਿਹਾ ਨਹੀਂ ਆਇਆ ਜੋ ਅਸਾਡੇ ਦੁੱਖ ਤੋਂ ਜਾਣੂੰ ਹੋਣ ਲਈ ਅਸਾਥੋਂ ਕੁਝ ਪੁਛਦਾ। ਅਸੀਂ ਆਪ ਦੇ ਬਹੁਤ ਸ਼ੁਕਰ ਗੁਜ਼ਾਰ ਹਾਂ ਕਿ ਆਪ ਨੇ ਉਸੇ nerve (ਨਾੜੀ) ਤੇ ਹੱਥ ਰੱਖਿਆ ਹੈ ਜਿਥੇ ਅਸਲੀ ਬਿਮਾਰੀ ਨਿਵਾਸ ਰਖਦੀ ਹੈ। ਤੁਹਾਡੇ ਪਿਆਰ ਦੇ ਬਚਨ ਸੁਣ ਕੇ ਅਸਾਡੀਆਂ ਅੱਖਾਂ ਵਿਚੋਂ ਆਂਸੂ (ਹੰਝੂ) ਮੱਲੋ-ਮੱਲੀ ਬਾਹਰ ਆ ਰਹੇ ਹਨ।

ਗੁਰੂ ਮਹਾਰਾਜ ਨੇ ਕਿਹਾ ਤੁਸੀਂ ਆਪਣਾ ਦੁੱਖ ਦਸੋ ਕਿ ਕੀ ਹੈ? ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਮਹਾਰਾਜ! ਅਸਾਡਾ ਜੋ ਬਾਦਸ਼ਾਹ ਹੈ ਉਸ ਨੂੰ ਖਬਤ (ਦਿਮਾਗੀ ਬਿਮਾਰੀ) ਹੋਇਆ ਹੋਇਆ ਹੈ। ਉਹ ਚਾਂਦੀ ਅਤੇ ਸੋਨੇ ਦੇ ਸਿੱਕੇ ਇਕੱਠੇ ਕਰਕੇ ਜਮ੍ਹਾਂ ਕਰਨ ਦੇ ਚੱਕਰ ਵਿਚ ਪਿਆ ਹੋਇਆ ਹੈ। ਆਪਣੀ ਰਿਆਇਆ ਵਾਸਤੇ ਕੁਝ ਵੀ ਨਹੀਂ ਕਰ ਰਿਹਾ, ਖੇਤੀ ਉਗਾਉਣ ਵਾਸਤੇ ਸਾਨੂੰ ਖੂਹ ਲਾਉਣ ਦੀ ਲੋੜ ਹੈ, ਬੈਲ ਖਰੀਦਣ ਲਈ ਧਨ ਦੀ ਲੋੜ ਹੈ, ਨਾ ਹੀ ਧਨ ਕਿਸੇ ਸੇਠ ਤੋਂ ਮਿਲਦਾ ਹੈ ਕਿਉਂਕਿ ਰਾਜੇ ਨੇ ਸਾਰਾ ਧਨ ਆਪਣੇ ਕਾਬੂ ਵਿਚ ਕਰ ਲਿਆ ਹੈ। ਇਸ ਕਰਕੇ ਅਸੀਂ ਕੁਝ ਵੀ ਨਹੀਂ ਕਰ ਸਕਦੇ। ਅਸੀਂ ਆਪ ਹੀ ਜ਼ਮੀਨ ਖੋਦਦੇ ਹਾਂ ਅਤੇ ਆਪ ਹੀ ਉਸ ਨੂੰ ਬਰੀਕ ਕਰਕੇ ਉਸ ਵਿਚ ਬੀਜ ਪਾਉਂਦੇ ਹਾਂ। ਰੱਬ ਦੀ ਆਸ ਤੇ ਛੱਡ ਦਿੰਦੇ ਹਾਂ, ਚਾਰ ਕਣੀਆਂ ਪੈ ਜਾਣ ਤਾਂ ਅਸੀਂ ਜ਼ਮੀਨ ਨੂੰ ਗੁੱਡ-ਗੁੱਡ ਕੇ ਡਲੇ ਭੰਨ-ਭੰਨ ਕੇ ਜੜ੍ਹਾਂ ਦੀ ਗਿੱਲ ਜਾਣ ਨਹੀਂ ਦਿੰਦੇ। ਇਸ ਤਰ੍ਹਾਂ ਸਾਡੀ ਖੇਤੀ ਚਾਰ-ਚਾਰ ਦਾਣੇ ਪੈਦਾ ਕਰਦੀ ਹੈ ਜਿਸ ਨਾਲ ਸਾਡਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਹੈ। ਅਸੀਂ ਕਪੜੇ ਪਹਿਨਣ ਲਈ ਕਪਾਹ ਆਦਿ ਨਹੀਂ ਪੈਦਾ ਕਰ ਸਕਦੇ। ਇਸ ਲਈ ਅਸੀਂ ਤਨ ਤੋਂ ਨਗਨ ਸੂਰਜ ਦੀ ਗਰਮੀ, ਸਰਦੀ ਸਹਿੰਦੇ ਹਾਂ। ਹੇ ਅੱਲਾਹ ਦੇ ਰੂਪ! ਸਾਡੀ ਕਹਾਣੀ ਬਹੁਤ ਦੁਖਦਾਈ ਹੈ। ਇਕ ਵਾਰੀ ਸਾਡੇ ਰਾਜੇ ਕਾਰੂੰ ਨੇ ਆਪਣੇ ਅਮੀਰਾਂ, ਵਜ਼ੀਰਾਂ ਅਤੇ ਕਰਮਚਾਰੀਆਂ ਨੂੰ ਇਕੱਠੇ ਕਰਕੇ ਪੁਛਿਆ ਕਿ ਕਿਸੇ ਬੰਦੇ ਕੋਲ ਕੋਈ ਪੈਸਾ ਤਾਂ ਨਹੀਂ ਹੈ? ਪੁਲਿਸ ਸਮੇਤ ਸਾਰਿਆਂ ਨੇ ਇਕ ਜ਼ੁਬਾਨ ਹੋ ਕੇ ਕਿਹਾ ਕਿ ਹੁਣ ਤਾਂ ਕਿਸੇ ਕੋਲ ਕੋਈ ਵੀ ਪੈਸਾ ਨਹੀਂ ਹੈ। ਜਿੰਨੇ ਧਾਤ ਨਾਲ ਸਿੱਕੇ ਬਣਾਏ ਸਨ ਉਹ ਆਪ ਦੇ ਖਜ਼ਾਨੇ ਵਿਚ ਜਮ੍ਹਾਂ ਹੋ ਗਏ ਹਨ ਅਤੇ ਆਪ ਦੇ ਧਨ ਦੀ ਗਿਣਤੀ 40 ਗੰਜ ਹੈ। ਬਾਦਸ਼ਾਹ ਨੇ ਕਿਹਾ

ਕਿ ਨਹੀਂ-ਨਹੀਂ, ਇਹ ਗੱਲ ਨਹੀਂ ਅਜੇ ਲੋਕਾਂ ਕੋਲ ਪੈਸਾ ਹੈ। ਮੈਂ ਖੁਦ ਕਢਵਾ ਲਵਾਂਗਾ।

ਕਹਿਣ ਲੱਗੇ ਹੇ ਸੱਚੇ ਸਾਂਈ! ਉਸ ਨੇ ਆਪਣੀ ਲੜਕੀ ਨੂੰ ਬੱਘੀ ਉਪਰ ਬਿਠਾਇਆ ਅਤੇ ਸਾਰੇ ਨਗਰਾਂ ਵਿਚ ਘੁਮਾ ਕੇ ਐਲਾਨ ਕਰ ਦਿਤਾ ਕਿ ਮੇਰੀ ਸ਼ਹਿਜ਼ਾਦੀ ਇਕ ਰੁਪਏ ਨੂੰ ਵਿਕਦੀ ਹੈ ਜੋ ਵੀ ਖਰੀਦੇਗਾ ਉਹ ਬਾਦਸ਼ਾਹ ਦਾ ਦਾਮਾਦ ਬਣ ਜਾਵੇਗਾ। ਉਸ ਸਮੇਂ ਇਕ ਨੌਜੁਆਨ ਆਪਣੀ ਮਾਤਾ ਪਾਸ ਆਇਆ ਅਤੇ ਕਹਿਣ ਲੱਗਿਆ ਕਿ ਮਾਂ! ਮੈਨੂੰ ਇਕ ਰੁਪਿਆ ਦੇ, ਮੈਂ ਉਸ ਲੜਕੀ ਨਾਲ ਸ਼ਾਦੀ ਕਰਨੀ ਹੈ। ਉਸ ਦੀ ਮਾਤਾ ਨੇ ਕਿਹਾ ਕਿ ਬੇਟਾ! ਕਾਰੂੰ ਬਾਦਸ਼ਾਹ ਨੇ ਤਾਂ ਇਕ ਰੁਪਿਆ ਤਾਂ ਕੀ ਇਕ ਪੈਸਾ ਵੀ ਕਿਸੇ ਕੋਲ ਰਹਿਣ ਨਹੀਂ ਦਿਤਾ। ਤਾਂ ਉਸ ਲੜਕੇ ਨੇ ਕਿਹਾ ਕਿ ਫੇਰ ਤਾਂ ਮੇਰੇ ਜਿਉਂਦੇ ਰਹਿਣ ਦਾ ਕੋਈ ਧਰਮ ਹੀ ਨਹੀਂ। ਮੈਂ ਤਾਂ ਸ਼ਾਦੀ ਉਸੇ ਸ਼ਹਿਜ਼ਾਦੀ ਨਾਲ ਕਰਾਉਣੀ ਹੈ। ਤਾਂ ਉਸ ਦੀ ਮਾਂ ਨੇ ਮਜ਼ਬੂਰ ਹੋ ਕੇ ਕਿਹਾ ਕਿ ਜਾਹ! ਆਪਣੇ ਪਿਤਾ ਦੀ ਕਬਰ ਪੁੱਟ ਲੈ। ਜਦੋਂ ਉਹ ਫੌਤ ਹੋਇਆ ਸੀ ਤਾਂ ਉਸ ਦੇ ਕੱਫਣ ਦੇ ਨਾਲ ਉਸ ਦੇ ਮੁਖ ਵਿਚ ਇਕ ਰੁਪਿਆ ਵੀ ਪਾਇਆ ਸੀ। ਨੌਜੁਆਨ ਨੇ ਇਸੇ ਤਰ੍ਹਾਂ ਕੀਤਾ, ਕਬਰ ਪੁੱਟ ਲਈ ਅਤੇ ਰੁਪਿਆ ਆਪਣੇ ਮ੍ਰਿਤਕ ਪਿਤਾ ਦੇ ਮੁਖ ਵਿਚੋਂ ਕੱਢ ਲਿਆ।

ਜਦੋਂ ਉਸ ਨੇ ਰੁਪਿਆ ਕੋਤਵਾਲ ਨੂੰ ਦਿਤਾ ਤਾਂ ਉਸੇ ਵੇਲੇ ਉਨ੍ਹਾਂ ਨੇ ਇਸ ਨੂੰ ਗ੍ਰਿਫਤਾਰ ਕਰ ਲਿਆ। ਕਾਰੂੰ ਦੇ ਪਾਸ ਲਿਆ ਕੇ ਪੇਸ਼ ਕੀਤਾ ਅਤੇ ਕਿਹਾ ਕਿ ਮਹਾਰਾਜ! ਇਸ ਨੌਜੁਆਨ ਪਾਸੋਂ ਇਕ ਰੁਪਿਆ ਮਿਲਿਆ ਹੈ। ਆਪ ਦਾ ਹੁਕਮ ਸੀ ਕਿ ਕੋਈ ਬੰਦਾ ਇਕ ਧੇਲਾ ਵੀ ਆਪਣੇ ਪਾਸ ਨਾ ਰੱਖੇ। ਹੁਕਮ ਦੇਵੋਂ ਇਸ ਨੂੰ ਕੀ ਸਜ਼ਾ ਦਿਤੀ ਜਾਵੇ? ਤਾਂ ਬਾਦਸ਼ਾਹ ਨੇ ਕਿਹਾ ਕਿ ਇਸ ਨੂੰ ਤਾਂ ਮੌਤ ਦੀ ਸਜ਼ਾ ਦੇਣੀ ਚਾਹੀਦੀ ਹੈ ਕਿਉਂਕਿ ਇਸ ਨੇ ਸ਼ਾਹੀ ਹੁਕਮ ਦੀ ਹੁਕਮ ਅਦੂਲੀ ਕੀਤੀ ਹੈ। ਪਰ ਫੇਰ ਆਪ ਹੀ ਪੁਛਣ ਲੱਗਿਆ ਕਿ ਤੇਰੇ ਕੋਲ ਇਕ ਰੁਪਿਆ ਕਿਥੋਂ ਆਇਆ? ਤਾਂ ਉਸ ਲੜਕੇ ਨੇ ਆਪਣੀ ਸਾਰੀ ਕਹਾਣੀ, ਮਾਂ ਪਾਸ ਰੌਣ ਦੀ ਅਤੇ ਪਿਤਾ ਦੀ ਕਬਰ ਪੁੱਟਣ ਦੀ ਸੁਣਾਈ।

ਸਾਰੇ ਲੋਕ ਕਹਿਣ ਲੱਗੇ, "ਹੇ ਖੁਦਾਵੰਦ ਦੇ ਸਰੂਪ ਪੀਰ ਜੀ! ਜੇ ਤੁਸੀਂ ਅੱਲਾਹ ਤਾਲਾਹ ਦੀ ਜਾਤ-ਏ-ਖਾਸ ਹੋਂ ਤਾਂ ਅਸਾਡੇ ਦੁਖਾਂ ਦਾ ਜ਼ਰੂਰ ਕੋਈ ਇਲਾਜ ਸੋਚੋਂਗੇ।" ਸੋ ਉਸ ਬਾਦਸ਼ਾਹ ਨੇ ਸਾਰੀਆਂ ਕਬਰਾਂ ਪੁਟਵਾ ਦਿਤੀਆਂ ਅਤੇ ਹਜ਼ਾਰਾਂ ਸਾਲਾਂ ਦੇ ਮੁਰਦੇ ਹੋਏ ਸਰੀਰਾਂ 'ਚੋਂ ਰੁਪਏ ਕੱਢ ਲਏ।

ਗੁਰੂ ਨਾਨਕ ਪਾਤਸ਼ਾਹ ਨੇ ਉਨ੍ਹਾਂ ਦੀ ਹਕੀਕਤ ਸਰਵਣ ਕੀਤੀ ਅਤੇ ਆਪ ਵਾਹਿਗੁਰੂ ਜੀ ਦੇ ਧਿਆਨ ਵਿਚ ਅੰਤਰਲੀਨ ਹੋ ਗਏ। ਨੇਤਰ ਖੋਲ੍ਹੇ ਅਤੇ ਕਿਹਾ ਕਿ ਪ੍ਰੇਮੀਓ! ਤੁਸੀਂ ਫਿਕਰ ਨਾ ਕਰੋ ਅਸੀਂ ਬਾਦਸ਼ਾਹ ਨੂੰ ਮਿਲਦੇ ਹਾਂ। ਉਸ ਨੂੰ ਸਮਝਾਵਾਂਗੇ। ਤੁਹਾਡੇ ਘਰ ਪੈਸਾ, ਖੇਤੀਬਾੜੀ, ਸੜਕਾਂ, ਦਵਾਖਾਨੇ ਅਤੇ ਹੋਰ ਕੰਮਾਂ ਵਿਚ ਲਵਾਂਵਾਂਗੇ। ਤੁਸੀਂ ਮਿਹਨਤ ਕਰ ਲੈਣਾ ਅਤੇ ਅਮੀਰ ਹੋ ਜਾਵੋਂਗੇ। ਅੱਲਾਹ ਤਾਲਾ ਨੂੰ ਯਾਦ ਵਿਚੋਂ ਨਾ ਭੁਲਾਉਣਾ। ਉਹ ਸਦਾ ਆਪਣੇ ਬੰਦਿਆਂ ਨੂੰ ਰੋਜ਼ੀ ਦਿੰਦਾ ਹੈ, ਤੁਹਾਨੂੰ ਵੀ ਦੇਵੇਗਾ। ਤੁਹਾਡੀ ਵੀ ਅਰਦਾਸ ਸੁਣੀ ਜਾਵੇਗੀ। ਤੁਹਾਡੇ ਦੁਖ ਦੂਰ ਹੋ ਜਾਣਗੇ।

ਇਹ ਕਹਿ ਕੇ ਗੁਰੂ ਪਾਤਸ਼ਾਹ, ਭਾਈ ਬਾਲਾ ਤੇ ਮਰਦਾਨਾ ਸਮੇਤ, ਕਾਰੂੰ ਦੇ ਮਹਿਲਾਂ ਵਲ ਚਲੇ ਗਏ। ਦਿਨ ਕਾਫੀ ਚੜ੍ਹ ਚੁਕਿਆ ਸੀ ਤਾਂ ਗੁਰੂ ਮਹਾਰਾਜ ਜੀ ਨੇ ਕਾਰੂੰ ਦੇ ਦਰਵਾਜ਼ੇ ਉਪਰ ਪਹਿਰਾ ਦੇ ਰਹੇ ਪਹਿਰੇਦਾਰਾਂ ਨੂੰ ਕਿਹਾ ਕਿ ਆਪਣੇ ਬਾਦਸ਼ਾਹ ਨੂੰ ਕਹੋ ਤਿੰਨ ਦਰਵੇਸ਼ ਆਏ ਹਨ। ਉਹ ਤੇਰੇ ਨਾਲ ਗੱਲਬਾਤ ਕਰਨੀ ਚਾਹੁੰਦੇ ਹਨ। ਉਨ੍ਹਾਂ ਨੂੰ ਬਹੁਤ ਕਾਹਲੀ ਹੈ, ਫੁਰਸਤ ਨਹੀਂ ਹੈ। ਇਸ ਕਰਕੇ ਛੇਤੀ ਤੋਂ ਛੇਤੀ ਉਹ ਅਸਾਡੇ ਨਾਲ ਮੁਲਾਕਾਤ ਕਰੇ। ਸਾਂਈ ਦੇ ਦਰਵੇਸ਼ਾਂ ਦੀ ਖੁਸ਼ੀ ਉਸ ਉਪਰ ਹੋਵੇਗੀ ਨਹੀਂ ਤਾਂ ਖੁਦਾ ਵਲੋਂ ਕਹਿਰ ਨਾਜ਼ਲ ਹੋਣ ਵਾਲਾ ਹੈ ਉਸ ਦੀ ਜ਼ਿੰਮੇਵਾਰੀ ਉਸ ਬਾਦਸ਼ਾਹ ਦੇ ਸਿਰ ਹੋਵੇਗੀ। ਕਿਉਂਕਿ ਦਰਗਾਹ ਵਿਚ ਸਾਰੇ ਫਰਿਸ਼ਤੇ ਇਸਦੇ ਕਰਮਾਂ ਦਾ ਦੰਡ ਦੇਣ ਲਈ ਹੁਕਮ ਸ਼ਾਦਰ ਕਰਾਉਣ ਲਈ ਤਤਪਰ ਹਨ। ਜਾਓ ਆਪਣੇ ਬਾਦਸ਼ਾਹ ਨੂੰ ਕਹਿ ਦੇਵੋ।

ਇਸ ਜਲਾਲ ਭਰੇ ਬਚਨਾਂ ਦਾ ਅਸਰ ਪਹਿਰੇਦਾਰਾਂ ਉਪਰ ਬਹੁਤ ਪਿਆ ਉਨ੍ਹਾਂ ਨੇ ਬਾਦਸ਼ਾਹ ਨੂੰ ਕਹਿ ਦਿਤਾ ਕਿ ਕੋਈ ਰੱਬ ਰੂਪ ਦਰਵੇਸ਼ ਰੱਬ ਦੇ ਦਰਵਾਜ਼ੇ ਤੇ ਖੜ੍ਹੇ ਆਪ ਦਾ ਇੰਤਜ਼ਾਰ ਕਰ ਰਹੇ ਹਨ। ਉਨ੍ਹਾਂ ਨੇ ਜੋ ਬਚਨ ਕੀਤੇ ਹਨ ਉਹ ਵੀ ਹਜ਼ੂਰ ਦਸ ਦਿੰਦੇ ਹਾਂ। ਦਰਵੇਸ਼ਾਂ ਦੇ ਬਚਨ ਸੁਣ ਕੇ ਬਾਦਸ਼ਾਹ ਵੀ ਕੰਬ ਗਿਆ ਅਤੇ ਸੰਦੇਸ਼ਾ ਭੇਜ ਦਿਤਾ ਕਿ ਮੈਂ ਬਹੁਤ ਜਲਦੀ ਦਰਵੇਸ਼ਾਂ ਦੀ ਕਦਮਬੋਸੀ ਕਰਾਂਗਾ।

ਇਧਰ ਗੁਰੂ ਨਾਨਕ ਪਾਤਸ਼ਾਹ, ਭਾਈ ਬਾਲਾ ਤੇ ਮਰਦਾਨਾ ਸਮੇਤ ਕਿਲ੍ਹੇ ਦੇ ਬਾਹਰ ਜੋ ਠੀਕਰੀਆਂ ਪਈਆਂ ਸਨ ਉਹ ਚੁਗਣ ਲਗ ਗਏ। ਬਹੁਤ ਕਾਹਲੀ-ਕਾਹਲੀ ਚੁਗਦੇ ਹਨ ਅਤੇ ਥੈਲੀ ਭਰ ਲਈ। ਬਾਦਸ਼ਾਹ ਦਰਵਾਜ਼ੇ ਤੋਂ ਬਾਹਰ ਆਇਆ ਤਾਂ ਕੀ ਦੇਖਦਾ ਹੈ ਕਿ ਦਰਵੇਸ਼ ਸਾਂਈ ਟੁੱਟੇ ਹੋਏ ਘੜਿਆਂ ਦੀਆਂ ਠੀਕਰੀਆਂ ਦੇ ਢੇਰ ਲਾਈ ਜਾਂਦੇ ਹਨ। ਤਾਂ ਉਹ ਅੱਗੇ ਵਧਿਆ। ਗੁਰੂ ਨਾਨਕ ਪਾਤਸ਼ਾਹ ਦੀ ਕਦਮਬੋਸੀ ਕੀਤੀ। ਦਰਸ਼ਨ ਕੀਤਾ। ਅੱਜ ਪਹਿਲਾ ਦਿਨ ਸੀ ਕਿ ਉਸ ਦੇ ਮਨ ਵਿਚ ਸ਼ਾਂਤੀ ਆਈ, ਨਹੀਂ ਤਾਂ ਮਾਇਆ ਦੀ ਅਗਨ ਨਾਲ ਉਹ ਤਪਿਆ ਪਿਆ ਸੀ। ਤਾਂ ਉਸ ਨੇ ਪੁਛਿਆ ਕਿ ਦਰਵੇਸ਼ ਸਾਂਈ! ਤੁਸੀਂ ਕੀ ਕੌਤਕ ਕਰ ਰਹੇ ਹੋ ਤਾਂ ਆਪ ਬੋਲੇ ਨਹੀਂ। ਦੂਸਰੀ ਵਾਰੀ ਫੇਰ ਪੁਛਿਆ ਤਾਂ ਗੁਰੂ ਮਹਾਰਾਜ ਜੀ ਨੇ ਬਾਦਸ਼ਾਹ ਕਾਰੂੰ ਨੂੰ ਕਿਹਾ ਕਿ ਇਹ ਠੀਕਰੀਆਂ ਸਾਨੂੰ ਬਹੁਤ ਅਛੀਆਂ ਲੱਗੀਆਂ ਹਨ। ਅਸੀਂ ਇਹ ਚਾਹੁੰਦੇ ਹਾਂ ਕਿ ਜਦੋਂ ਇਹ ਰੂਹ ਬਾਰ-ਏ-ਗਾਹ (ਦਰਗਾਹ) ਖੁਦਾ ਪਾਸ ਜਾਵੇਗੀ ਤਾਂ ਅਸੀਂ ਇਹ ਠੀਕਰੀਆਂ ਨਾਲ ਲਿਜਾਉਣੀਆਂ ਚਾਹੁੰਦੇ ਹਾਂ। ਤਾਂ ਬਾਦਸ਼ਾਹ ਨੇ ਕਿਹਾ ਕਿ ਦਰਵੇਸ਼ ਸਾਂਈ ਤੁਸੀਂ ਕੋਈ ਮਸਤਾਨੇ ਪੀਰ ਲਗਦੇ ਹੋਂ। ਪਰ

ਜਦੋਂ ਮੈਂ ਤੁਹਾਡੇ ਚਿਹਰੇ ਦੇ ਜਲਾਲ ਦੇਖਦਾ ਹਾਂ ਤਾਂ ਮੈਂ ਇਸ ਯਕੀਨ ਵਿਚ ਆਉਂਦਾ ਹਾਂ ਕਿ ਤੁਸੀਂ ਖੁਦਾ ਦਾ ਰੂਪ ਹੀ ਹੋਂ। ਇਹ ਗੱਲ ਖੋਲ੍ਹ ਕੇ ਦੱਸੋ ਕਿ ਇਹ ਠੀਕਰੀਆਂ ਬਾਰ-ਏ-ਗਾਹ ਖੁਦਾ ਵਿਚ ਕਿਵੇਂ ਪਹੁੰਚਣਗੀਆਂ। ਤਾਂ ਗੁਰੂ ਮਹਾਰਾਜ ਜੀ ਨੇ ਸਹਿਜ ਨਾਲ ਹੀ ਕਿਹਾ ਕਿ ਜਿਥੇ ਤੇਰੇ 40 ਗੰਜ ਜੋੜੇ ਹੋਏ ਹਨ ਉਹ ਵੀ ਤਾਂ ਤੇਰੇ ਨਾਲ ਜਾਣਗੇ ਹੀ, ਉਥੇ ਸਾਡੀਆਂ ਇਹ ਠੀਕਰੀਆਂ ਵੀ ਨਾਲ ਲੈ ਜਾਈਂ। ਉਸ ਸਮੇਂ ਕਾਰੂੰ ਬਾਦਸ਼ਾਹ ਦੀਆਂ ਅੱਖਾਂ ਖੁਲ੍ਹ ਗਈਆਂ, ਮੌਤ ਸਾਮ੍ਹਣੇ ਦਿਸਣ ਲੱਗੀ, ਅਜ਼ਰਾਈਲ ਫਰੇਸਤਾ ਦੰਡ ਦਿੰਦਾ ਨਜ਼ਰੀਂ ਪਿਆ। ਕਹਿਣ ਲੱਗਿਆ, "ਦਰਵੇਸ਼ ਸਾਂਈ! ਤੁਸੀਂ ਮੇਰੀਆਂ ਅੱਖਾਂ ਖੋਲ੍ਹ ਦਿਤੀਆਂ। ਇਹ ਸਭ ਤਾਂ ਮੇਰੇ ਨਾਲ ਨਹੀਂ ਜਾਣਾ। ਮੈਂ ਇਕ ਬਹੁਤ ਭਾਰੀ ਭੁੱਲ ਕਰ ਚੁਕਿਆ ਹਾਂ। ਆਪ ਰਹਿਮ ਦੇ ਘਰ ਵਿਚ ਆਵੋ, ਬਖਸ਼ਿਸ਼ ਦੇ ਘਰ ਵਿਚ ਆਵੋ ਅਤੇ ਉਹ ਰਸਤਾ ਦਸੋ ਜਿਸ ਤੋਂ ਮੇਰੇ ਕੀਤੇ ਹੋਏ ਪਾਪਾਂ ਦਾ ਫਲ ਦੂਰ ਹੋ ਜਾਵੇ। ਉਸ ਸਮੇਂ ਗੁਰੂ ਮਹਾਰਾਜ ਜੀ ਨੇ ਨਸੀਹਤਨਾਮਾ ਉਚਾਰਨ ਕੀਤਾ ਜੋ ਜਨਮ ਸਾਖੀਆਂ ਵਿਚ ਪ੍ਰਚਲਤ ਹੈ -

*ਕੀਚੈ ਨੇਕਨਾਮੀ ਜੋ ਦੇਵੈ ਖੁਦਾਇ॥*
*ਜੋ ਦੀਸੈ ਜ਼ਿਮੀ ਪਰ ਸੋ ਹੋਸੀ ਫਨਾਹਿ॥*
*ਦਾਯਮ ਵ ਦੌਲਤ ਕਸੇ ਬੇਸ਼ੁਮਾਰ॥*
*ਨ ਰਹਿੰਗੇ ਕਰੋੜੀ ਨ ਰਹਿੰਗੇ ਹਜ਼ਾਰ॥*
*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥*
*ਕੀਜੈ ਤਵਾਜ਼ਿਆ ਨ ਕੀਜੈ ਗੁਮਾਨ॥*
*ਨ ਰਹਿਸੀ ਇਹ ਦੁਨੀਆਂ ਨ ਰਹਿਸੀ ਦੀਵਾਨ॥*
*ਹਾਥੀ ਵ ਘੋੜੇ ਵ ਲਸ਼ਕਰ ਹਜ਼ਾਰ॥*
*ਹੋਵੇਂਗੇ ਗਰਕ ਕੁਛ ਲਾਗੈ ਨ ਬਾਰ॥*
*ਦੁਨੀਆ ਕਾ ਦੀਵਾਨਾ ਕਹੇ ਮੁਲਖਮੇਰਾ॥*
*ਆਈ ਮੌਤ ਸਿਰਪਰ ਨ ਤੇਰਾ ਨ ਮੇਰਾ॥*
*ਕੇਤੀ ਗਈ ਦੇਖ ਵਾਜੇ ਵਜਾਇ।।*
*ਵਹੀ ਏਕ ਰਹਿਸੀ ਜੋ ਸਾਚਾ ਖੁਦਾਇ॥*
*ਆਇਆ ਅਕੇਲਾ ਅਕੇਲਾ ਚਲਾਇਆ॥*
*ਚਲਤੇ ਵਕਤ ਕੋਈ ਕਾਮ ਨ ਆਯਾ॥*
*ਲੇਖਾ ਮੰਗੀਜੈ ਕਿਆ ਦੀਜੈ ਜਵਾਬ॥*
*ਤੋਬਾ ਪੁਕਾਰੈ ਤੋ ਪਾਵੇ ਅਜ਼ਾਬ॥*
*ਦੁਨੀਆ ਪੈ ਕਰ ਜ਼ੋਰ ਦਮੜਾ ਕਮਾਇਆ॥*
*ਖਾਇਆ ਹੰਢਾਇਆ ਅਜਾਈਂ ਗਵਾਇਆ॥*
*ਆਖਰ ਪਛੋਤਾਣਾ ਕਰੇ ਹਾਇ ਹਾਇ॥*
*ਦਰਗਹ ਗਇਆ ਤੇ ਤੂੰ ਪਾਵਹਿ ਸਜਾਇ॥*
*ਲਾਨਤ ਹੈ ਤੈਂਕੂ ਵ ਤੈਂਡੀ ਕਮਾਈ॥*
*ਦਗੇਬਾਜ਼ੀ ਕਰਕੇ ਦੁਨੀਆਂ ਲੂਟ ਖਾਈ॥*
*ਪੀਏ ਪਿਆਲੇ ਔ ਖਾਏ ਕਬਾਬ।।*
*ਦੇਖੋ ਰੇ ਲੋਕੋ ਜੋ ਹੋਤੇ ਖਰਾਬ॥*
*ਤਿਸ ਕਾ ਤੂੰ ਬੰਦਾ ਤਿਸੀ ਕਾ ਸਵਾਰਿਆ॥*
*ਦੁਨੀਆਂ ਕੇ ਲਾਲਚ ਤੂੰ ਸਾਹਿਬ ਵਿਸਾਰਿਆ।।*
*ਨ ਕੀਤੀ ਇਬਾਦਤ ਨ ਰਖਿਓ ਈਮਾਨ॥*
*ਨ ਕੀਤੀਆ ਹਿਕਮਤ ਪੁਕਾਰੈ ਜਹਾਨ॥*
*ਅੰਦਰ ਮਹਿਲ ਕੇ ਤੂੰ ਬੈਠਾ ਹੈਂ ਜਾਇ॥*
*ਹਰਮਾਂ ਸੇ ਖੇਲੇਂ ਖੁਸ਼ਬੋਈ ਹਵਾਇ॥*
*ਨ ਸੂਝੈ ਨ ਬੂਝੈ ਬਾਹਰ ਕਿਆ ਹੋਇ।।*
*ਹਰਾਮੀ ਗਰੀਬਾਂ ਕੋ ਮਾਰੇਂ ਬਿਗੋਇ।।*
*ਵਸਤੀ ਉਜਾੜੇਂ ਫਿਰ ਨ ਵਸਾਵੇਂ॥*
*ਕੂਕੇਂ ਪੁਕਾਰੇਂ ਤੌਂ ਦਾਦ ਨ ਪਾਵੇਂ।।*
*ਲਾਖੋਂ ਕਰੋੜੀ ਕਰੇ ਬੇਸ਼ੁਮਾਰ॥*
*ਕਈ ਕਿਸ਼ਨ ਬਪੁੜੈ ਮਰੀਵੇਂ ਹਜ਼ਾਰ॥*
*ਹਾਕਮ ਕਹਾਵੈਂ ਹਕੂਮਤ ਨ ਹੋਇ॥*
*ਦੁਨੀਆ ਕਾ ਦੀਵਾਨਾ ਫਿਰੈ ਮਸਤ ਲੋਇ॥*
*ਲੂਟੈ ਮੁਲਕ ਔਰ ਪਹਿਰੇ ਵ ਖਾਇ॥*
*ਦੋਜ਼ਕ ਕੀ ਆਤਸ਼ ਮਾਰੇਗੀ ਜਲਾਇ॥*
*ਗਰਬ ਸਿਉ ਨ ਦੇਖੋ ਦੁਨੀਆ ਕੇ ਦੀਵਾਨੇ।।*
*ਹਮੇਸ਼ਾਂ ਨ ਰਹਿਗੀ ਤੂੰ ਐਸੀ ਨ ਜਾਨੇ॥*
*ਉਠਾਵੇ ਸਭਾ ਉਸ ਕੋ ਲਾਗੇ ਨ ਬਾਰ॥*
*ਕਿਸਕੀ ਯਿਹ ਦੁਨੀਆਂ ਕਿਸ ਕੇ ਘਰ ਬਾਰ॥*
*ਚੰਦ ਰੋਜ਼ ਚਲਨਾ ਕਿਛ ਪਕੜੋ ਕਰਾਰ।।*
*ਨ ਕੀਚੈ ਹਿਰਸ ਬਹੁਤ ਦੁਨੀਆਂ ਕੇ ਯਾਰ॥*
*ਸ਼ਰਮਿੰਦਾ ਨਾ ਹੋ ਕੁਛ ਨੇਕੀ ਕਮਾਇ॥*
*ਲਾਨਤ ਕਾ ਜਾਮਾ ਤੂੰ ਪਹਰੇਂ ਨ ਜਾਇ॥*
*ਗਫਲਤ ਕਰੋਗੇ ਤੋ ਖਾਵੋਗੇ ਮਾਰ॥*
*ਬੇਟੀ ਵਾ ਬੇਟਾ ਕੋਈ ਲੇਗਾ ਨ ਸਾਰ॥*
*ਤੋਬਾ ਕਰੋ ਬਹੁਤ ਕੀਚੇ ਨ ਜ਼ੋਰ॥*
*ਦੋਜ਼ਕ ਕੀ ਆਤਸ਼ ਜਲਾਵੇਗੀ ਗੋਰ॥*
*ਮਸਾਇਕ ਪੈਕੰਬਰ ਕੇਤੇ ਸ਼ਾਹ ਖਾਨ॥*
*ਨ ਦੀਸੇਂ ਜ਼ਿੰਮੀਂ ਪਰ ਉਨੋਂ ਕੇ ਨਿਸ਼ਾਨ॥*
*ਚਲਤੇ ਕਬੂਤਰ ਜਨਾਵਰ ਕੀ ਛਾਉਂ॥*
*ਕੇਤੇ ਖਾਕ ਹੂਏ ਕੋਈ ਪੂਛੇ ਨ ਨਾਉਂ॥*
*ਚਾਲੀ ਗੰਜ ਜੋੜੇ ਨ ਰਖਿਓ ਈਮਾਨ॥*
*ਦੇਖੋ ਰੇ ਲੋਕੋ ਕਾਰੂ ਹੋਤਾ ਪਰੇਸ਼ਾਨ॥*
*ਨਦਾਨੀ ਯੇ ਦੁਨੀਆਂ ਵ ਫਾਨੀ ਮੁਕਾਮ।।*
*ਤੂੰ ਖੁਦ ਚਸ਼ਮਬੀਨੀ ਹੈ ਚਲਨਾ ਜਹਾਨ॥*
*ਹਰ ਵਕਤ ਬੰਦੇ ਨ ਖਿਦਮਤ ਵਿਸਾਰ॥*
*ਮਸਤੀ ਔ ਗਫਲਤ ਮੇਂ ਬਾਜ਼ੀ ਨ ਹਾਰ॥*
*ਤੋਬਾ ਨ ਕੀਤੀਆ ਕਰਦੇ ਗੁਨਾਹ॥*
*ਨਾਨਕ ਐਸੇ ਆਲਮ ਸੇ ਤੇਰੀ ਪਨਾਹ॥*

*(ਨਸੀਹਤਨਾਮਾ)*

'ਚਲਦਾ..........।''

# ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ ਜੁਲਾਈ ਅੰਕ, ਪੰਨਾ-20)***

ਇਕ ਮਹਾਤਮਾ ਸੀਗੇ। ਬੜਾ ਉਹਨਾਂ ਨਾਉਂ ਸੀ, ਬੜੇ ਉਹਨਾਂ ਦੇ ਚੇਲੇ ਸੀ। ਇਕ ਉਥੇ ਨੇੜੇ ਦੇ ਰਹਿਣ ਵਾਲਾ ਜਾਗੀਰਦਾਰ ਸੀ। ਚੌਧਰੀ ਜਿਹਨੂੰ ਕਹਿੰਦੇ ਨੇ, ਬਹੁਤ ਸਾਰੇ ਪਿੰਡਾਂ ਦਾ ਮਾਲਕ। ਕਹਿਣ ਲੱਗਿਆ, ਸੰਤ ਜੀ! ਮੈਂ ਸੰਨਿਆਸੀ ਬਣਨਾ ਚਾਹੁੰਦਾ ਹਾਂ। ਸੰਤ ਕਹਿੰਦੇ ਤੂੰ ਕੀ ਕਰਨੈਂ ਸੰਨਿਆਸੀ ਬਣ ਕੇ। ਕਹਿੰਦਾ, ਮੈਨੂੰ ਨਹੀਂ ਲੋੜ ਹੈ ਰੱਬ ਦੇ ਮਿਲਣ ਦੀ? ਦੇਖੋ, ਮੈਂ ਤੁਹਾਨੂੰ ਪਹਿਲਾਂ ਹੀ ਦਸ ਦਿੰਨਾਂ, ਮੈਂ ਐਡਾ ਵੱਡਾ ਅਮੀਰ ਆਦਮੀ ਹਾਂ, ਜੇ ਮੈਂ ਤੁਹਾਡਾ ਚੇਲਾ ਬਣ ਗਿਆ। 40-45 ਪਿੰਡਾਂ ਦੇ ਵਿਚ ਮੇਰਾ ਬਹੁਤ ਨਾਉਂ ਹੈ। ਸਾਰੇ ਤੁਰੇ ਹੀ ਆਉਣਗੇ, ਤੁਹਾਡੇ ਤੋਂ ਸਾਂਭੇ ਨਹੀਂ ਜਾਣੇ। ਫੇਰ ਮੈਂ ਅਮੀਰ ਕਿੰਨਾ ਹਾਂ, ਮੈਂ ਤਾਂ ਇਥੇ ਢੇਰ ਲਾ ਦਊਂਗਾ ਪੈਸਿਆਂ ਦੇ ਮੱਥਾ ਟੇਕ-ਟੇਕ ਕੇ।

ਮਹਾਤਮਾ ਕਹਿੰਦੇ, ਸਾਨੂੰ ਤਾਂ ਲੋੜ ਹੀ ਨਹੀਂ ਹੈ ਕਿਸੇ ਚੀਜ਼ ਦੀ। ਕਹਿੰਦਾ, ਮੈਂ ਤਾਂ ਚੇਲਾ ਬਣਨਾ ਹੈ। ਜਦ ਬਾਰ-ਬਾਰ ਕਿਹਾ, ਮਹਾਤਮਾ ਕਹਿਣ ਲੱਗੇ ਇਹਨੇ ਇਸ ਤਰ੍ਹਾਂ ਖਹਿੜਾ ਨਹੀਂ ਛੱਡਣਾ। ਇਹ ਜ਼ਰੂਰ ਕਿਤੇ ਨਾ ਕਿਤੇ ਝੰਜਟ ਖੜ੍ਹਾ ਕਰੂ। ਕਹਿੰਦੇ, ਜਾਹ ਲੋਹਾ ਲੈ ਕੇ ਆ। ਇਕ ਟੁਕੜਾ ਲੋਹੇ ਦਾ ਲੈ ਗਿਆ। ਜੇਬ 'ਚੋਂ ਪਾਰਸ ਕੱਢਿਆ, ਲਾ ਕੇ ਕਹਿਣ ਲੱਗੇ, ਤੇਰਾ ਧੰਨ ਦੌਲਤ ਤਾਂ ਕੁਛ ਵੀ ਨਹੀਂ ਹੈ, ਸਾਡੇ ਕੋਲ ਤਾਂ ਉਹ ਚੀਜ਼ ਹੈ ਜਿਸ ਨਾਲ ਚਾਹੇ ਇਥੇ ਸੋਨੇ ਦੇ ਮੰਦਰ ਖੜ੍ਹੇ ਕਰ ਦੇਈਏ। ਕੁਝ ਦਬਿਆ ਥੋੜ੍ਹਾ ਜਿਹਾ। ਕਹਿੰਦੇ, ਸੋਨਾ ਬਣ ਗਿਆ, ਜਾਹ ਜਾ ਕੇ ਬਜ਼ਾਰ 'ਚ ਦਿਖਾ ਕੇ ਆ। ਕਹਿੰਦਾ, ਹਾਂ ਜੀ, ਸ਼ੁੱਧ ਸੋਨਾ ਹੈ। ਗਾਗਰ ਮੰਗਾ ਲਈ ਤੇ ਸੰਤ ਕਹਿਣ ਲੱਗੇ ਕਿ ਆਹ ਪਾਰਸ ਇਹਦੇ ਵਿਚ ਰੱਖ ਦੇ, ਲੋਹੇ ਦੀ ਗਾਗਰ ਹੈ। ਜਦੋਂ ਆਪਾਂ ਨੂੰ ਭੰਡਾਰਾ ਕਰਨ ਵੇਲੇ ਲੋੜ ਪਵੇਗੀ, ਇਹ ਸੋਨੇ ਦੀ ਬਣੀ ਹੋਏਗੀ। ਆਪਾਂ ਵੇਚ ਦੇਵਾਂਗੇ। ਫੇਰ ਆਪਣਾ ਖਰਚਾ ਚਲ ਜਾਏਗਾ।

ਪੇਟੀ 'ਚ ਰਖਾ ਦਿਤੀ, ਉਸ ਉਤੇ ਤਾਲਾ ਲਗਵਾ ਦਿਤਾ। ਕਹਿੰਦੇ ਚਾਬੀ ਵੀ ਫਲਾਣੇ ਥਾਂ ਰਖ ਦੇ। 12 ਸਾਲ ਲੰਘ ਗਏ, ਚੇਲਿਆਂ ਨੂੰ ਟਿਕਣ ਨਾ ਦੇਵੇ। ਜੇ ਗਿਲਾਸ ਮਾਂਜਣ ਲੱਗ ਜਾਵੇ ਤਾਂ ਕਹਿੰਦਾ ਲੈ, ਓਏ ਤੂੰ ਠੀਕ ਨਹੀਂ ਮਾਂਜਦਾ ਮੈਂ ਦੇਖ ਐਡਾ ਸੇਠ ਹੋ ਕੇ ਫੇਰ ਵੀ ਗਿਲਾਸ ਮਾਂਜਦਾ। 12 ਸਾਲ ਬਾਅਦ ਇਕ ਦਿਨ ਸੰਤਾਂ ਕੋਲ ਆਇਆ। ਕਹਿੰਦਾ ਸੰਤ ਜੀ ਮੈਂ ਤੁਹਾਡਾ ਰੋਜ਼ ਉਪਦੇਸ਼ ਸੁਣਦਾ ਹਾਂ, ਬਈ ਸ਼ਾਂਤੀ ਆ ਜਾਂਦੀ ਹੈ, ਨਾਮ ਦਾ ਰਸ ਆ ਜਾਂਦੈ, ਅਨਹਦ ਸ਼ਬਦ ਵੱਜਣ ਲਗ ਜਾਂਦੇ ਨੇ, ਮੇਰਾ ਤਾਂ ਕੱਖ ਵੀ ਨਹੀਂ ਹੋਇਆ। ਮੈਨੂੰ ਲਗਦੈ ਤੂੰ ਪਾਖੰਡੀ ਸੰਤ ਹੀ ਹੈਂ।

ਸੰਤ ਕਹਿੰਦੇ, ਔਹ ਪਾਰਸ ਲਿਆ ਕੱਢ ਕੇ। ਜਦੋਂ ਉਹਨੇ ਜਾ ਕੇ ਪੇਟੀ ਖੋਲ੍ਹੀ। ਗਾਗਰ ਦੇਖੀ। ਸੰਤ ਪੁੱਛਦੇ ਕਿ ਸੋਨੇ ਦੀ ਹੋ ਗਈ? ਕਹਿੰਦਾ, ਸੋਨੇ ਦੀ ਕਿੱਥੇ, ਤੇਰਾ ਪਾਰਸ ਵੀ ਝੂਠਾ ਤੇ ਤੂੰ ਵੀ ਝੂਠਾ।

ਕਹਿੰਦੇ, ਕਾਹਨੂੰ ਕਲਪੀ ਜਾਨੈ ਉਰ੍ਹੇ ਲਿਆ ਸਾਡੇ ਕੋਲ। ਕੋਲ ਲਿਆਂਦਾ, ਕਹਿੰਦੇ ਪਾਰਸ ਕੱਢ। ਕਹਿੰਦੇ, ਧਿਆਨ ਨਾਲ ਦੇਖ, ਕੁਝ ਉਤੇ ਤਾਂ ਨਹੀਂ ਹੈ?

ਜਦੋਂ ਧਿਆਨ ਨਾਲ ਦੇਖਿਆ ਤਾਂ ਉਹਦੇ ਉਤੇ ਬੜਾ ਹੀ ਪਤਲਾ ਜਿਹਾ ਕਾਗਜ਼ ਵੇੜਿਆ ਹੋਇਆ। ਕਹਿੰਦਾ, ਮਹਾਤਮਾ ਜੀ! ਆਹ ਕਾਗਜ਼ ਚਿੰਬੜਿਆ ਹੋਇਐ ਬਹੁਤ ਹੀ ਪਤਲਾ ਜਿਹਾ। ਕਹਿੰਦੇ, ਕੋਈ ਚੀਜ਼ ਲੈ ਕੇ ਖੁਰਚ ਲੈ। ਜਦੋਂ ਲਾਹ ਦਿਤਾ ਕਾਗਜ਼, ਕਹਿੰਦੇ ਹੁਣ ਲਾ। ਜਦੋਂ ਲਾਇਆ ਤਾਂ ਗਾਗਰ ਸੋਨੇ ਦੀ ਬਣ ਗਈ।

ਕਹਿੰਦਾ, ਪਾਰਸ ਤਾਂ ਹੈਗਾ ਸੱਚਾ ਪਰ ਤੂੰ ਨਹੀਂ ਸੱਚਾ। ਕਹਿੰਦੇ, ਮੈਂ ਸੱਚਾ ਝੂਠਾ ਚਾਹੇ ਕੁਝ ਹੋਵਾਂ। ਪਰ ਤੇਰੇ 'ਚ ਨੁਕਸ ਹੈ। ਕਹਿੰਦਾ, ਮੇਰੇ 'ਚ ਕੀ ਨੁਕਸ ਹੈ? ਕਹਿੰਦੇ, ਪਾਰਸ ਤਾਂ ਪਾਰਸ ਸੀਗਾ ਹੀ, ਸੰਤ ਤਾਂ ਸੰਤ ਹੁੰਦਾ ਹੀ ਹੈ, ਇਹ ਪਾਰਸ ਦੇ ਉਤੇ ਜਿਹੜਾ ਕਾਗਜ਼ ਵੇੜਿਆ ਹੋਇਆ ਸੀ, ਇਹਨੇ ਅਸਰ ਨਹੀਂ ਹੋਣ ਦਿਤਾ। ਇਸੇ ਤਰ੍ਹਾਂ ਤੇਰੇ ਮਨ ਦੇ ਉਤੇ ਵਿੜਿਆ ਹੋਇਐ ਕਿ ਮੈਂ ਵੱਡਾ ਜਾਗੀਰਦਾਰ ਹਾਂ, ਮੈਂ ਵੱਡਾ ਚੌਧਰੀ ਹਾਂ। ਆਹ ਤੇਰੀ ਜਿਹੜੀ ਚੀਜ਼ ਹੈ ਇਹ ਕੋਈ ਵੀ ਅਸਰ ਨਹੀਂ ਹੋਣ ਦਿੰਦੀ। ਇਹ ਜਿਉਂਦਿਆਂ ਦਾ ਘਰ ਨਹੀਂ ਹੈ, ਇਥੇ ਮਰਨਾ ਪੈਂਦੈ ਪਿਆਰਿਆ। ਜੇ ਤੂੰ ਬਣਨੈਂ ਪਹਿਲਾਂ ਆਪਣਾ ਆਪ ਛੱਡ ਦੇ। ***'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ '***

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਪਾਸ ਇਕ ਚੌਧਰੀ ਆਉਂਦੈ। ਬਹੁਤ ਸਾਰੇ ਪਿੰਡਾਂ ਦਾ ਚੌਧਰੀ ਸੀ। ਪਹਿਲਾਂ ਸਰਕਾਰੇ ਦਰਬਾਰੇ ਚੌਧਰੀ ਹੀ ਬੁਲਾਏ ਜਾਂਦੇ ਸੀ। ਬੜਾ

ਮਾਣ ਉਹਨਾਂ ਨੂੰ ਮਿਲਿਆ ਕਰਦਾ ਸੀ, ਸਿਰੋਪਾਉ ਦਿੰਦੇ ਸੀ। ਇਸ ਤਰ੍ਹਾਂ ਮੁਗਲ ਬਾਦਸ਼ਾਹ ਰਾਜ ਕਰਦੇ ਸੀ। ਇਹ ਚੌਧਰੀ ਜਿਹੜੇ ਸੀ, ਪੰਜਾਬ ਵਿਚ ਜਦੋਂ ਗੁਰੂਆਂ ਦਾ ਸਮਾਂ ਸੀ, ਉਸ ਵੇਲੇ ਤੁਹਾਡੇ ਵੀ ਸਾਡੇ ਵੀ ਬਜ਼ੁਰਗ ਜਿਹੜੇ ਸੀ, ਸਾਰਿਆਂ ਦੇ ਇਹ ਨਗਾਹੇ ਜਾਂਦੇ ਸੀ। ਉਹ ਨਿਗਾਹੇ ਵਾਲਾ ਜੋ ਅਹਿਮਦ ਪੀਰ ਸੀ, ਉਹ ਕਰਾਮਾਤੀ ਸੀ। ਉਹਨੇ ਐਨੇ ਭਰਾਈ ਚੇਲੇ ਰੱਖ ਲਏ, ਉਹਦੇ ਹੀ ਗੁਣ ਗਾਈ ਜਾਂਦੇ। ਜਿਹੜਾ ਰੋਟ ਉਹਨਾਂ ਨੇ ਬਣਾਉਣਾ, ਪਹਿਲਾ ਚੱਕ ਉਹਨੇ ਵੱਢਣਾ, ਜੂਠਾ ਸਾਨੂੰ ਖਿਲਾਉਣਾ ਕਿ ਪੀਰ ਨੂੰ ਭੋਗ ਲਗ ਗਿਆ, ਹੁਣ ਖਾ ਲਓ। ਸਾਡੇ ਬਜ਼ੁਰਗ ਖਾ ਲੈਂਦੇ ਸੀ। ਨਾ ਉਹ ਮੁਸਲਮਾਨ ਨਾ ਉਹ ਹਿੰਦੂ। ਗੱਲ ਸੁਣਦੇ ਨਹੀਂ ਸੀ। ਸਾਲ ਦੇ ਵਿਚ ਜਾਂਦੇ ਸੀ ਉਥੇ ਤੇ ਜਿਹੜਾ ਮੁਖੀ ਹੁੰਦਾ, ਉਹ ਲੈ ਕੇ ਜਾਂਦਾ ਹੁੰਦਾ। ਜਿਵੇਂ ਸ੍ਰੀ ਗੁਰੂ ਅੰਗਦ ਪਾਤਸ਼ਾਹ ਸਾਲ ਦੇ ਸਾਲ ਦੇਵੀ ਦੀ ਯਾਤਰਾ ਨੂੰ ਜਾਂਦੇ ਸੀ। ਮੁਖੀ ਬਣ ਕੇ ਜਾਂਦੇ ਸੀ। ਇਹ ਵੀ, ਭਾਈ ਤੀਰਥਾ ਸੀ ਇਸ ਦਾ ਨਾਉਂ, ਮੁਖੀ ਹੋ ਕੇ ਜਾਂਦਾ ਹੁੰਦਾ। ਪਰ ਇਹਨੂੰ ਇਕ ਗੁਰਸਿੱਖ ਮਿਲ ਗਿਆ। ਉਹਨੇ ਕਿਹਾ ਕਿਉਂ ਜਨਮ ਬਰਬਾਦ ਕਰ ਰਿਹੈਂ, ਇਹ ਤਾਂ ਨਾਮ ਜਪਣ ਵਾਸਤੇ ਆਇਆ ਹੋਇਐ, ਇਹ ਕਬਰਾਂ ਨੂੰ ਮੱਥੇ ਟੇਕਣ ਵਾਸਤੇ ਨਹੀਂ ਆਇਆ ਹੋਇਆ। ਬਹੁਤ ਬਚਨ ਕਹੇ, ਉਹਨੂੰ ਸੋਝੀ ਆ ਗਈ। ਕਹਿੰਦਾ, ਫੇਰ ਮੈਨੂੰ ਨਾਮ ਕਿੱਥੋਂ ਮਿਲੇਗਾ? ਕਹਿੰਦਾ, ਨਾਮ ਤੈਨੂੰ ਮਿਲੇਗਾ, ਸ੍ਰੀ ਗੁਰੂ ਅਰਜਨ ਪਾਤਸ਼ਾਹ ਤੋਂ। ਉਥੇ ਜਾ ਕੇ ਹਾਜ਼ਰੀ ਭਰ। ਉਥੇ ਆ ਕੇ ਮਹਾਰਾਜ ਦੇ ਦਰਬਾਰ ਦੇ ਵਿਚ ਪੱਲਾ ਅੱਡਿਆ, ਹੇ ਪਾਤਸ਼ਾਹ! ਮੈਨੂੰ ਤੁਸੀਂ ਨਾਮ ਦੀ ਦਾਤ ਦੇ ਦਿਓ। ਮੈਨੂੰ ਆਪਣਾ ਚਰਨ ਸੇਵਕ ਬਣਾ ਕੇ, ਸਿੱਖ ਬਣਾ ਲਓ। ਮਹਾਰਾਜ ਨੇ ਸਾਰਾ ਹਾਲ ਚਾਲ ਪੁੱਛਿਆ ਤੇ ਕਿਹਾ ਦੇਖ ਭਾਈ ਚੌਧਰੀ! ਤੂੰ ਹੈਂ ਚੌਧਰੀ, ਤੇਰੀ ਚੌਧਰ ਹੈ ਬਹੁਤ ਸਾਰੇ ਪਿੰਡਾਂ ਵਿਚ ਤੇ ਮੰਨਦੈਂ ਨਿਗਾਹੀਏ ਨੂੰ। ਤੇਰੇ ਘਰ ਵਿਚ ਉਹਦਾ ਮੁਕਾਮ ਬਣਿਆ ਹੋਇਐ। ਉਥੇ ਹਰ ਵੀਰਵਾਰ ਨੂੰ ਦੀਵੇ ਬਾਲਦੈਂ। ਇਹ ਜਿਹੜੀ ਤੂੰ ਚੀਜ਼ ਮੰਗਦੈਂ, ਇਹ ਤਾਂ ਬਹੁਤ ਔਖੀ ਹੈ। ਇਹ ਤਾਂ ਪਿਆਰ ਪ੍ਰੇਮ ਦੀ ਖੇਡ ਹੈ। ਇਹ ਤਾਂ ਹਿਰਦੇ 'ਚ ਵਸਣੀ ਹੈ, ਨਹੀਂ ਤਾਂ ਨਹੀਂ ਵਸਣੀ। ਤੂੰ ਅਜੇ ਉਹਨੂੰ ਹੀ ਮੰਨੀ ਜਾਹ, ਅਜੇ ਤੂੰ ਇਸ ਗੱਲ ਦੇ ਫਿੱਟ ਨਹੀਂ ਹੈਗਾ। ਤੈਨੂੰ ਸਿੱਖੀ ਦੀ ਦਾਤ ਦਿਤੀ ਨਹੀਂ ਜਾ ਸਕਦੀ।

ਕਹਿੰਦਾ, ਮਹਾਰਾਜ! ਹੁਕਮ ਕਰੋ ਕਿਵੇਂ ਮਿਲਦੀ ਹੈ?

ਕਹਿੰਦੇ, ਪਹਿਲਾਂ ਢਾਹ ਦੇ ਮੁਕਾਮ। ਤੇਰੀ ਮੁਖਾਲਫਤ ਹੋਵੇਗੀ ਬਹੁਤ।

ਕਹਿੰਦੇ, ਜੋ ਹੋਣੈ, ਹੋਵੇ ਮਹਾਰਾਜ। ਮੈਂ ਤਾਂ ਤੁਹਾਡੇ ਚਰਨਾਂ ਦਾ ਸੇਵਕ ਬਣਨੈਂ। ਮੈਂ ਨਾਮ ਲੈਣੈ। ਘਰ ਗਿਆ, ਜਾ ਕੇ ਘਰਵਾਲੀ ਨੇ ਪੁੱਛਿਆ। ਇਕ ਲੜਕੀ ਸੀ। ਕਹਿਣ ਲੱਗਿਆ, ਮੈਂ ਤਾਂ ਸਿੱਖੀ ਧਾਰਨ ਕਰਨੀ ਹੈ। ਕਹਿੰਦੇ, ਕੀ ਕਰਨਾ ਹੈ? ਕਹਿੰਦਾ ਮੈਂ ਆ ਜਿਹੜਾ ਮੁਕਾਮ ਹੈ, ਇਹ ਪੁੱਟ ਦੇਣੈ। ਦੁਆਬੇ 'ਚ ਆਮ ਹੀ ਹੁੰਦੇ ਸੀ ਪਹਿਲਾਂ। ਸਾਡੇ ਪਿੰਡਾਂ ਵਿਚ ਵੀ ਹੁੰਦੇ, ਹੁਣ ਵੀ ਹੈਗੇ। ਉਹ ਜਦੋਂ ਢਾਹੁੰਣ ਲੱਗਿਆ, ਸਾਰਾ ਪਿੰਡ ਇਕੱਠਾ ਹੋ ਗਿਆ। ਨੱਠ ਕੇ ਆ ਕੇ ਕਈਆਂ ਨੇ ਕਹੀ ਫੜੀ, ਕਹਿੰਦੇ, ਤੂੰ ਕਮਲਾ ਹੋ ਗਿਐਂ। ਤੂੰ ਕਿਤੇ ਅੰਮ੍ਰਿਤਸਰ ਵਾਲੇ ਗੁਰੂ ਕੋਲ ਤਾਂ ਨਹੀਂ ਜਾ ਆਇਆ? ਜਿਹੜਾ ਵੀ ਉਹਦੇ ਕੋਲ ਜਾਂਦੈ, ਕਹਿੰਦੇ ਉਹ ਹੋਰ ਹੀ ਤਰ੍ਹਾਂ ਦਾ ਹੋ ਜਾਂਦੈ। ਤੁਹਾਡਾ ਰਿਸ਼ਤੇਦਾਰ ਤਿਲਕੂ ਉਹ ਵੀ ਇਵੇਂ ਜਿਵੇਂ ਹੋ ਗਿਆ। ਹੁਣ ਤੂੰ ਇਸ ਤਰ੍ਹਾਂ ਕਰਨ ਲਗ ਗਿਆ। ਕਹਿੰਦੇ, ਸਾਡੀ ਗੱਲ ਮੰਨ, ਪੀਰ ਨੇ ਹੋ ਜਾਣੈ ਨਰਾਜ਼। ਤੇਰਾ ਘਰ ਬਰਬਾਦ ਕਰ ਦੇਣੈ। ਕਹਿੰਦਾ, ਜੋ ਹੋਣਾ ਹੋ ਜਾਵੇ। ਮੈਂ ਤਾਂ ਗੁਰੂ ਦੀ ਸਿੱਖੀ ਧਾਰਨ ਕਰਨੀ ਹੈ। ਉਸ ਤੋਂ ਬਾਅਦ ਗੁਰੂ ਮਹਾਰਾਜ ਜੀ ਦੇ ਪਾਸ ਆ ਗਿਆ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੁਕਾਮ ਤਾਂ ਮੈਂ ਢਾਹ ਆਇਆ। ਕਹਿੰਦੇ, ਮੁਖਾਲਫਤ ਕਿੰਨੀ ਹੋਈ? ਕਹਿੰਦਾ, ਮਹਾਰਾਜ! ਸਾਰਾ ਹੀ ਪਿੰਡ ਆ ਗਿਆ। ਨੇੜੇ-ਤੇੜੇ ਦੇ ਪਿੰਡਾਂ ਨੂੰ ਪਤਾ ਲੱਗਿਆ, ਉਹ ਵੀ ਆ ਗਏ। ਅੱਜ ਤਕ ਮੈਨੂੰ ਕਿਸੇ ਨੇ ਬੁਰਾ ਨਹੀਂ ਸੀ ਕਿਹਾ, ਮੇਰਾ ਕਹਿਣਾ ਮੰਨਦੇ ਸੀ। ਅੱਜ ਮੈਂ ਦੇਖਿਆ, ਸਭ ਨੇ ਗਹਿਰੀਆਂ ਅੱਖਾਂ ਕਰੀਆਂ ਹੋਈਆਂ ਨੇ ਮੇਰੇ ਵਲ। ਉਹ ਕਹਿੰਦੇ, ਤੀਰਥਾ! ਇਸ ਤੋਂ ਵੀ ਅਗਾਂਹਾਂ ਤਕਲੀਫ ਤੈਨੂੰ ਆਉਣੀ ਹੈ। ਇਹ ਕੋਈ ਸੁਖਾਲੀ ਚੀਜ਼ ਨਹੀਂ ਹੈ -

*ਧਾਰਨਾ - ਜਿਉਂਦੇ ਮਰ ਜਾਵਣਾ,*
*ਸਿੱਖੀ ਕਮਾਉਣੀ ਔਖੀ।*

ਕਹਿਣ ਲੱਗੇ, ਭਾਈ ਤੀਰਥਾ! ਤੂੰ ਸਿੱਖੀ ਦੀ ਮੰਗ ਕਰ ਰਿਹੈਂ। ਸਿੱਖ ਬਣਨਾ ਬੜਾ ਔਖਾ ਹੈ। ਸਿੱਖ ਬਣਨ ਤੋਂ ਪਹਿਲਾਂ ਫੈਸਲੇ ਕਰਨੇ ਪੈਂਦੇ ਨੇ। ਕਿਉਂਕਿ ਔਖੀ ਹੈ ਇਹ ਚੀਜ਼। ਦੁਨੀਆਂ ਦਾ ਰਸਤਾ ਹੋਰ ਹੈ। ਸਿੱਖੀ ਦਾ ਰਸਤਾ ਹੋਰ ਹੈ। ਤੈਨੂੰ ਮੈਂ ਭਾਵ ਤੋਂ ਮਰਨਾ ਪੈਣੈ। ਇਹਦੀ ਸਮਝ ਹੌਲੀ-ਹੌਲੀ ਆਏਗੀ। ਪਹਿਲਾਂ ਕਬੂਲ ਤਾਂ ਕਰ ਲੈ ਨਾ। ਕਹਿੰਦਾ, ਕਬੂਲ ਹੈ ਮਹਾਰਾਜ। ਕਹਿੰਦੇ, ਦੁਖ ਆਉਣੇ ਨੇ, ਸੁਖ ਆਉਣੇ ਨੇ, ਉਪਮਾ ਹੋਣੀ ਹੈ, ਨਿੰਦਿਆ ਹੋਣੀ ਹੈ। ਬੜਾ ਕੁਛ ਹੋਣੈ। ਵਧਾਈਆਂ ਵੀ ਮਿਲਣੀਆਂ ਨੇ। ਅਫਸੋਸ ਵੀ ਹੋਣੇ ਨੇ। ਪਿਆਰਿਆ! ਇਹਦੇ ਵਿਚ ਇਕ ਰਸ ਰਹਿਣਾ ਪੈਣੈ ਕਿਉਂਕਿ ਤੂੰ ਮੁਰਦਾ ਹੋ ਚੁਕਿਆ। ਜਿਉਂਦੇ ਆਦਮੀ 'ਚ ਭਾਵ ਜਾਗਦੇ ਨੇ, ਮੁਰਦੇ 'ਚ ਕੋਈ ਭਾਵ ਨਹੀਂ ਜਾਗਦੇ। ਮਹਾਰਾਜ ਨੇ ਸਾਰੀ ਗੱਲ ਸਮਝਾ ਦਿਤੀ। ਕਹਿੰਦੇ, ਕਹਿਣਾ ਜ਼ੁਬਾਨ ਨਾਲ ਬੜਾ ਸੌਖਾ ਹੈ। ਜਿਸ ਵਕਤ ਜੀਵਨ ਗੁਜ਼ਾਰਨਾ ਪੈਂਦਾ ਹੈ, ਫੇਰ

ਔਖਾ ਹੈ। ਇਹਦੇ ਵਿਚ ਜਿਹੜੀਆਂ ਤੁਕਾਂ ਨੇ ਉਹ ਬਹੁਤ ਵਿਸਥਾਰ ਵਾਲੀਆਂ ਨੇ।

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*

ਤਿੰਨ ਗੱਲਾਂ ਨੇ। ਸਬਰ ਐਨਾ ਜ਼ਬਰਦਸਤ ਚਾਹੀਦੈ ਜਿਹਨੂੰ ਕਹਿੰਦੇ ਨੇ ਆਪਣਾ ਸਵੈ ਕੰਟਰੋਲ, ਸੰਜਮ ਉਹਦੇ ਵਿਚ ਡੋਲੇ ਨਾ ਬਿਲਕੁਲ।

ਈਰਾਨ ਦਾ ਇਕ ਬਾਦਸ਼ਾਹ ਦਰਬਾਰ ਦੇ ਵਿਚ ਕਥਾ ਕਰਾਇਆ ਕਰਦੇ ਸੀ ਤਾਂ ਉਹਨੇ ਉਲਮਾ ਜਿਹੜੇ ਸੀ, ਉਥੇ ਦੇ ਵਿਦਵਾਨ ਜਿਹਨੂੰ ਸਬੁੱਧੀਜੀਵੀ ਕਹਿੰਦੇ ਹਾਂ, ਉਹਨਾਂ ਨੂੰ ਕਿਹਾ ਕਿ ਮੈਨੂੰ ਦਸੋ ਸਬਰ ਕੀ ਹੁੰਦੈ ਤੇ ਸ਼ੁਕਰ ਕੀ ਹੁੰਦੈ? ਮੌਲਵੀਆਂ ਨੇ ਆਪਣੇ-ਆਪਣੇ ਸਭ ਨੇ ਮੱਤ ਦੱਸੇ, ਉਹਨੂੰ ਤਸੱਲੀ ਨਾ ਆਈ। ਉਸ ਵਕਤ ਉਥੇ ਇਕ ਪੀਰ ਸੀ ਬੈਠਾ। ਉਹ ਕਹਿਣ ਲੱਗਿਆ, ਜੇ ਤਾਂ ਸਹੀ ਪ੍ਰੈਕਟੀਕਲ ਅਰਥ ਜਾਨਣੇ ਨੇ ਤਾਂ ਤੂੰ ਆਪਣੇ ਅੰਬੈਸਟਰ ਨੂੰ ਭੇਜਦੇ ਔਰੰਗਜ਼ੇਬ ਦੇ ਪਾਸ, ਉਹਦੀ ਜੇਲ੍ਹ ਦੇ ਅੰਦਰ ਇਕ ਸਰਮੱਦ ਨਾਮ ਦਾ ਦਰਵੇਸ਼ ਹੈ, ਉਹ ਅਰਥ ਦਸ ਸਕਦੈਂ, ਹੋਰ ਕੋਈ ਨਹੀਂ ਦਸ ਸਕਦਾ।

ਗੱਲ ਸਮਝਣ ਵਾਲੀ ਹੈ, ਬੜੀ ਜ਼ਬਰਦਸਤ ਹੈ ਇਹ। ਉਸ ਨੇ ਇਸੇ ਤਰ੍ਹਾਂ ਕੀਤਾ, ਅੰਬੈਸਡਰ ਨੇ ਆ ਕੇ ਇਜਾਜ਼ਤ ਲੈ ਲਈ। ਉਹਨਾਂ ਦਿਨਾਂ ਦੇ ਅੰਦਰ ਸਰਮੱਦ ਪੀਰ ਜਿਹੜਾ ਸੀ, ਉਹ ਜੇਲ੍ਹਖਾਨੇ 'ਚ ਬੰਦ ਸੀ। ਹੱਥਕੜੀਆਂ ਲੱਗੀਆਂ ਹੋਈਆਂ, ਬੇੜੀਆਂ ਲੱਗੀਆਂ ਹੋਈਆਂ। ਹੁਕਮ ਇਹ ਸੀ ਕਿ ਇਹਨੂੰ ਸੂਰਜ ਨਾ ਦਿਖਾਓ। ਹਨ੍ਹੇਰੇ ਸੈੱਲ ਵਿਚ ਬੰਦ ਕਰੋ। ਬਹੁਤ ਹੀ ਹਨ੍ਹੇਰੇ ਸੈੱਲ ਹੁੰਦੇ ਨੇ, ਮੈਂ ਦੇਖੇ ਹੋਏ ਨੇ ਇੰਗਲੈਂਡ 'ਚ। ਜਿਵੇਂ ਲਿਫਟ ਦੇ ਵਿਚ ਲਾਹ ਦਿੰਦੇ ਨੇ, ਇਸ ਤਰ੍ਹਾਂ ਉਤੋਂ ਲਾਹ ਦਿੰਦੇ ਨੇ, ਉਤੇ ਢੱਕਣ ਦੇ ਦਿੰਦੇ ਨੇ। ਹਵਾ ਨੂੰ ਥੋੜ੍ਹਾ-ਥੋੜ੍ਹਾ ਰਾਹ ਰੱਖਿਆ ਹੁੰਦੈ। ਰੋਸ਼ਨੀ ਬਿਲਕੁਲ ਨਹੀਂ ਹੁੰਦੀ ਉਸ ਵਿਚ। ਜਾਂ ਆਦਮੀ ਅੰਨ੍ਹਾ ਹੋ ਜਾਂਦੈ, ਜਾਂ ਦੁਖੀ ਹੁੰਦੈ ਇਕੱਲਾ। ਉਹਦੇ ਵਿਚ ਰੱਖਿਆ ਹੋਇਐ।

ਜਿਸ ਵਕਤ ਇਹ ਸਫੀਰ ਜਾਂਦੈ। ਉਹਨੇ ਕਿਹਾ ਕਿ ਜੇ ਉਹ ਐਡਾ ਹੀ ਪੀਰ ਹੈ ਤਾਂ ਉਹ ਮੈਨੂੰ ਆਪ ਹੀ ਮਿਲ ਲਵੇ। ਜਦੋਂ ਅੱਗੇ ਗਿਆ, ਤਾਲਾ ਲੱਗਿਆ ਹੋਇਐ, ਤਾਲਾ ਖੁਲ੍ਹਾਉਣ ਦੀ ਲੋੜ ਹੀ ਨਹੀਂ, ਤਾਲੇ ਕੋਲ ਗਿਆ, ਤਾਲਾ ਆਪਣੇ ਆਪ ਖੁਲ੍ਹ ਗਿਆ। ਸੱਤ ਦਰਵਾਜ਼ੇ ਲੱਗੇ ਹੋਏ ਸੀ, ਸੱਤ ਤਾਲੇ ਸੀ। ਸਾਰੇ ਤਾਲੇ ਆਪੇ ਹੀ ਖੁਲ੍ਹ ਗਏ। ਅੰਦਰ ਚਲਿਆ ਗਿਆ। ਉਹ ਬਾਹਰ ਆ ਗਏ, ਜਿਥੇ ਰੋਸ਼ਨੀ ਸੀ। ਕਹਿਣ ਲੱਗੇ, ਕਿਵੇਂ ਆਏ ਹੋਂ? ਕਹਿਣ ਲੱਗਿਆ, ਮੈਂ ਸਬਰ ਤੇ ਸ਼ੁਕਰ ਦਾ ਅਰਥ ਪੁੱਛਣ ਆਇਆ ਹਾਂ। ਕਹਿੰਦੇ, ਐਡੀ ਦੂਰ? ਤੇਰੇ ਰਾਜੇ ਨੂੰ ਕਿਸੇ ਨੇ ਦੱਸਿਆ ਨਾ? ਕਹਿੰਦਾ, ਨਾ। ਤੁਹਾਡਾ ਨਾਉਂ ਲਿਐ।

ਕਹਿੰਦੇ, ਇਸ ਤਰ੍ਹਾਂ ਕਰੀਂ, ਬੜੀ ਦੇਰ ਹੋ ਗਈ ਮੈਨੂੰ ਇਸ਼ਨਾਨ ਕੀਤੇ ਨੂੰ। ਕੱਲ੍ਹ ਨੂੰ ਆਈਂ, ਇਕ ਮੱਸ਼ਕ ਲਿਆਈਂ ਪਾਣੀ ਦੀ, ਤੇ ਦੋ ਗਜ਼ ਕੱਪੜਾ ਲਿਆਈਂ, ਮੇਰੇ ਤੇੜ ਕੱਪੜਾ ਕੋਈ ਨਹੀਂ, ਮੈਂ ਬਰੈਹਨਾ। ਇਸੇ ਤਰ੍ਹਾਂ ਕੀਤਾ, ਮੱਸ਼ਕ ਆ ਗਈ। ਬੈਠ ਗਏ। ਨ੍ਹਾਤਾ। ਨ੍ਹਾਉਂਣ ਤੋਂ ਬਾਅਦ ਦੋ ਗਜ਼ ਕੱਪੜਾ ਆਲੇ-ਦੁਆਲੇ ਵਲੇਟ ਲਿਆ। ਅਜੇ ਇਹ ਮੁੱਕਿਆ ਹੀ ਸੀ ਕਿ ਐਨੇ ਨੂੰ ਕੋਰੜੇ ਮਾਰਨ ਵਾਲਾ ਆ ਗਿਆ। ਉਹਨੂੰ ਸਜ਼ਾ ਸੀ ਕਿ ਰੋਜ਼ ਇਹਦੇ 100 ਕੋਰੜਾ ਮਾਰਿਆ ਜਾਵੇ। ਕੋਰੜਿਆਂ ਵਾਲੇ ਜਲਾਦ ਆ ਗਏ। ਜਿਹੜਾ ਸਫੀਰ ਸੀ, ਇਹ ਪਾਸੇ ਹਟ ਗਿਆ। ਜਿਹੜਾ ਸੁਰਮੱਦ ਸੀ, ਇਹ ਚੌਂਕੜਾ ਮਾਰ ਕੇ ਬੈਠ ਗਿਆ। ਉਹਦੇ ਕੋਰੜਾ ਵੱਜਦੈ, ਕੋਰੜੇ ਵਿਚ ਆਦਮੀ ਹਾਇ ਕਹਿੰਦੈ, ਆਦਮੀ ਬੂ ਕਹਿੰਦੈ ਯਾ ਰੱਬਾ ਬਖਸ਼ ਲੈ। ਸੱਟ ਕਿਤੇ ਸਹਿ ਹੁੰਦੀ ਹੈ। ਉਹ ਕੁਛ ਵੀ ਨਹੀਂ ਕਹਿੰਦੇ, ਉਹਨਾਂ ਨੇ ਹੱਥ ਚੁਕਿਆ ਹੋਇਐ, ਬਸ ਨਾਹ 'ਚ ਉਂਗਲੀ ਹਿਲਾਈ ਜਾਂਦੇ ਨੇ। ਹੈਰਾਨ ਹੋ ਗਿਆ ਕਿ ਇਹ ਕੋਈ ਆਵਾਜ਼ ਨਹੀਂ ਕਰਦਾ, ਉਂਗਲੀ ਹਿਲਾਈ ਜਾਂਦੈ। ਜਦੋਂ 50 ਲਗ ਗਏ। ਕਹਿੰਦੇ, ਤੈਨੂੰ ਅਰਥ ਸਮਝ ਵਿਚ ਆਇਆ? ਕਹਿੰਦਾ, ਨਹੀਂ ਆਇਆ। ਕਹਿੰਦੇ, ਮੈਂ ਤੈਨੂੰ ਪ੍ਰੈਕਟੀਕਲੀ ਕਰਕੇ ਦਿਖਾਇਐ। ਕਹਿੰਦਾ, ਤੈਨੂੰ ਮੈਂ ਅੱਖਾਂ ਦਿੰਦਾ ਹਾਂ। ਗ਼ੈਬ ਨੂੰ ਦੇਖਣ ਵਾਲੀਆਂ। ਇਹਨੂੰ ਚੌਥੀ ਦਿਸ਼ਾ (dimension) ਕਹਿੰਦੇ ਨੇ। ਸਾਡੇ ਕੋਲ ਨਹੀਂ ਹਨ। ਅਸੀਂ ਤਿੰਨ ਦਿਸ਼ਾਵਾਂ (dimentions) 'ਚ ਹਾਂ ਦੇਸ਼, ਕਾਲ ਤੇ ਵਸਤੂ 'ਚ। ਚੌਥੀ ਦਾ ਨਹੀਂ ਸਾਨੂੰ ਪਤਾ। ਉਹ ਜਦੋਂ ਨੇਤਰ ਖੋਲ੍ਹ ਦਿਤੇ, ਕੋਰੜੇ ਵਾਲਾ ਫੇਰ ਆਇਆ ਕੋਰੜਾ ਮਾਰਨ। ਉਹ ਕੀ ਦੇਖਦੈ? ਬੇਅੰਤ ਫਰਿਸ਼ਤੇ, ਸ਼ਕਤੀਆਂ, ਖੜ੍ਹੀਆਂ ਨੇ ਹੱਥ ਬੰਨ੍ਹੀਂ ਦਰਵੇਸ਼ ਸਾਈਂ ਹੁਕਮ ਦੇਹ, ਅਸੀਂ ਇਹਦੇ ਰਾਜ ਦੀ ਜੜ੍ਹ ਉਖਾੜ ਦੇਈਏ। ਹੁਕਮ ਦੇ ਸਾਨੂੰ। ਉਹ ਨਾ 'ਚ ਉਂਗਲੀ ਹਿਲਾਈ ਜਾਂਦੈ। 101 ਕੋਰੜਾ ਲਗ ਹਟਿਆ।

ਕਹਿੰਦੇ, ਅਰਥ ਸਮਝ ਵਿਚ ਆਇਆ?

ਕਹਿੰਦਾ, ਨਹੀਂ ਆਇਆ।

ਕਹਿੰਦੇ, ਦੇਖ, ਇਕ ਫੁਰਨਾ ਜੇ ਮੈਂ ਕਰ ਦੇਵਾਂ ਲਾਲ ਕਿਲ੍ਹਾ ਔਹ ਜਾਏਗਾ ਪਾਟ ਕੇ। ਜੰਗਲਾਂ ਦੇ ਵਿਚ ਗਿਰਨਗੀਆਂ ਇਹਦੀਆਂ ਇੱਟਾਂ ਜਾ ਕੇ। ਦਿੱਲੀ ਸ਼ਹਿਰ ਸਾਰਾ ਹੀ ਗਰਕ ਹੋ ਜਾਏਗਾ। ਐਨੀ ਸਮਰੱਥਾ ਰਖਦਾ ਹੋਇਆ ਮੈਂ ਰੱਬ ਦੀ ਰਜ਼ਾ ਵਿਚ ਹਾਂ। ਕਿਉਂਕਿ ਉਹਦੀ ਰਜ਼ਾ ਵਿਚ ਹੋ ਰਿਹੈ ਸਭ ਕੁਛ। ***'ਰਬ ਕੀ ਰਜਾਇ ਮੰਨੇ ਸਿਰ ਉਪਰਿ...।'*** (ਅੰਗ-੧੪੧) ਮੈਂ ਉਹਦਾ ਹੁਕਮ ਮੰਨ ਰਿਹਾਂ। ਉਹਦੇ ਹੁਕਮ ਤੋਂ ਬਾਹਰ ਨਹੀਂ ਕੋਈ ਚੀਜ਼ ਹੋ ਰਹੀ। ਇਹ ਸਭ ਕੁਛ ਮੇਰੇ ਅੱਲਾਹ ਵਲੋਂ ਹੋ

ਰਿਹੈ ਤੇ ਮੈਂ ਐਨੀ ਤਾਕਤ ਰੱਖਦਾ ਹਾਂ। ਕਿੰਨੇ ਫਰਿਸ਼ਤੇ ਮਿੰਨਤਾਂ ਕਰਦੇ ਨੇ। ਜੇ ਮੈਂ ਉਹਨਾਂ ਨੂੰ ਹੀ ਕਹਿ ਦੇਵਾਂ, ਉਹੀ ਉਜਾੜਾ ਪਾ ਦੇਣਗੇ। ਪਰ ਮੇਰੇ 'ਚ ਵੀ ਐਨੀ ਜ਼ਬਰਦਸਤ ਸ਼ਕਤੀ ਹੈ ਕਿ ਇਕ ਫੁਰਨੇ ਨਾਲ ਮੈਂ ਸਾਰੀ ਦਿੱਲੀ ਨੂੰ ਗਰਕ ਕਰ ਸਕਦਾ ਹਾਂ। ਐਨੀ ਤਾਕਤ ਹੁੰਦੇ ਹੋਏ ਮੈਂ ਨਹੀਂ ਵਰਤਦਾ। ਇਹਨੂੰ ਸਬਰ ਕਹਿੰਦੇ ਨੇ। ਤਾਕਤਾਂ, ਰਿੱਧੀਆਂ-ਸਿੱਧੀਆਂ ਦਾ ਭਰਿਆ ਹੋਇਆ ਹੋਵੇ, ਲੇਕਿਨ ਫੇਰ ਵੀ ਨਾ ਵਰਤਦਾ ਹੋਵੇ, ਇਹਨੂੰ ਸਾਬਰ ਕਹਿੰਦੇ ਨੇ।

ਭਾਈ ਗੜ੍ਹੀਆ ਗੁਰੂ ਛੇਵੇਂ ਪਾਤਸ਼ਾਹ ਹੀ ਦੇ ਵੇਲੇ ਹੋਏ ਨੇ। ਗੁਰੂ ਮਹਾਰਾਜ ਨੇ ਉਸ ਨੂੰ ਕਿਹਾ ਕਿ ਕਸ਼ਮੀਰ ਤੋਂ ਬਹੁਤ ਦੇਰ ਤੋਂ ਦਸਵੰਧ ਨਹੀਂ ਆਇਆ, ਕੋਈ ਗੁਰਸਿੱਖ ਗਿਆ ਨਹੀਂ। ਭਾਈ ਮਾਧੋਦਾਸ ਉਥੇ ਸੇਵਾ ਕਰ ਰਹੇ ਨੇ। ਜੋ ਦਸਵੰਧ ਉਹਨਾਂ ਨੇ ਦੇਣੈ ਤੁਸੀਂ ਲੈ ਆਓ ਜਾ ਕੇ। ਜਾਂਦੇ-ਜਾਂਦੇ ਗੁਜਰਾਤ ਠਹਿਰ ਗਏ। ਉਥੇ ਪੀਰ ਦੌਲੇਸ਼ਾਹ ਸੀ। ਉਹਨੂੰ ਪਤਾ ਲੱਗਿਆ ਕਿ ਗੁਰੂ ਛੇਵੇਂ ਪਾਤਸ਼ਾਹ ਤੋਂ ਕੋਈ ਸਿੱਖ ਆਇਆ ਹੈ, ਧਰਮਸਾਲਾ ਵਿਚ। ਉਚੇਚਾ ਆਪ ਆਇਆ, ਉਥੇ ਆ ਕੇ ਕਹਿਣ ਲੱਗਿਆ, ਭਾਈ ਸਾਹਿਬ! ਤੁਸੀਂ ਮੇਰੇ ਕੋਲ ਠਹਿਰੋ। ਇਕ ਮੇਰੀ ਬੜੀ ਚਿਰ ਦੀ ਆਸਾ ਹੈ, ਉਹ ਪੂਰੀ ਕਰੋ। ਉਹ ਇਹ ਹੈ ਕਿ ਮੈਂ ਸੁਖਮਨੀ ਸਾਹਿਬ ਚੰਗੀ ਤਰ੍ਹਾਂ ਸੁਣਨਾ ਚਾਹੁੰਦਾ ਹਾਂ। ਹਫ਼ਤਾ ਠਹਿਰੋ ਮੇਰੇ ਕੋਲ। ਇਕ ਸੁਖਮਨੀ ਸਾਹਿਬ ਮੈਨੂੰ ਸੁਣਾ ਦਿਆ ਕਰੋ। ਸੁਖਮਨੀ ਸਾਹਿਬ ਪੜ੍ਹਦੇ ਰਹੇ। ਹਫ਼ਤੇ ਬਾਅਦ ਜਦੋਂ ਵਿਦਾ ਹੋਇਆ। ਅਸੂਲ ਇਹ ਹੋਇਆ ਕਰਦੈ ਕਿ ਸਾਧੂ, ਸਾਧੂ ਨੂੰ ਛੱਡਣ ਜਾਇਆ ਕਰਦੈ। ਉਹ ਛੱਡਣ ਵਾਸਤੇ ਜਦੋਂ ਤੁਰਿਆ, ਬਾਹਰ ਹੋ ਗਿਆ ਜਦੋਂ ਗੁਜਰਾਤ ਤੋਂ, ਕੱਚਾ ਰਸਤਾ ਸੀ, ਉਹਨਾਂ ਦੀ ਜਿਹੜੀ ਜੁੱਤੀ ਸੀ, ਉਹਦੀਆਂ ਅੱਡੀਆਂ ਬੈਠੀਆਂ ਹੋਈਆਂ ਸੀ। ਪੈਦਲ ਚਲਦੇ ਹੁੰਦੇ ਸੀ, ਏਦਾਂ ਆਮ ਤੌਰ 'ਤੇ ਬੈਠ ਹੀ ਜਾਇਆ ਕਰਦੀਆਂ ਸੀ। ਬੈਠੀਆਂ ਹੋਈਆਂ ਕਰਕੇ ਜਦੋਂ ਉਹਦੇ ਵਿਚ ਮਿੱਟੀ ਪਵੇ, ਚੁੱਕ ਕੇ ਉਤੇ ਨੂੰ ਮਾਰਨ, ਕੱਪੜਾ ਖਰਾਬ ਕਰ ਦੇਣ। ਚੋਲੇ ਵਲ ਦੇਖਿਆ, ਚੋਲੇ 'ਚ ਟਾਕੀਆਂ ਲੱਗੀਆਂ ਹੋਈਆਂ। ਖਿਆਲ ਆਇਆ ਕਿ ਗੁਰੂ ਦੇ ਸਿੱਖ ਨੇ ਬਹੁਤੇ। ਐਨਿਆਂ ਨੂੰ ਨਾ ਕੱਪੜਾ ਦੇ ਹੁੰਦੈ, ਨਾ ਜੁੱਤੀ ਦੇ ਹੁੰਦੀ ਹੈ। ਕਰਨ ਵੀ ਕੀ, ਹਜ਼ਾਰਾਂ ਦੀ ਤਾਦਾਦ 'ਚ ਸਿੱਖ ਨੇ। ਕਹਿਣ ਲੱਗੇ, ਮੈਂ ਹੀ ਭਲਾ ਕਰ ਲਵਾਂ। ਵਾਹਨ 'ਚ ਡਲ੍ਹਾ ਪਿਆ ਸੀ, ਇਕ ਡਲ੍ਹੇ ਵਲ ਦੇਖਿਆ, ਕਹਿੰਦੇ ਭਾਈ ਗੜ੍ਹੀਆ ਜੀ! ਮੇਰੀ ਥੋੜ੍ਹੀ ਜਿਹੀ ਭੇਟਾ ਕਬੂਲ ਕਰ ਲਓ। ਔਹ ਡਲ੍ਹਾ ਚੁੱਕ ਲਓ, ਇਹ ਸੋਨੇ ਦਾ ਹੈ, ਇਹਨੂੰ ਵੇਚ ਕੇ ਤੁਸੀਂ ਵਧੀਆ ਜੋੜੇ ਬਣਾ ਲਓ, ਵਧੀਆ ਵਸਤਰ ਬਣਾ ਲਓ, ਵਧੀਆ ਸਵਾਰੀ ਲੈ ਲਓ, ਘੋੜਾ ਲੈ ਲਓ ਉਹਦੇ ਉਤੇ ਚੜ੍ਹ ਕੇ ਤੁਸੀਂ ਜਾਓ। ਪੈਦਲ ਤੁਰ ਕੇ ਤੁਸੀਂ ਆਏ ਹੋਂ।

ਕਹਿਣ ਲੱਗੇ, ਕਿਹੜਾ ਡਲ੍ਹਾ ਕਹਿੰਦੇ ਹੋਂ ਪੀਰ ਜੀ?

ਭਾਈ ਗੜ੍ਹੀਏ ਨੇ ਇਕ ਨਿਗ੍ਹਾ ਕੀਤੀ, ਸਾਰਾ ਖੇਤ ਸੋਨੇ ਦਾ ਬਣਾ ਦਿਤਾ। ਸਭ ਡਲ੍ਹੇ ਝਿਲਮਿਲ-ਝਿਲਮਿਲ ਕਰਦੇ ਨੇ। ਕਹਿੰਦੇ, ਕਿਹੜਾ ਡਲ੍ਹਾ ਚੁੱਕਣੈ। ਪੀਰ ਹੈਰਾਨ ਹੋ ਗਿਆ ਕਿ ਮੈਂ ਤਾਂ ਇਕੋ ਡਲ੍ਹਾ ਬਣਾਇਐ, ਇਹਨੇ ਤਾਂ ਖੇਤ ਬਣਾ ਦਿਤਾ ਸੋਨੇ ਦਾ। ਇਹ ਤਾਂ ਬਾਦਸ਼ਾਹਾਂ ਦੇ ਬਾਦਸ਼ਾਹ ਨੇ -

*ਪਾਤਿਸਾਹੀ ਭਗਤ ਜਨਾ ਕਉ ਦਿਤਿਅਨ............॥*

*ਅੰਗ-੫੯੦*

ਉਹ ਬਾਦਸ਼ਾਹ ਹੋਇਆ ਕਰਦੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲੱਗਿਆ,*
*ਰਾਜਾ ਸਾਰੀ ਦੁਨੀਆਂ ਦਾ।*

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*

*ਅੰਗ- ੭੦੭*

ਸਾਰੀ ਕੁਦਰਤ ਉਹਦੇ ਆਖੇ ਲਗਦੀ ਹੈ।

ਬਾਬਾ ਬੀਰ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਨਾਲ ਜਾ ਰਹੇ ਨੇ। ਅਟਕ ਦਰਿਆ ਚੜ੍ਹਿਆ ਹੋਇਐ, ਫੌਜਾਂ ਦੀ ਚਾਲੇ ਹੋ ਗਏ। ਮਹਾਰਾਜਾ ਰਣਜੀਤ ਸਿੰਘ ਨੇ ਕਿਹਾ, ਮਹਾਰਾਜ! ਜੇ ਜਮਰੌਦ ਦਾ ਕਿਲ੍ਹਾ ਫਤਹਿ ਕਰ ਲਿਆ, ਤਾਂ ਫੇਰ ਇਹਨਾਂ ਨੇ ਲਾਹੌਰ ਪਹੁੰਚਣੈ। ਉਹੀ ਹਾਲ ਸਾਡਾ ਹੋ ਜਾਏਗਾ, ਜਿਹੜਾ ਪਹਿਲਾਂ ਹੋਇਐ। ਬੱਕਰੀਆਂ ਵਾਂਗੂੰ ਧੀਆਂ ਭੈਣਾਂ ਨੂੰ ਬੰਨ੍ਹ ਕੇ ਲੈ ਆਉਣਗੇ। ਇਥੇ ਟਕੇ-ਟਕੇ ਦੀਆਂ ਵੇਚਦੇ ਨੇ। ਕ੍ਰਿਪਾ ਕਰੋ ਆਪ, ਫੌਜਾਂ ਲੰਘਾਓ ਪਾਰ। ਦਰਿਆ ਉੱਛਲ ਰਿਹੈ। ਕਹਿੰਦੇ, ਦੇਖ ਰਣਜੀਤ ਸਿੰਘਾ! ਗੁਰੂ ਨੇ ਸ਼ਕਤੀਆਂ ਦਿਖਾਉਣੀਆਂ ਮਨ੍ਹਾ ਕਰੀਆਂ ਹੋਈਆਂ ਨੇ। ਪਰ ਹੁਣ ਪਰਉਪਕਾਰ ਦਾ ਕੰਮ ਹੈ ਸਾਰੇ ਪੰਜਾਬ ਦੀ ਇੱਜ਼ਤ ਦਾ ਸਵਾਲ ਹੈ। ਚਲੋ, ਫੌਜਾਂ ਲੰਘਾਓ ਤੁਸੀਂ। ਦਰਿਆ ਦੇ ਕੰਢੇ ਹੋ ਕੇ ਕਹਿੰਦੇ, ਓ ਅਸੀਂ ਸੁਖਮਨੀ ਸਾਹਿਬ ਪੜ੍ਹਨੀ ਹੈ। ਹੜ੍ਹ ਆਇਆ ਹੋਇਆ, ਸਾਰਾ ਹੀ ਰੁਕ ਗਿਆ। ਤਰਕ ਵਾਲੇ ਬੰਦੇ ਇਥੇ ਇਹ ਕਹਿਣਗੇ ਕਿ ਕਿਵੇਂ ਰੁਕ ਗਿਆ, ਜਿਹੜਾ ਪਾਣੀ ਵਿਚੋਂ ਆਇਆ ਕਿਧਰ ਚਲਿਆ ਗਿਆ। ਪਿੱਛੋਂ ਤਾਂ ਐਨਾ ਹੜ੍ਹ ਆ ਰਿਹੈ। ਜਿਥੇ ਤਕ ਵੀ ਪਾਣੀ ਦੀ movement ਸੀ ਸਾਰੀ ਰੁਕ ਗਈ। ਪ੍ਰਮੇਸ਼ਰ ਨੇ ਜਿਹੜਾ ਮਾਇਆ ਦਾ ਨਿਯਮ ਸੀ ਉਹ ਤੋੜ ਦਿਤਾ। ਕਿਉਂਕਿ ਉਹਦੇ ਪਿਆਰੇ ਜਦੋਂ ਚਾਹੁੰਦੇ ਨੇ ਕਿ -

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥*

*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥* *ਅੰਗ- ੧੨੫੩*
*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥* *ਅੰਗ- ੨੪੮*

ਰੰਗ ਰੱਤਿਆਂ ਦੀ ਗੱਲ ਪ੍ਰਮੇਸ਼ਰ ਮੰਨਦੈ। ਸਾਰਾ ਪਾਣੀ ਰੁਕ ਗਿਆ। ਸੁਖਮਨੀ ਸਾਹਿਬ ਪੜ੍ਹਿਆ, ਫੌਜਾਂ ਲੰਘ ਗਈਆਂ, ਇਕ ਕੰਪਨੀ ਰਹਿ ਗਈ। ਉਹ ਮਨ ਵਿਚ ਕਰਦੇ ਨੇ ਕਿ ਐਵੇਂ ਬਾਬਾ ਸਨਮਾਨ ਲੈਂਦੈ, ਪਾਣੀ ਤਾਂ ਸਹਿਜ ਨਾਲ ਉਤਰਿਆ ਆਪਾਂ ਹੁਣ ਚੱਲਾਂਗੇ। ਕਹਿੰਦੇ, ਸਾਰੇ ਨਿਕਲ ਜਾਣਗੇ ਫੇਰ ਤੁਰਾਂਗੇ। ਏਧਰੋਂ ਹੁਕਮ ਆ ਗਿਆ ਕਿ ਛੇਤੀ ਕਰੋ। ਉਹ ਦਰਿਆ ਦੇ ਅਟਕ ਦੇ ਵਿਚ ਦਾਖਲ ਹੁੰਦੇ ਨੇ ਤੇ ਬਾਬਾ ਜੀ ਨੇ ਹੌਲੀ-ਹੌਲੀ ਹਾਥੀ ਚਲਾ ਲਿਆ। ਬਾਬਾ ਜੀ ਬਰੇਤੀ 'ਤੇ ਆ ਗਏ। ਜਿਸ ਵਕਤ ਇਹ ਵਿਚਕਾਰ ਆ ਗਏ। ਉਸੇ ਵੇਲੇ ਦਰਿਆ ਓਨਾ ਹੀ ਉੱਛਲਿਆ, ਹੜ੍ਹ ਫੇਰ ਆ ਗਿਆ।

ਸਧਾਰ ਪਿੰਡ ਦੇ ਵਿਚ ਇਕ ਨਿਹੰਗ ਸਿੰਘ ਹੁੰਦੇ, ਉਹ ਬਹੁਤ ਕੁਛ ਕਰਨੀ ਕਮਾਈ ਵਾਲੇ ਸੀ। ਆਹ ਜਿਹੜੇ ਸਿਧਾਰ ਦੇ ਕਾਲਜ ਵਗੈਰਾ ਸੀ ਸਭ ਉਹਨਾਂ ਦੀ ਮਿਹਰ ਹੈ। ਸੋ ਉਹਨੇ ਲੰਗਰ ਲਿਆਉਣਾ ਯਾਤਰੂਆਂ ਨੂੰ ਛਕਾਉਣਾ, ਲੰਗਰ ਰੱਖਣਾ ਕਿੱਥੇ? ਬਾਹਰ ਰੱਖਣਾ, ਟੋਕਰੀਆਂ 'ਚ ਤੇ ਕੁੱਤੀ ਨੂੰ ਹਾਕ ਮਾਰਨੀਂ ਕਿ ਚੌਂਕੀਦਾਰਨੀਏ ਪਹਿਰਾ ਦੇ। ਕੁੱਤੀ ਨੇ ਆ ਕੇ ਬਹਿ ਜਾਣਾ, ਰਾਖੀ ਕਰਨੀ। ਜਦੋਂ ਸੰਗਤਾਂ ਨੇ ਛਕ ਲੈਣਾ, ਅਵਾਜ਼ ਦੇਣੀ, ਸਭ ਚਿੜੀਆਂ ਆ ਜਾਓ। ਚਿੜ੍ਹੀਆਂ ਨੇ ਚੀਂ-ਚੀਂ ਕਰਕੇ ਸਭ ਨੇ ਪੰਗਤ ਲਾ ਲੈਣੀ। ਭੋਰ-ਭੋਰ ਕੇ ਪ੍ਰਸ਼ਾਦੇ ਪਾਈ ਜਾਣੇ। ਜਦੋਂ ਫੰਘ ਮਾਰਦੀਆਂ ਉਡ ਗਈਆਂ ਖੁਸ਼ ਹੋ ਕੇ ਤਾਂ ਕਹਿੰਦਾ, ਹੁਣ ਗਟਾਰਾਂ, ਕਬੂਤਰ, ਸਾਰੇ ਛੋਟੇ ਜਾਨਵਰ ਆ ਜਾਓ। ਫੇਰ ਸਭ ਨੇ ਆ ਜਾਣਾ। ਕਾਂ ਆਲੇ ਦੁਆਲੇ ਬੈਠੇ ਝਾਕਦੇ ਨੇ ਕਿ ਸਾਨੂੰ ਤਾਂ ਅਜੇ ਅਵਾਜ਼ ਨਹੀਂ ਪਈ। ਉਸ ਤੋਂ ਬਾਅਦ ਬਾਬਾ ਜੀ ਨੇ ਕਹਿਣਾ ਹੁਣ ਕਾਉਂ ਆ ਜਾਓ ਸਾਰੇ। ਬਹੁਤ ਸਾਰੇ ਕਾਂ ਆ ਜਾਣੇ। ਉਥੇ ਟੋਭਾ ਸੀ ਕਹਿਣ ਹੁਣ ਮੱਛੀਆਂ ਆ ਜਾਓ ਸਾਰੀਆਂ। ਸਭ ਕੰਢੇ ਤੇ ਲਗ ਜਾਣੀਆਂ। ਪ੍ਰਸ਼ਾਦਾ ਪਾਉਂਦੇ ਹੀ ਚਲੀ ਜਾਣਾ। ਪਿਛੋਂ ਆ ਕੇ ਇਕ ਪ੍ਰਸ਼ਾਦਾ ਜਾਂ ਦੋ ਪ੍ਰਸ਼ਾਦੇ ਕੁੱਤੀ ਨੂੰ ਪਾਉਣੇ ਲੈ ਚੌਕੀਂਦਾਰਨੀਏ! ਤੂੰ ਵੀ ਛਕ ਲੈ। ਜਿਹੜਾ ਕੁਛ ਬਚ ਗਿਆ, ਉਹਨਾਂ ਨੇ ਪਿੱਛੋਂ ਖਾਣਾ ਸਾਰਿਆਂ ਤੋਂ। ਇੱਟਾਂ ਚੁਕਦੇ ਫਿਰੀ ਜਾਣਾ, ਰੋੜੇ। ਪੁੱਛਣਾ ਕਿ ਬਾਬਾ ਜੀ! ਰੋੜੇ ਚੁਕਦੇ ਹੋਂ। ਇਹ ਕਾਲਜ ਬਣਦੈ ਕਾਲਜ, ਕਹਿੰਦੇ ਇਹਨਾਂ ਰੋੜਿਆਂ ਨਾਲ। ਕਹਿੰਦੇ, ਹਾਂ। ਕਹਿੰਦੇ, ਤੁਸੀਂ ਉਤੇ ਕੀ ਦੇਖਦੇ ਹੋਂ। ਕਹਿੰਦੇ, ਹਵਾਈ ਜਹਾਜ਼ ਉਡੇ ਫਿਰਦੇ ਨੇ। ਉਥੇ ਹਵਾਈ ਅੱਡਾ ਵੀ ਬਣ ਗਿਆ, ਕਾਲਜ ਵੀ ਬਣ ਗਿਆ। ਸੋ ਮਹਾਂਪੁਰਸ਼ ਰਾਜੇ ਹੋਇਆ ਕਰਦੇ ਨੇ, ਕੁਦਰਤ ਇਹਨਾਂ ਦੇ ਕਹਿਣਿਆਂ ਵਿਚ ਚਲਦੀ ਹੈ। ਮਾੜੇ ਧੀੜੇ ਨਹੀਂ ਹੁੰਦੇ ਇਹ।

ਭਾਈ ਗੜ੍ਹੀਆ ਸ਼ਕਤੀਆਂ ਸੰਪੰਨ ਸੀ। ਫੇਰ ਸਬਰ ਐਨਾ ਸੀ ਭੁੱਖੇ-ਪਿਆਸੇ ਰਹਿ ਲੈਂਦੇ ਸੀ, ਨਹੀਂ ਸ਼ਕਤੀ ਵਰਤਦੇ ਸੀ।

ਉਸੇ ਸੁਰਮੱਦ ਨੇ ਕਿਹਾ ਕਿ ਦੇਖ, ਸੌ ਕੋਰੜਾ ਮੇਰੀ ਪਿੱਠ 'ਤੇ ਪਿਐ। ਖੂਨ ਚੱਲ ਰਿਹੈ। ਜੇ ਮੈਂ ਇਕ ਫੁਰਨਾ ਕਰ ਦੇਵਾਂ, ਔਰੰਗਜ਼ੇਬ ਹੁਣੇ ਗਰਕ ਹੋ ਜਾਏਗਾ। ਪਰ ਪਿਆਰਿਆ! ਸਾਨੂੰ ਸਬਰ ਦਾ ਸਬਕ ਸਿਖਾਇਆ ਗਿਐ।

ਗੁਰੂ ਪੰਜਵੇਂ ਪਾਤਸ਼ਾਹ ਨੂੰ ਗੋਰਖਨਾਥ ਨੇ ਕਿਹਾ ਕਿ ਸੱਚੇ ਪਾਤਸ਼ਾਹ! ਤੁਹਾਡਾ ਤਵੀ 'ਤੇ ਬੈਠਣਾ ਸਾਡੇ ਤੋਂ ਦੇਖ ਨਹੀਂ ਹੁੰਦਾ, ਮੈਂ ਸਰਾਪ ਦਿੰਦਾ। ਕਹਿੰਦੇ, ਗੋਰਖਨਾਥ ਕਿਸੇ ਨੇ ਕੀ ਕਸੂਰ ਕਰਿਐ। ਇਹ ਤਾਂ ਅਸੀਂ ਆਪਣੀ ਮੌਜ ਵਿਚ ਖੇਲ੍ਹ ਰਚਾਇਆ ਹੋਇਐ। ਮੀਆਂ ਮੀਰ ਆ ਗਿਆ, ਦੋਵੇਂ ਬਾਹਾਂ ਉੱਚੀਆਂ ਚੁੱਕ ਲਈਆਂ। ਪਾਤਸ਼ਾਹ! ਮੇਰੇ ਤੋਂ ਨਹੀਂ ਰੁਕਿਆ ਜਾਂਦਾ ਮੈਂ ਸਰਾਪ ਦੇਣ ਲੱਗਿਆਂ। ਮਹਾਰਾਜ ਕਹਿੰਦੇ, ਕੀਹਨੂੰ ਦੇਣਾ ਹੈ? ਅਸੀਂ ਨਹੀਂ ਦੇ ਸਕਦੇ? ਕਹਿੰਦੇ, ਮੀਆਂ ਮੀਰ ਅਸੀਂ ਤੈਨੂੰ ਇਕ ਅਰਥ ਸਮਝਾਇਐ ਪ੍ਰੈਕਟੀਕਲ -

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
*ਅੰਗ - ੨੭੨*

ਕਹਿੰਦੇ, ਇਥੇ ਕੋਈ ਦੂਜਾ ਹੈ ਪ੍ਰਮੇਸ਼ਰ ਤੋਂ ਬਗੈਰ ਜਿਹਨੂੰ ਸਰਾਪ ਦੇਈਏ? ਇਹਨੂੰ ਸਬਰ ਕਹਿੰਦੇ ਨੇ, ਜਦੋਂ ਤਕ ਇਹ ਨਹੀਂ ਆਉਂਦਾ, ਸਿੱਖੀ ਵਿਚ ਤੁਰ ਨਹੀਂ ਹੁੰਦਾ। ਦੂਸਰਾ ਹੁੰਦੈ ਸ਼ੁਕਰ, ਤੀਸਰਾ ਹੁੰਦੈ ਸਿਦਕ, ਚੌਥਾ ਜਿਹੜਾ ਵਤੀਰਾ ਹੈ ਉਹਦਾ ਰੋਜ਼ ਦਾ, ਉਹ ਹੈ ਗੁਲਾਮ ਵਾਲਾ -

*ਗੋਲਾ ਮੁੱਲ ਖਰੀਦ ਕਾਰੇ ਜੋਵਣਾ।* *ਭਾਈ ਗੁਰਦਾਸ ਜੀ*

ਸੋ ਮੈਂ ਉਸ ਗੁਰਸਿੱਖ ਦੀ ਬਾਤ ਕਰ ਰਿਹਾ ਸੀ। ਮਹਾਰਾਜ ਨੇ ਕਿਹਾ ਕਿ ਸਿੱਖੀ ਕੋਈ ਸੁਖਾਲੀ ਨਹੀਂ ਹੁੰਦੀ, ਬਹੁਤ ਔਖੀ ਹੈ। ਉਸ ਤੋਂ ਬਾਅਦ ਉਹਨੇ ਕਿਹਾ ਕਿ ਸੱਚੇ ਪਾਤਸ਼ਾਹ! ਮੇਰੇ 'ਤੇ ਕ੍ਰਿਪਾ ਕਰੋ। ਸਿੱਖੀ ਵੀ ਬਖਸ਼ੋ ਤੇ ਸਿੱਖੀ ਵਿਚੋਂ ਪਾਸ ਹੋਣ ਦਾ ਬਲ ਵੀ ਬਖਸ਼ੋ। ਮਹਾਰਾਜ ਨੇ ਉਸ ਵੇਲੇ ਨਾਮ ਦੀ ਦਾਤ ਦਿਤੀ, ਨਾਮ ਦੀ ਕਮਾਈ ਕੀਤੀ। ਉਹਦਾ ਪਿਛਲੇ ਜਨਮਾਂ ਦਾ ਬਹੁਤ ਤਪ ਸੀ। ਉਸ ਵੇਲੇ ਉੱਚੀਆਂ ਅਵਸਥਾਵਾਂ 'ਤੇ ਪਹੁੰਚ ਗਿਆ। ਸੁੰਨ ਵਿਚ ਚਲਿਆ ਗਿਆ -

*ਅਨਹਤ ਸੁੰਨਿ ਰਤੇ ਸੇ ਕੈਸੇ ॥*
*ਜਿਸ ਤੇ ਉਪਜੇ ਤਿਸ ਹੀ ਜੈਸੇ ॥* *ਅੰਗ- ੯੪੩*

ਮਹਾਰਾਜ ਨੇ ਕਿਹਾ ਕਿ ਐਨੀ ਉੱਚੀ ਅਵਸਥਾ ਵਿਚ ਇਹ ਸੇਵਾ ਤੇ ਸਿਮਰਨ ਨਾਲ ਪਹੁੰਚ ਗਿਆ। ਹੁਣ ਦੇਖਣਾ ਚਾਹੀਦੈ ਕਿ ਇਹ ਪੱਕਾ ਹੈ ਕਿ ਕੱਚਾ ਹੈ। ਉਹ ਜਦੋਂ ਰੂਹਾਨੀ ਇਮਤਿਹਾਨ ਲਿਆ ਜਾਂਦੈ, ਉਸ ਵੇਲੇ ਜੋ ਗੁਰੂ ਪਰਚਾ ਪਾਉਂਦੈ, ਉਹਦਾ ਨਾਉਂ ਹੁੰਦੈ ਕਸਵੱਟੀ। ਜਦੋਂ ਗੁਰੂ ਕਸਵੱਟੀ ਲਾ ਦੇਵੇ, ਉਹ ਮਾੜਿਆਂ ਤੋਂ ਤਾਂ ਸਹਿ ਨਹੀਂ ਹੁੰਦੀ।

ਜਦੋਂ ਗੁਰੂ ਦਸ਼ਮੇਸ਼ ਪਿਤਾ ਨੇ ਕਸੱਵਟੀ ਲਾਈ, ਉਸ ਵੇਲੇ ਮਰਜੀਵੜੇ ਹੀ ਪਾਸ ਹੋਏ, ਦੂਜੇ ਨਹੀਂ ਹੋਏ। ਐਸਾ ਬਾਣੀ ਵਿਚ ਫੁਰਮਾਨ ਆਉਂਦੈ, ਪੜ੍ਹੋ ਪਿਆਰ ਨਾਲ –

*ਧਾਰਨਾ – ਜਦੋਂ ਲਗਦੀ ਐ ਰਾਮ ਕਸਉਟੀ,*
*ਪਾਸ ਹੁੰਦੇ ਮਰਜੀਵੜੇ।*

*ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥*
*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥*

*ਅੰਗ – ੯੪੮*

ਜਿਹੜਾ ਮਰਜੀਵੜਾ ਸਿੱਖ ਹੈ ਉਹ ਤਾਂ ਪਾਸ ਹੋ ਜਾਂਦੈ, ਦੂਸਰਾ ਰਹਿ ਜਾਂਦੈ। ਸਾਰੇ ਮਹਾਂਪੁਰਸ਼ ਲਾਉਂਦੇ ਨੇ ਕਸਉਟੀ। ਇਮਤਿਹਾਨ 'ਚ ਪਾਸ ਨਹੀਂ ਹੁੰਦਾ, ਫੇਰ ਡਿਗਰੀ ਕਿਵੇਂ ਮਿਲੇਗੀ। ਇਮਤਿਹਾਨ ਪਹਿਲਾਂ ਹੈ, ਡਿਗਰੀ ਬਾਅਦ ਵਿਚ ਹੈ।

ਉਸ ਵੇਲੇ ਮਹਾਰਾਜ ਨੇ ਬੁਲਾਇਆ, ਕਹਿਣ ਲੱਗੇ, ਭਾਈ ਤੀਰਥੇ! ਤੈਨੂੰ ਸਾਰੀ ਸੰਗਤ ਮੰਝ ਕਹਿਣ ਲੱਗ ਗਈ, ਅਸੀਂ ਵੀ ਮੰਝ ਕਹਿੰਦੇ ਹਾਂ। ਤੂੰ ਜਾਹ ਘਰ ਨੂੰ, ਪਰ ਇਕ ਸਾਡੀ ਗੱਲ ਸੁਣ ਲੈ, ਤੂੰ ਹੈਂ ਚੌਧਰੀ ਉਸ ਇਲਾਕੇ ਦਾ, ਤੇਰੀ ਮਾਨਤਾ ਬਹੁਤ ਵੱਡੀ ਹੈ। ਤੂੰ ਆ ਗਿਆ ਸਿੱਖੀ ਦੇ ਵਿਚ। ਤੇਰੇ ਭਾਈਚਾਰੇ ਨੇ ਤੇਰੇ ਨਾਲ ਨਰਾਜ਼ ਹੋ ਜਾਣੈ। ਸਹਿ ਲਏਂਗਾ ਨਰਾਜ਼ਗੀ? ਪਾਤਸ਼ਾਹ! ਤੁਹਾਡਾ ਦਰ ਨਾ ਮੇਰੇ ਤੋਂ ਛੁਟੇ, ਭਾਵੇਂ ਸਾਰਾ ਸੰਸਾਰ ਮੇਰੇ ਨਾਲ ਨਰਾਜ਼ ਹੋ ਜਾਏ। ਕਹਿੰਦੇ, ਬਹੁਤ ਔਖਾ ਹੋਏਂਗਾ। ਘਰ-ਬਾਰ ਖੋਹ ਲੈਣਗੇ, ਉਜਾੜਾ ਪਾ ਦੇਣਗੇ। ਅਸੀਂ ਤਾਂ ਤੈਨੂੰ ਕਹਿੰਦੇ ਹਾਂ ਕਿ ਭਾਵੇਂ ਓਵੇਂ ਜਿਵੇਂ ਫੇਰ ਬਣਾ ਲੈ ਜਾ ਕੇ। ਮੁਕਾਮ 'ਤੇ ਦੀਵਾ ਜਾਲੀ ਜਾਹ। ਕਹਿੰਦਾ, ਨਾ ਸੱਚੇ ਪਾਤਸ਼ਾਹ! ਇਹ ਬਚਨ ਨਾ ਤੁਸੀਂ ਕਹੋ। ਕਹਿੰਦੇ, ਦੇਖ ਲੈ ਔਖਾ ਹੋਏਂਗਾ।

ਘਰ ਆ ਗਿਆ, ਘਰ ਆਇਆ ਤਾਂ ਮਹਾਰਾਜ ਨੇ ਕਸਵੱਟੀ ਲਾ ਦਿਤੀ। ਸਾਰਿਆਂ ਦਾ ਮਨ ਬਦਲ ਦਿਤਾ। ਹੋਇਆ ਕੀ? ਜਿੱਦਣ ਘਰ ਦੇ ਅੰਦਰ ਪੈਰ ਰੱਖਿਆ, ਓਦਣ ਹੀ ਸਭ ਤੋਂ ਚੰਗੀ ਮੱਝ ਮਰ ਗਈ। ਕੋਈ ਅਫਸੋਸ ਨਹੀਂ ਕਰਿਆ। ਦੂਸਰੇ ਦਿਨ ਦੋ ਮਰ ਗਈਆਂ, ਤੀਸਰੇ ਦਿਨ ਬੈਲ ਮਰ ਗਏ। ਚੌਥੇ ਦਿਨ ਘੋੜੀ ਮਰ ਗਈ। ਖੁਰਲੀ ਭਰੀ ਪਈ ਸੀ ਪਸ਼ੂਆਂ ਦੀ, ਕਿਉਂਕਿ ਜ਼ਮੀਨ ਬਹੁਤ ਸੀ ਉਹਦੇ ਕੋਲ। ਖੁਰਲੀ ਖਾਲੀ ਹੋ ਗਈ ਸਾਰੀ। ਪਿੰਡ ਦੇ ਵਿਚ ਗੱਲਾਂ ਹੋਣ ਲਗ ਗਈਆਂ। ਸਾਰੇ ਇਕੱਠੇ ਹੋਏ, ਕਹਿੰਦੇ ਬਈ ਦੇਖੋ ਇਹ ਬਣ ਗਿਆ ਸਿੱਖ। ਪੀਰ ਹੋ ਗਿਆ ਨਰਾਜ਼। ਉਹ ਇਹਦੇ ਉਤੇ ਨਰਾਜ਼ ਹੋਇਐ ਜੇ ਸਾਡੇ 'ਤੇ ਹੋ ਗਿਆ, ਸਾਨੂੰ ਵੀ ਇਵੇਂ ਜਿਵੇਂ ਬਣਾ ਦਏਗਾ। ਰੋਜ਼ ਡੰਗਰ ਮਰਦੇ ਨੇ। ਕੱਟ ਗਿਆ ਇਸ ਤੋਂ ਸਾਰਾ ਇਲਾਕਾ। ਸਾਰਾ ਇਲਾਕਾ ਹੀ ਸਰਵਰੀਆ ਸੀ। ਕਹਿੰਦੇ, ਕੀ ਕਰੀਏ? ਕਹਿੰਦੇ, ਕਰਨਾ ਕੀ ਹੈ? ਇਹਨੂੰ ਪਿੰਡ 'ਚੋਂ ਨਠਾ ਦਿਓ, ਖੋਹ ਲਓ ਇਹਦਾ ਸਭ ਕੁਛ। ਇਤਿਹਾਸ ਵਿਚ ਆਉਂਦੈ ਕਿ ਸਾਰੀ ਸਰਦਾਰੀ ਖੋਹ ਲਈ। ਜ਼ਮੀਨ ਦੇ ਉਤੇ ਜ਼ਬਰਦਸਤੀ ਕਬਜ਼ਾ ਕਰ ਲਿਆ। ਘਰ ਦੇ ਉਤੇ ਕਬਜ਼ਾ ਕਰਕੇ ਤਿੰਨਾਂ ਨੂੰ ਧੱਕੇ ਮਾਰ ਕੇ ਪਿੰਡ 'ਚੋਂ ਬਾਹਰ ਕੱਢ ਦਿਤਾ। ਜਿਹੜੇ ਕੱਪੜੇ ਪਾਏ ਸੀ ਉਹ ਨੇ ਬਸ। ਭਾਈ ਮੰਝ ਸੋਚਦੈ ਕਿ ਇਹਨਾਂ ਦੀਆਂ ਲੜਕੀਆਂ ਦੀਆਂ ਤਾਂ ਮੈਂ ਸ਼ਾਦੀਆਂ ਕਰਾਈਆਂ ਸੀ। ਸਾਰਾ ਖਰਚਾ ਮੈਂ ਆਪਣੀ ਜੇਬ 'ਚੋਂ ਦਿਤਾ ਸੀ। ਆਹ ਬੰਦਿਆਂ ਦਾ ਮੈਂ ਮਾਲੀਆ ਭਰਿਆ ਸੀ ਸਰਕਾਰੇ ਦਰਬਾਰੇ, ਪੁਲਿਸ ਫੜ ਰਹੀ ਸੀ ਇਹਨਾਂ ਨੂੰ। ਆਹ ਬਿਮਾਰ ਨੂੰ ਮੈਂ ਵੈਦਖਾਨੇ ਲੈ ਕੇ ਗਿਆ, ਦਵਾਈ ਦੁਆਈ। ਇਹ ਵੀ ਹੁੰਗਾਰਾ ਨਹੀਂ ਭਰਦੇ, ਬਈ ਹੋ ਕੀ ਗਿਆ। ਜਿਹੜੇ ਭਾਈ, ਭਰਾ ਹੁੰਦੇ ਨੇ ਇਹ ਬਾਹਾਂ ਹੁੰਦੀਆਂ ਨੇ। ਔਖੇ ਵੇਲੇ ਕੰਮ ਆ ਜਾਂਦੇ ਨੇ, ਕਿੰਨੀਓਂ ਦੁਸ਼ਮਣੀ ਕਿਉਂ ਨਾ ਹੋਵੇ। ਐਸੀਆਂ ਮਿਸਾਲਾਂ ਨੇ ਸਾਡੇ ਕੋਲ।

ਰਾਣਾ ਪ੍ਰਤਾਪ ਹਲਦੀ ਘਾਟ ਦੇ ਮੈਦਾਨ ਵਿਚ ਅਕਬਰ ਨਾਲ ਲੜਿਆ। ਓਧਰਲੇ ਪਾਸੇ ਫੌਜਾਂ ਦਾ ਜਰਨੈਲ ਮਾਨ ਸਿੰਘ ਹੈ। 13000 ਦੇ ਕਰੀਬ ਇਹਦੇ ਕੋਲ ਫੌਜ ਹੈ। ਬਹੁਤ ਸਖ਼ਤ ਲੜਾਈ ਹੋਈ, ਰਾਣਾ ਪ੍ਰਤਾਪ ਦਾ ਭਰਾ ਜਿਹੜਾ ਸੀ ਉਹ ਅਕਬਰ ਦੀਆਂ ਫੌਜਾਂ ਵਿਚ ਜਰਨੈਲ ਸੀ। ਰਾਣਾ ਪ੍ਰਤਾਪ ਨੇ ਦੇਖਿਆ ਕਿ ਹੁਣ ਕੋਈ ਵਿਚਾਰ ਨਹੀਂ ਹੋ ਸਕਦਾ। ਸ਼ਹੀਦ ਹੋਣ ਨਾਲੋਂ ਚੰਗਾ ਹੈ ਕਿ ਮੁੜ ਕੇ ਫੌਜ ਤਿਆਰ ਕਰਾਂ ਤੇ ਫੇਰ ਇਹਨਾਂ ਨਾਲ ਲੜਾਂ। ਇਸ ਆਸ਼ੇ ਦੇ ਨਾਲ ਉਹਨੇ ਘੋੜਾ ਨਠਾ ਲਿਆ ਜੰਗ 'ਚੋਂ। ਘੋੜੇ ਦੇ ਖ਼ੂਨ ਦੀਆਂ ਧਾਰਾਂ ਚਲਦੀਆਂ ਨੇ, ਐਨਾ ਜ਼ਖਮੀ ਹੋਇਆ ਹੋਇਐ, ਚੇਤਕ ਉਹਦੇ ਘੋੜੇ ਦਾ ਨਾਉਂ ਸੀ। ਚਲਦੇ-ਚਲਦੇ ਅੱਗੇ ਇਕ ਨਾਲਾ ਆ ਗਿਆ, ਦੋ ਮੁਗ਼ਲ ਸਰਦਾਰ ਇਹਦੇ ਪਿੱਛੇ ਲੱਗੇ ਹੋਏ ਨੇ, ਉਹ ਘੋੜਾ ਭਾਵੇਂ ਕਿੰਨਾ ਹੀ ਤਿੱਖਾ ਚਲਦੈ, ਪਰ ਹੌਲੀ-ਹੌਲੀ ਉਹਦਾ ਖ਼ੂਨ ਨਿਕਲਣ ਕਰਕੇ, ਉਹ ਹੌਲੀ ਹੁੰਦਾ ਜਾਂਦੈ। ਘੋੜੇ ਨੇ ਉਸ ਨਾਲੇ ਦੇ ਉਤੋਂ ਛਾਲ ਮਾਰੀ, ਘੋੜਾ ਛਾਲ ਮਾਰਦੇ ਸਾਰ ਪਰਲੇ ਪਾਸੇ ਗਿਰ ਗਿਆ। ਇਧਰੋਂ ਉਸੇ ਵੇਲੇ ਭਰਾ ਪਹੁੰਚ ਗਿਆ, ਸਖਤ ਸਿੰਘ,

ਉਹਨੇ ਉਹਨਾਂ ਦੋਹਾਂ ਮੁਗ਼ਲ ਸਰਦਾਰਾਂ ਦੇ ਸਿਰ ਵੱਢ ਦਿਤੇ। ਸਖਤ ਨੇ ਵੀ ਓਧਰ ਨੂੰ ਛਾਲ ਮਾਰ ਦਿਤੀ। ਉਹਨੇ ਕਿਹਾ ਕਿ ਲੈ ਬਈ ਇਹ ਆ ਗਿਆ। ਉਹ ਕਹਿੰਦਾ, ਦੇਖ ਵੀਰ! ਹੁਣ ਮੌਕਾ ਸ਼ਸਤਰ ਚਲਾਉਣ ਦਾ ਨਹੀਂ ਹੈ। ਹੋ ਲਿਆ, ਜੋ ਕੁਛ ਹੋਣਾ ਸੀ। ਇਸ ਵੇਲੇ ਤੂੰ ਮੇਰਾ ਭਰਾ ਹੈਂ, ਮੈਂ ਤੇਰਾ ਭਰਾ ਹਾਂ। ਆਹ ਮੇਰਾ ਘੋੜਾ ਲੈ-ਲੈ। ਫੌਜਾਂ ਹੋਰ ਵੀ ਤੇਰੇ ਪਿੱਛੇ ਪੈਣਗੀਆਂ। ਤੂੰ ਨਿਕਲ ਜਾ। ਉਹਨੂੰ ਬਚਾ ਕੇ ਕੱਢ ਦਿਤਾ। ਅਕਬਰ ਨੂੰ ਲੱਗਿਆ ਪਤਾ, ਉਹਨੇ ਸਖਤ ਸਿੰਘ ਨੂੰ ਕਿਹਾ ਕਿ ਇਹਨੂੰ ਕੈਦ ਕਰੋ। ਕੈਦ ਕਰ ਲਿਆ। ਜਦੋਂ ਉਹਦੀ ਪੇਸ਼ੀ ਹੋਈ। ਕਹਿਣ ਲੱਗਿਆ ਕਿ ਤੂੰ ਇਹ ਕੀ ਕੰਮ ਕਰਿਆ। ਉਹ ਕਹਿੰਦਾ, ਦੇਖੋ, ਮਹਾਰਾਜ! ਮੈਂ ਜਰਨੈਲ ਸੀ ਫੌਜ ਵਿਚ ਲੜਿਆ, ਜੀ ਭਰ ਕੇ। ਉਹਦੇ ਸਿਪਾਹੀਆਂ, ਉਹਦੇ ਉਤੇ ਵੀ ਵਾਰ ਕਰੇ। ਪਰ ਜਦੋਂ ਹੁਣ ਉਹ ਚਲਿਆ ਗਿਆ, ਹੁਣ ਉਹ ਦੁਸ਼ਮਣ ਤਾਂ ਰਿਹਾ ਨਾ। ਮੈਂ ਤਾਂ ਉਹਦਾ ਭਰਾ ਸੀ। ਭਰਾ ਨੂੰ ਤਾ ਜੋਸ਼ ਆਉਂਦਾ ਹੀ ਹੈ। ਤੁਹਾਨੂੰ ਨਹੀਂ ਆਏਗਾ ਕਿ ਤੁਹਾਡੇ ਭਰਾ ਤੇ ਕੋਈ ਵਾਰ ਕਰੇ। ਉਥੇ ਮੈਂ ਆਪਣੇ ਭਰਾ ਦਾ ਫਰਜ਼ ਪੂਰਾ ਕਰਿਆ ਹੈ।

ਅਕਬਰ ਨੇ ਕਿਹਾ, ਸ਼ਾਬਾਸ਼! ਛੱਡ ਦਿਓ ਇਹਨੂੰ, ਇਹਦੀ ਗੱਲ ਠੀਕ ਹੈ।

ਮਤਲਬ ਇਹ ਹੈ ਕਿ ਔਖ ਵੇਲੇ ਭਰਾ ਕੰਮ ਆਇਆ ਕਰਦੇ ਨੇ। ਅੱਜ ਭਾਈ ਮੰਝ ਦੇ ਉਤੇ ਹੱਦ ਦਰਜੇ ਦੀ ਔਖ ਆ ਗਈ। ਜ਼ਮੀਨ ਖੋਹ ਲਈ, ਸਾਰੀ ਜਾਇਦਾਦ ਖੋਹ ਲਈ, ਕੱਪੜੇ-ਲੀੜੇ ਸਭ ਰੱਖ ਲਏ, ਦੌਲਤ ਅੰਦਰ ਹੀ ਰਹਿ ਗਈ। ਧੱਕੇ ਮਾਰ ਕੇ ਬਾਹਰ ਕੱਢ ਦਿਤੇ। ਹੁਣ ਹਾਲਤ ਕੀ ਹੋ ਗਈ। ਮਹਾਰਾਜ ਨੇ ਐਸਾ ਫੁਰਮਾਨ ਕਰਿਐ -

*ਧਾਰਨਾ - ਢੋਈ ਕੋਈ ਦੇਵੇ ਨਾ,*
*ਮੁਸ਼ਕਲ ਹੁਣ ਬਹੁਤੀ ਬਣ ਗਈ।*

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥*
*ਅੰਗ- ੭੦*

ਕੋਈ ਆਸਰਾ ਨਹੀਂ। ਹੈਰਾਨ ਹੋ ਗਿਆ ਕਿ ਇਹਨਾਂ ਲੋਕਾਂ ਦਾ ਮੈਂ ਕੱਲ੍ਹ ਤਕ ਭਲਾ ਕੀਤਾ ਹੈ। ਭਰਾਵਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਕੀਤੀਆਂ ਨੇ। ਰਿਸ਼ਤੇਦਾਰ ਨੇ, ਭਰਾ ਨੇ, ਚਾਚੇ ਤਾਏ ਨੇ, ਇਹਨਾਂ ਸਾਰਿਆਂ ਨੂੰ ਕੀ ਹੋ ਗਿਆ -

*ਧਾਰਨਾ - ਭੈਣਾਂ ਤੇ ਭਾਈ ਜੀ,*
*ਲਾਗੂ ਸਭ ਦੁਸ਼ਮਣ ਬਣ ਗਏ।*

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥ ਅੰਗ- ੭੦*

ਦੁਨੀਆਂ ਦੇ ਵਿਚ ਕੋਈ ਆਸਰਾ ਨਾ ਰਿਹਾ, ਸਿਵਾਏ ਉਸ ਵਾਹਿਗੁਰੂ ਦੇ ਆਸਰੇ ਤੋਂ। ਹੈਰਾਨ ਹੋ ਗਿਆ ਕਿ ਇਕ ਦਮ ਬਦਲ ਗਏ। ਸਾਰਿਆਂ ਨੇ ਹੀ ਅੱਖਾਂ ਫੇਰ ਲਈਆਂ। ਕੋਈ ਪਾਣੀ ਪੀਣ ਵਾਸਤੇ ਵੀ ਨਹੀਂ ਦਿੰਦਾ। ਜੇ ਉਹਨੇ ਕਿਹਾ ਕਿ ਭਾਈ, ਪਾਣੀ ਦਾ ਗਿਲਾਸ ਤਾਂ ਦੇ ਦਿਓ। ਕਹਿੰਦੇ, ਸਾਡੀ ਜੂਹ 'ਚ ਨਹੀਂ ਅਸੀਂ ਪੀਣ ਦੇਣਾ। ਅਗਾਂਹਾਂ ਹੀ ਪੀਵੀਂ। ਸਰਵਰੀਆਂ ਦੇ ਪਿੰਡ ਸੀ। ਲੜਕੀ ਨਾਲ ਹੈ, ਘਰਵਾਲੀ ਨਾਲ ਹੈ। ਅਖੀਰ ਗੁਰੂ ਦਾ ਭਾਣਾ ਅਗਲੇ ਪਿੰਡ ਵਿਚ ਪਹੁੰਚ ਗਏ। ਉਹ ਪਹਿਲਾਂ ਹੀ ਤਿਆਰ ਖੜ੍ਹੇ ਸੀ ਕਿ ਇਥੋਂ ਦੀ ਲੰਘਣੈ, ਬੈਠਣ ਨਹੀਂ ਦੇਣਾ ਅਸੀਂ। ਅਗਲੇ 'ਚ ਗਏ, ਉਹ ਵੀ ਤਿਆਰ ਖੜ੍ਹੇ ਕਿ ਸਾਡੀ ਜੂਹ 'ਚ ਨਾ ਬੈਠੀਂ। ਐਸੀ ਹਾਲਤ ਆ ਗਈ ਜਿਹੋ ਜਿਹੀ ਗੁਰੂ ਮਹਾਰਾਜ ਨੂੰ ਏਮਨਾਬਾਦ ਆਈ ਸੀ, ਪੜ੍ਹੋ ਪਿਆਰ ਨਾਲ -

*ਧਾਰਨਾ - ਝੱਟ ਕਿਥੇ ਲੰਘਾਵਾਂ ਓ ਮਾਲਕਾ,*
*ਦੁਨੀਆਂ ਟਿਕਣ ਨਾ ਦੇਵੇ।*

*ਏਸ ਕਲੀਓ ਪੰਜ ਭੀਤਿਓ ਕਿਉ ਕਰਿ ਰਖਾਂ ਪਤਿ॥*
*ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ॥*
*ਚੁਪ ਕਰਾਂ ਤਾਂ ਆਖੀਐ ਇਤ ਘਰਿ ਨਾਹੀ ਮਤਿ॥*
*ਜੇ ਬਹਿ ਰਹਾਂ ਤਾਂ ਆਖੀਐ ਬੈਠਾ ਸਥਰ ਘਤ॥*
*ਉਠ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤਿ॥*
*ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ॥*
*ਕਾਈ ਗਲੀ ਨ ਮੇਵਨੀ ਜਿਥੇ ਕਢਾਂ ਝੱਤਿ॥*
*ਏਥੈ ਓਥੈ ਨਾਨਕਾ ਕਰਤਾ ਰਖੈ ਪਤਿ॥*

ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਏਮਨਾਬਾਦ ਭਾਈ ਲਾਲੋ ਦੇ ਰਹਿ ਰਹੇ ਨੇ। ਐਨੀ ਮੁਖਾਲਫਤ ਹੋ ਰਹੀ ਹੈ। ਭਾਈ ਮਰਦਾਨਾ ਵੀ ਔਖਾ ਹੋ ਰਿਹੈ ਕਿ ਸੱਚੇ ਪਾਤਸ਼ਾਹ! ਮੈਂ ਕੀ ਕਰਾਂ? ਤੁਹਾਡੀ ਨਿੰਦਿਆ ਮੈਂ ਸੁਣ ਨਹੀਂ ਸਕਦਾ। ਨਿੰਦਿਆ ਸੁਣਨ ਨਾਲੋਂ ਤਾਂ ਚੰਗਾ ਹੈ ਮੇਰੇ ਪ੍ਰਾਣ ਹੀ ਪਹਿਲਾਂ ਨਿਕਲ ਜਾਣ। ਪਾਤਸ਼ਾਹ ਮੈਨੂੰ ਕੁਰਾਹੀਏ ਦਾ ਡੂਮ ਕਹਿੰਦੇ ਨੇ। ਤੁਹਾਨੂੰ ਅਨੇਕਾਂ ਹੀ ਨਾਮ ਲੈ-ਲੈ ਕੇ ਪੁਕਾਰ ਰਹੇ ਨੇ।

ਕਹਿੰਦੇ, ਮਰਦਾਨਿਆਂ! ਕੋਈ ਗੱਲ ਨਹੀਂ -

*ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥ ਅੰਗ- ੧੩੮੧*

ਰੁੱਖਾਂ ਦੀਆਂ ਜਿਵੇਂ ਕੋਈ ਟਾਹਣੀਆਂ ਵੱਢਦੈ ਉਹ ਫੇਰ ਵੀ ਛਾਉਂ ਹੀ ਦਿੰਦੈ। ਤੂੰ ਜਾਹ, ਤਲਵੰਡੀ ਜਾ ਆ, ਕਹਿ ਲੈਣ ਦੇ ਜਿਹੜਾ ਕੁਝ ਕਹਿੰਦੇ ਨੇ। ਐਸੀਓ ਹਾਲਤ ਇਸ ਗੁਰਸਿੱਖ ਦੀ, ਕੋਈ ਨਾ ਬੈਠਣ ਦੇਵੇ। ਅਖੀਰ ਉਸ ਇਲਾਕੇ ਦੇ ਵਿਚੋਂ ਬਾਹਰ ਆਇਆ।

ਗੁਰੂ ਦੀ ਸਿੱਖੀ ਵਾਲੇ ਪਿੰਡ ਆਏ। ਉਥੇ ਪਿੰਡ

ਦੇ ਚੌਧਰੀ ਨੂੰ ਆ ਕੇ ਦਸਿਆ। ਉਹ ਕਹਿੰਦੇ, ਦੇਖ ਭਾਈ ਮੰਝ! ਮਕਾਨ ਲੈਣੈ, ਤੈਨੂੰ ਮਕਾਨ ਖਾਲੀ ਕਰਵਾ ਦਿੰਦੇ। ਕਹਿੰਦਾ, ਮਕਾਨ ਮੈਂ ਕੀ ਕਰਨੇ ਨੇ। ਹੁਣ ਤਾਂ ਇਹ ਗੱਲ ਹੈ ਨਹੀਂ ਜਿਥੇ ਗੁਰੂ ਰੱਖਦੈ, ਉਥੇ ਰਹਿਣੈ। ਥਾਉਂ ਖੁਲ੍ਹਾ ਜਿਹਾ ਦੇਖ ਕੇ, ਫੂਸ ਵਗੈਰਾ ਵੱਢਿਆ, ਝੌਂਪੜੀ ਪਾ ਲਈ। ਮੰਜਾ ਕੋਲ ਕੋਈ ਨਹੀਂ ਹੈ। ਕਿਸੇ ਪ੍ਰੇਮੀ ਨੇ ਇਕ ਸਫ ਲਿਆ ਦਿਤੀ ਕਿ ਇਸ 'ਤੇ ਪੈ ਜਾਇਆ ਕਰੋ। ਇਕ ਖੁਰਪਾ ਲੈ ਲਿਆ, ਇਕ ਤੰਗੜ ਲੈ ਲਿਆ, ਘਾਹ ਖੋਤ ਕੇ ਲਿਆਂਦੈ ਸਾਰਾ ਦਿਨ ਖੋਦਦੈ। ਚੌਧਰੀ ਰਹਿ ਕੇ ਕਦੇ ਖੁਰਪੇ ਨੂੰ ਹੱਥ ਨਹੀਂ ਸੀ ਲਾਇਆ। ਐਨੇ ਨੌਕਰ ਚਾਕਰ ਹੁੰਦੇ ਸੀ। ਕਦੇ ਨਹੀਂ ਕਹਿੰਦਾ ਕਿ ਗੁਰੂ ਸਾਹਿਬ ਦੀ ਸਿੱਖੀ ਧਾਰਨ ਕਰ ਲਈ, ਆਹ ਕੀ ਹੋ ਗਿਆ ਮੇਰੇ ਨਾਲ। ਕਿਉਂ ਨਹੀਂ ਕਹਿੰਦਾ? ਕਿਉਂਕਿ ਮੁਰਦਾ ਹੋ ਚੁਕਿਆ। ਉਥੇ ਰਹਿੰਦੇ ਨੂੰ ਕਾਫੀ ਦੇਰ ਹੋ ਗਈ। ਚਾਰ ਪੈਸੇ ਦਾ ਵੇਚ ਆਉਂਦੈ ਘਾਹ, 2 ਪੈਸੇ ਦਾ ਰਾਸ਼ਨ ਲੈ ਆਉਂਦੈ, ਤਿੰਨੋ ਜਣੇ ਖਾ ਲੈਂਦੇ ਨੇ। ਦੋ ਪੈਸੇ ਜਮ੍ਹਾ ਕਰ ਲੈਂਦੈ।

ਕਾਫੀ ਮਹੀਨਿਆਂ ਤੋਂ ਬਾਅਦ ਗੁਰੂ ਮਹਾਰਾਜ ਨੇ ਮੇਵੜੇ ਨੂੰ ਬੁਲਾਇਆ, ਕਹਿਣ ਲੱਗੇ, ਆਹ ਸਾਡਾ ਹੁਕਮਨਾਮਾ ਲੈ ਜਾ, ਫਲਾਣੇ ਪਿੰਡ 'ਚ ਇਕ ਭਾਈ ਮੰਝ ਨਾਮ ਦਾ ਬੰਦਾ ਰਹਿੰਦੈ। ਝੌਂਪੜੀ ਹੈ ਉਹਦੀ ਇਧਰਲੇ ਪਾਸੇ, ਉਥੇ ਚਲਿਆ ਜਾਈਂ। ਇਹ ਹੁਕਮਨਾਮਾ ਤਾਂ ਦੇਈਂ ਜੇ ਉਹ ਵੀਹ ਰੁਪਏ ਦਰਸ਼ਨੀ ਭੇਟ ਦੇਵੇਗਾ। (ਅੱਜ ਦੇ 12,500 ਰੁਪਏ)। ਚਲਿਆ ਗਿਆ, ਭਾਈ ਮੰਝ ਦੇ ਕੋਲ। ਉਸ ਵੇਲੇ ਐਨੀ ਖੁਸ਼ੀ ਹੋਈ, ਐਨੀ ਖੁਸ਼ੀ ਹੋਈ ਕਿ ਗੁਰੂ ਮਹਾਰਾਜ ਨੇ ਤਾਂ ਮੈਨੂੰ ਫੁਰਮਾਨ ਕਰ ਦਿਤਾ ਸੀ ਕਿ ਭਾਈ ਮੰਝ! ਜਦੋਂ ਤਕ ਅਸੀਂ ਤੈਨੂੰ ਬੁਲਾਈਏ ਨਾ ਤੂੰ ਅੰਮ੍ਰਿਤਸਰ ਨਹੀਂ ਆਉਣਾ। ਧੰਨਭਾਗ! ਅੱਜ ਮੈਨੂੰ ਉਸ ਗੁਰਸਿੱਖ ਦੇ ਦਰਸ਼ਨ ਹੋ ਗਏ। ਜਿਹੜੇ ਗੁਰਸਿੱਖ ਨੇ ਗੁਰੂ ਮਹਾਰਾਜ ਦੇ ਹੁਣੇ-ਹੁਣੇ ਦਰਸ਼ਨ ਕੀਤੇ ਨੇ। ਬੜੀ ਸੇਵਾ ਕਰੀ। ਸਾਰੀ ਰਾਤ ਗੱਲਾਂ ਕਰਦੇ ਲੰਘ ਗਈ। ਬਾਰ-ਬਾਰ ਪੁੱਛਦੈ, ਮਹਾਰਾਜ! ਫੇਰ ਕੀ ਕਹਿੰਦੇ ਨੇ। ਕਿਵੇਂ ਕਰਦੇ ਹੁੰਦੇ। ਜਿਹਦੇ ਨਾਲ ਪਿਆਰ ਹੋਵੇ ਉਹਦੀ ਗੱਲ ਨਹੀਂ ਕਦੇ ਵੀ ਮੁੱਕਦੀ ਹੁੰਦੀ।

ਮਜਨੂੰ ਦਾ ਪਿਆਰ ਲੈਲਾ ਨਾਲ ਸੀ। ਉਥੋਂ ਕਾਫਲਾ ਆ ਗਿਆ। ਮਜਨੂੰ ਨੂੰ ਪਤਾ ਲੱਗਿਆ ਕਿ ਕਾਫਲਾ ਸ਼ੈਰਾਜ ਤੋਂ ਆਇਆ ਹੈ। ਉਹਦੇ ਵਿਚ ਲੈਲਾ ਦੀ ਗਲੀ ਦਾ ਕੋਈ ਬੰਦਾ ਸੀ। ਉਹਦੇ ਨਾਲ ਜਿਉਂ ਗੱਲਾਂ ਕਰਨ ਲੱਗਿਆ, ਉਹਦਾ ਸਮਾਨ ਵੀ ਸਿਰ 'ਤੇ ਚੁੱਕ ਲਿਆ। ਰੋਜ਼ ਕਹੇ ਕਿ ਲੈਲਾ ਫੇਰ ਕੀ ਕਰਦੀ ਹੁੰਦੀ ਹੈ, ਕਿਧਰ ਨੂੰ ਜਾਂਦੀ ਹੁੰਦੀ ਹੈ, ਮੇਰਾ ਨਾਉਂ ਵੀ ਕਦੇ ਲੈਂਦੀ ਹੈ। ਉਹ ਗੱਲਾਂ ਕਰੀ ਜਾਵੇ, ਦੂਜੇ ਨੂੰ ਮੌਜ ਬਣ ਗਈ ਕਿ ਮੁਫਤ ਦਾ ਭਾਰ ਚੁੱਕਣ ਵਾਲਾ ਲੱਭ ਗਿਆ। ਗੱਲਾਂ ਕਰਦਾ-ਕਰਦਾ ਉਹ ਦਿੱਲੀ ਜਾ ਵੜਿਆ।

ਸੋ ਗੱਲ ਮੁੱਕਦੀ ਨਹੀਂ ਹੁੰਦੀ, ਆਪਣੇ ਪਿਆਰੇ ਦੀ ਕਦੇ ਵੀ ਤੇ ਬਾਣੀ ਵਿਚ ਆਉਂਦੈ ਕਿ ਜਿਹੜਾ ਪਿਆਰੇ ਦੀ ਗੱਲ ਕਰੇ, ਉਹਨੂੰ ਦੇਵੇ ਕੀ? ਇਸ ਤਰ੍ਹਾਂ ਪੜ੍ਹ ਲਓ, ਸਾਰੇ ਅੱਧੋ ਅੱਧੀ ਪੜ੍ਹਿਓ –

*ਧਾਰਨਾ – ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ,*
*ਗੱਲਾਂ ਜੋ ਸੁਣਾਵੇ ਤੇਰੀਆਂ।*

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*
*ਅੰਗ- ੫੫੮*

ਕਹਿੰਦੇ, ਕੀ ਦੇਈਏ ਉਸ ਨੂੰ ਜਿਹੜਾ ਪਿਆਰੇ ਦੀਆਂ ਗੱਲਾਂ ਸੁਣਾਉਂਦੈ। ਕੀ ਦੇਣੈ? ਕਹਿੰਦੇ – ***'ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥'*** ਮੈਂ ਸਿਰ ਹੀ ਉਸ ਦੇ ਬੈਠਣ ਨੂੰ ਦੇ ਦੇਵਾਂ। ਬਿਨਾਂ ਸਿਰ ਦੇ ਫਿਰ ਮੈਂ ਸੇਵਾ ਕਰਾਂ।

ਸੋ ਇਸ ਤਰ੍ਹਾਂ ਦੇ ਨਾਲ ਬਹੁਤ ਹੀ ਚਾਉ ਸਾਰਿਆਂ ਦੇ ਮਨ ਵਿਚ ਕਿ ਅੱਜ ਗੁਰੂ ਦੇ ਪਿਆਰੇ ਦੇ ਦਰਸ਼ਨ ਹੋ ਗਏ। ਗੁਰੂ ਦੇ ਹੀ ਦਰਸ਼ਨ ਹੋ ਗਏ, ਗੁਰਸਿੱਖ ਦੇ ਵਿਚੋਂ। ਉਸ ਵੇਲੇ ਸਵੇਰਾ ਹੋ ਗਿਆ। ਪ੍ਰਸ਼ਾਦ ਪਾਣੀ ਛਕਾਇਆ। ਉਹ ਗੁਰਸਿੱਖ ਸਾਰੀ ਹਾਲਤ ਦੇਖ ਕੇ ਝਿਜਕਦੈ। ਕਹਿਣ ਲੱਗੇ, ਕੀ ਗੱਲ ਹੈ ਗੁਰਸਿੱਖਾ? ਕਹਿਣ ਲੱਗਿਆ, ਮਹਾਰਾਜ ਨੇ ਹੁਕਮਨਾਮਾ ਦਿਤਾ ਹੈ ਤੈਨੂੰ, ਪਰ ਇਹਦੇ ਉਤੇ ਇਕ ਸ਼ਰਤ ਲਾ ਦਿਤੀ ਕਿ ਵੀਹ ਰੁਪਏ ਦਰਸ਼ਨੀ ਭੇਟਾ ਦੇਵੇ ਪਹਿਲਾਂ। ਮਜਦੂਰੀ ਕਰਦਾ ਸੀ, ਦੋ ਪੈਸੇ ਬਚਾਉਂਦਾ ਸੀ। ਵੀਹ ਰੁਪਏ ਦੇ 1280 ਪੈਸੇ ਹੁੰਦੇ ਨੇ, ਉਹਨਾਂ ਦਿਨਾਂ ਦੇ। ਇਹ ਜੇ 640 ਦਿਨ ਵੀ ਬਚਤ ਕਰੇ ਦੋ ਸਾਲ ਤਾਂ ਐਨਾ ਪੈਸਾ ਜੁੜਦਾ। ਉਸ ਵੇਲੇ ਪਰ੍ਹੇ ਚਲੇ ਗਏ। ਲੜਕੀ ਨੇ ਦੇਖਿਆ ਕਿ ਪਿਤਾ ਉਦਾਸ ਹੈ। ਅਸੀਂ ਤਾਂ ਫੇਲ੍ਹ ਹੋ ਜਾਵਾਂਗੇ, ਗੁਰੂ ਮਹਾਰਾਜ ਨੇ ਹੁਕਮ ਦਿਤੈ ਤੇ ਅਸੀਂ ਹੁਕਮ ਪੂਰਾ ਨਾ ਕਰ ਸਕੇ। ਇਥੇ ਸਾਡਾ ਤਨ ਵੀ ਵਿਕ ਜਾਵੇ ਤਾਂ ਵੀ ਪਰਵਾਹ ਨਹੀਂ ਹੈ –

***ਸਿਰ ਬਿੱਖ ਦੀ ਹੈ ਤੂੰਬੜੀ,***
***ਤੂੰ ਅੰਮ੍ਰਿਤ ਦੀ ਖਾਨ,***
***ਰੀਝੈਂ ਜੇ ਸਿਰ ਦਿਤਿਆਂ, ਲੈ ਮੇਰੇ ਸੁਲਤਾਨ।।***

ਲੜਕੀ ਕਹਿਣ ਲੱਗੀ, ਪਿਤਾ ਜੀ! ਤੁਸੀਂ ਫਿਕਰ ਨਾ ਕਰੋ। ਮੇਰੀ ਲੇਬਰ ਗਹਿਣੇ ਕਰ ਦਿਓ। ਮੇਰੀ ਮਿਹਨਤ ਗਹਿਣੇ ਕਰ ਦਿਓ। ਮੈਂ ਮਿਹਨਤ ਕਰਾਂਗੀ, ਚੱਕੀਆਂ ਚਲਾਵਾਂਗੀ, ਬੱਚੇ ਖਿਡਾਵਾਂਗੀ। ਕੱਪੜੇ ਧੋਵਾਂਗੀ, ਘਰ ਲਿਪਾਂਗੀ, ਸੰਨੀਆਂ ਕਰਾਂਗੀ, ਧਾਰਾਂ ਕੱਢਾਂਗੀ, ਗੋਹਾ, ਕੂੜਾ ਕਰਾਂਗੀ। ਤੁਸੀਂ ਫਿਕਰ ਨਾ ਕਰੋ। ਜਿੱਦਣ ਇਹ ਵੀਹ

ਰੁਪਏ ਉਹਨਾਂ ਦੇ ਉਤਰ ਜਾਣਗੇ ਉਸ ਦਿਨ ਮੈਂ ਆਪੇ ਅਜ਼ਾਦ ਹੋ ਜਾਵਾਂਗੀ। ਫੇਰ ਮੈਨੂੰ ਲੈ ਜਾਇਓ ਆ ਕੇ। ਭਲਾ ਪੁਰਸ਼ ਦੇਖ ਕੇ ਬਾਤ ਕਰੀ। ਵੀਹ ਰੁਪਏ ਲੈ ਆਂਦੇ, ਲੜਕੀ ਨੂੰ ਕਹਿ ਦਿਤਾ ਕਿ ਜਾਹ ਇਹਨਾਂ ਦੀ ਸੇਵਾ ਕਰ। ਮੇਵੜਾ ਚਲਿਆ ਗਿਆ, ਜਾ ਕੇ ਗੁਰੂ ਮਹਾਰਾਜ ਦੇ ਕੋਲ ਵੀਹ ਰੁਪਏ ਰੱਖ ਦਿਤੇ। ਕਹਿੰਦੇ, ਕਿਵੇਂ ਹੈ?

ਕਹਿੰਦਾ, ਠੀਕ ਹੈ ਮਹਾਰਾਜ।

ਕਹਿੰਦੇ, ਉਸ ਦੇ ਚਿਹਰੇ ਦੀ ਰੰਗਤ ਬਦਲੀ ? ਵੀਹ ਰੁਪਏ ਦਿੰਦੇ ਕੋਈ ਬਚਨ ਕਿਹੈ?

ਕਹਿੰਦੇ, ਨਾ ਸੱਚੇ ਪਾਤਸ਼ਾਹ। ਲੜਕੀ ਖੁਸ਼ੀ-ਖੁਸ਼ੀ ਗਹਿਣੇ ਕਰ ਦਿਤੀ ਉਹਨਾਂ ਨੇ। ਕੋਈ ਬਚਨ ਨਹੀਂ ਕਿਹਾ, ਉਹ ਤਾਂ ਐਨੇ ਖਿੜੇ ਪਏ ਸੀ ਕਿ ਗੁਰੂ ਮਹਾਰਾਜ ਨੇ ਸਾਨੂੰ ਯਾਦ ਕਰ ਲਿਆ।

ਤਿੰਨ ਮਹੀਨੇ ਹੋਰ ਲੰਘੇ ਗੁਰੂ ਮਹਾਰਾਜ ਨੇ ਦੂਸਰਾ ਹੁਕਮਨਾਮਾ ਭੇਜ ਦਿਤਾ। ਹੁਕਮਨਾਮਾ ਭੇਜਿਆ ਉਵੇਂ ਜਿਵੇਂ ਹੋਇਆ। ਬੜਾ ਚਾਉ ਹੋਇਆ। ਉਸ ਵੇਲੇ ਜਦੋਂ ਹੁਕਮਨਾਮਾ ਦੇਣ ਲੱਗਿਆ। ਕਹਿਣ ਲੱਗੇ, ਭਾਈ ਮੰਝ! ਹੁਕਮਨਾਮਾ ਗੁਰੂ ਮਹਾਰਾਜ ਨੇ ਭੇਜਿਐ, ਪਰ ਦਰਸ਼ਨੀ ਭੇਟ ਵੀਹ ਰੁਪਏ ਹੈ। ਉਸ ਵੇਲੇ ਥੋੜ੍ਹੀ ਦੇਰ ਚੁੱਪ ਕਰੇ, ਐਨੇ ਨੂੰ ਘਰਵਾਲੀ ਕਹਿਣ ਲੱਗੀ ਕਿ ਹੁਣ ਤੁਸੀਂ ਫਿਕਰ ਨਾ ਕਰੋ। ਮੈਨੂੰ ਗਹਿਣੇ ਕਰ ਦਿਓ। ਮੇਰੀ ਲੇਬਰ ਗਹਿਣੇ ਕਰ ਦਿਓ ਮੈਂ ਮਿਹਨਤ ਕਰਾਂਗੀ। ਚੌਧਰਾਣੀ ਰਹੀ ਹਾਂ ਤਾਂ ਮੈਂ ਉਥੇ ਰਹੀ ਹਾਂ। ਹੁਣ ਆਪਾਂ ਗੁਰੂ ਦੀ ਸਿੱਖੀ ਧਾਰਨ ਕਰ ਲਈ। ਹੁਣ ਆਪਣੇ ਵਿਚ ਚੌਧਰਪੁਣਾ ਨਹੀਂ ਰਿਹਾ। ਜਦ ਹੁਣ ਸਿੱਖੀ ਹੀ ਧਾਰਨ ਕਰ ਲਈ, ਫੇਰ ਤਾਂ ***'ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।'*** ਉਸ ਵੇਲੇ ਜਦੋਂ ਇਹ ਗੱਲ ਹੋ ਰਹੀ ਹੈ ਤਾਂ ਉਹਦੀ ਪਤਨੀ ਨੇ ਕਿਹਾ, ਤਨ ਵੀ ਆਪਣਾ ਨਹੀਂ, ਧਨ ਵੀ ਆਪਣਾ ਨਹੀਂ, ਮਨ ਵੀ ਆਪਣਾ ਨਹੀਂ, ਸਭ ਕੁਝ ਗੁਰੂ ਦੇ ਹਵਾਲੇ ਕਰ ਦਿਓ। ਜੇ ਗੁਰੂ ਮੰਨ ਜਾਵੇ ਸਭ ਕੁਝ ਮਿਲ ਜਾਵੇਗਾ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਗੁਰਾਂ ਨੂੰ ਮਨਾ ਲਈਏ,*
*ਤਨ ਮਨ ਧਨ ਦੇ ਕੇ।*

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ- ੯੧੮*

ਗਹਿਣੇ ਕਰ ਦਿਤਾ ਵੀਹ ਰੁਪਏ ਲੈ ਆਇਆ। ਉਸ ਵੇਲੇ ਹੁਕਮਨਾਮਾ ਖੋਲ੍ਹ ਕੇ ਪੜ੍ਹਿਆ ਕਿ ਭਾਈ ਮੰਝ! ਇਹ ਹੁਕਮਨਾਮਾ ਦੇਖਦੇ ਸਾਰ ਅੰਮ੍ਰਿਤਸਰ ਵਲ ਨੂੰ ਕਦਮ ਪੁੱਟ ਲਈਂ, ਘਰ ਵਲ ਨੂੰ, ਪਿੱਛੇ ਨੂੰ ਕਦਮ ਨਹੀਂ ਪੁੱਟਣਾ। ਓਵੇਂ ਜਿਵੇਂ ਖੁਲ੍ਹੀ ਹੀ ਝੌਂਪੜੀ ਛੱਡ ਕੇ, ਕੋਈ ਚੀਜ਼ ਨਹੀਂ ਚੁੱਕੀ, ਗੁਰੂ ਵਲ ਨੂੰ ਚਲ ਪਿਆ। ਗੁਰੂ ਮਹਾਰਾਜ ਦੇ ਹਜ਼ੂਰ ਆ ਕੇ ਨਮਸ਼ਕਾਰ ਕੀਤੀ। ਮਹਾਰਾਜ ਨੇ ਦੇਖਿਆ ਹੀ ਨਹੀਂ, ਪੁੱਛਿਆ ਹੀ ਨਹੀਂ ਕਿ ਭਾਈ ਤੂੰ ਆਹ ਬੜਾ ਔਖਾ ਨਿਭਾਇਐ। ਆ ਕੇ ਰਹਿਣ ਲਗ ਗਿਆ, ਸੇਵਾ ਕਰ ਰਿਹੈ। ਪਹਿਲਾਂ ਵੀ ਰਿਹਾ ਹੋਇਆ ਸੀ। ਦਿਨ ਰਾਤ ਸੇਵਾ ਕਰ ਰਿਹੈ। ਜਿਹੜੀ ਸੇਵਾ ਆਉਂਦੀ ਹੈ ਮੂਹਰੇ ਜਲ ਭਰਨ ਦੀ, ਪੱਖੇ ਝੱਲਣ ਦੀ, ਬਰਤਨ ਮਾਂਜਣ ਦੀ, ਬਾਲਣ ਲਿਆਉਣ ਦੀ। ਦਿਨ ਰਾਤ ਕਰੀ ਜਾਂਦੈ। ਜਦੋਂ ਚਾਰ-ਪੰਜ ਮਹੀਨੇ ਲੰਘ ਗਏ। ਗੁਰੂ ਮਹਾਰਾਜ ਨੇ ਪੁੱਛਿਆ, ਕਹਿੰਦੇ, ਭਾਈ! ਇਥੇ ਇਕ ਮੰਝ ਨਾਮ ਦਾ ਸਿੱਖ ਆਇਆ ਸੀ। ਕਹਿੰਦੇ, ਹਾਂ ਮਹਾਰਾਜ! ਕਹਿੰਦੇ ਉਹ ਤਾਂ ਨਿਰੀ ਸੇਵਾ ਦੀ ਹੀ ਮੂਰਤੀ ਹੈ। ਕਹਿੰਦੇ ਪ੍ਰਸ਼ਾਦਾ ਕਿੱਥੋਂ ਛਕਦੈ? ਕਹਿੰਦੇ, ਉਹ ਤਾਂ ਲੰਗਰ 'ਚੋਂ ਛਕਦੈ।

ਕਹਿੰਦੇ, ਫੇਰ ਸੇਵਾ ਦੀ ਮੂਰਤੀ ਕਾਹਦੀ ਹੈ। ਉਹ ਤਾਂ ਮਜਦੂਰ ਹੈ। ਮਜੂਰੀ ਲੈ ਲੈਂਦੈ। ਰੋਟੀ ਖਾ ਲੈਂਦੈ। ਉਹਦੀ ਸੇਵਾ ਤਾਂ ਥਾਂ ਹੀ ਨਹੀਂ ਪੈਂਦੀ। ਜਾਓ, ਉਹਦਾ ਪ੍ਰਸ਼ਾਦਾ ਲੰਗਰ 'ਚੋਂ ਬੰਦ ਕਰ ਦਿਓ। ਪੰਗਤ ਲੱਗੀ ਹੋਈ ਹੈ। ਸਾਰੇ ਸਿੱਖ ਬੈਠੇ ਨੇ ਪੰਗਤਾਂ ਲਾਈਂ। ਭਾਂਡੇ ਵਰਤਾਏ ਜਾ ਰਹੇ, ਥਾਲੀਆਂ ਵਰਤਾ ਰਹੇ ਨੇ। ਜਦੋਂ ਭਾਈ ਮੰਝ ਦੀ ਵਾਰੀ ਆਈ ਉਸ ਵੇਲੇ ਬਰਤਨ ਵੰਡਣ ਵਾਲੇ ਨੂੰ ਉਹਨਾਂ ਨੇ ਕਿਹਾ ਕਿ ਮੈਨੂੰ ਵੀ ਦੇ-ਦੇ। ਕਹਿੰਦੇ, ਨਹੀਂ। ਕਹਿੰਦਾ, ਚਲੋ ਕੋਈ ਹੱਥਾਂ 'ਤੇ ਲੈ ਕੇ ਖਾ ਲਊਂਗਾ। ਪਾਣੀ ਵਾਲੇ ਨੇ ਵੀ ਨਾ ਬਰਤਨ ਰੱਖਿਆ, ਕਹਿੰਦਾ ਕੋਈ ਨਹੀਂ ਓਕ ਨਾਲ ਹੀ ਪੀ ਲਊਂਗਾ। ਐਨੇ ਨੂੰ ਪ੍ਰਸ਼ਾਦੇ ਵਰਤਾਉਣ ਵਾਲਾ ਆ ਗਿਆ। ਜਦੋਂ ਇਹਨੇ ਹੱਥ ਕੱਢੇ। ਕਹਿੰਦੇ ਭਾਈ ਮੰਝ ਤੈਨੂੰ ਗੁਰੂ ਦਾ ਹੁਕਮ ਨਹੀਂ, ਲੰਗਰ 'ਚੋਂ ਪ੍ਰਸ਼ਾਦਾ ਛਕਣ ਦਾ। ਉੱਠ ਖੜ੍ਹ ਇਥੋਂ। ਕਹਿੰਦਾ, ਹੈਂ, ਮੈਨੂੰ ਸਤਿਗੁਰੂ ਜੀ ਨੇ ਯਾਦ ਕਰਿਐ। ਉਹਨਾਂ ਨੇ ਮੇਰਾ ਨਾਉਂ ਲਿਐ? ਕਹਿੰਦੇ ਹਾਂ, ਚੱਲ ਨਿਕਲ ਬਾਹਰ।

ਹੁਣ ਇਥੇ ਐਸੇ ਪੁਆਇੰਟ ਹੁੰਦੇ ਨੇ ਜਿੱਥੇ ਸਿੱਖ ਡੋਲ ਜਾਂਦੈ। ਮਹਾਰਾਜ ਕਹਿੰਦੇ, ਪਰਬਤ ਡੋਲ ਜਾਂਦੇ ਨੇ। ਪਰ ਗੁਰੂ ਦੇ ਸਿੱਖ ਦਾ ਦ੍ਰਿੜ੍ਹ ਵਿਸ਼ਵਾਸ਼, ਇਹ ਨਹੀਂ ਡੋਲਿਆ ਕਰਦਾ। ਕਹਿੰਦੇ, ਕੋਈ ਨਾ, ਉਸ ਦਿਨ ਤੋਂ ਬਾਅਦ ਜੇ ਕਿਸੇ ਨੇ ਹਾਕ ਮਾਰ ਕੇ ਦੇ ਦਿਤਾ ਪ੍ਰਸ਼ਾਦਾ ਲੈ ਲਿਆ। ਕਮਜ਼ੋਰ ਹੋ ਗਿਆ, ਹੱਡੀਆਂ ਦਾ ਢਾਂਚਾ ਰਹਿ ਗਿਆ। ਕੋਈ ਸ਼ਿਕਵਾ ਨਹੀਂ ਕਰਦਾ, ਦਿਨ ਰਾਤ ਸੇਵਾ 'ਚ ਕੋਈ ਫਰਕ ਨਹੀਂ ਪਾਉਂਦਾ। ਆਪਣੀ ਕੋਈ ਗੱਲ ਨਹੀਂ ਕਰ ਰਿਹਾ ਕਿ ਮੈਂ ਇਸ ਤਰ੍ਹਾਂ ਕਰਿਆ, ਆਹ ਕਰਿਆ।

ਇਕ ਦਿਨ ਗੁਰੂ ਮਹਾਰਾਜ ਬਾਹਰ ਗਏ ਹੋਏ ਨੇ, ਕਸਵੱਟੀ ਹੋਰ ਤੇਜ਼ ਕਰ ਦਿਤੀ। ਕਾਲੀ ਬੋਲੀ ਹਨ੍ਹੇਰੀ ਚਲਾ ਦਿਤੀ। ਐਨਾ ਤੇਜ਼ ਝੱਖੜ ਚਲਦੈ, ਭਾਈ ਮੰਝ ਨੇ

ਪਹਿਲਾਂ ਤਾਂ ਭਰਾ ਵੱਡਾ ਸੀ ਉਹਦੇ ਕੋਲ। ਉਹ ਚੁੱਕ ਨਹੀਂ ਹੋਇਆ। ਸਲਘ ਲੈ ਜਾਂਦਾ ਸੀ ਨਾਲ। ਸਲਘ ਦੇ ਬਲ ਦੇ ਨਾਲ ਪਹਿਲਾਂ ਕਿਸੇ ਦਰਖਤ ਦੇ ਟਾਹਣੇ 'ਤੇ ਰੱਖ ਲੈਣਾ, ਫੇਰ ਸਿਰ 'ਤੇ ਰੱਖ ਲੈਣਾ। ਉਹ ਉਥੇ ਹੀ ਕਿਤੇ ਰੱਖ ਆਉਣੀ ਕਿਤੇ ਲਕੋ ਕੇ। ਰੋਜ਼ ਦਾ ਹੀ ਕੰਮ ਸੀ। ਐਨੀ ਤੇਜ਼ ਹਨ੍ਹੇਰੀ ਆਈ ਕਿ ਆ ਕੇ ਰਸਤਾ ਭੁੱਲ ਗਿਆ। ਹੋਰ ਹੀ ਪਾਸੇ ਤੁਰ ਪਿਆ, ਅੱਗੇ ਚਲਦਾ-ਚਲਦਾ ਨਜ਼ਰ ਕੁਝ ਨਹੀਂ ਆਉਂਦਾ। ਜੇ ਮਾੜੀ ਜਿਹੀ ਅੱਖ ਖੋਲ੍ਹਦੈ ਉਹਦੇ ਵਿਚ ਉਸੇ ਵੇਲੇ ਧੂੜ ਪੈ ਜਾਂਦੀ ਹੈ। ਪਾਣੀ ਨਿਕਲਣ ਲਗ ਜਾਂਦੈ ਅੱਖ 'ਚੋਂ। ਇਸ ਤਰ੍ਹਾਂ ਬੜੀ ਤਕਲੀਫ ਦੇ ਨਾਲ ਤੁਰਿਆ ਆਉਂਦੈ। ਅੱਗੇ ਆ ਕੇ ਅੰਨ੍ਹਾ ਖੂਹ ਆ ਗਿਆ। ਜਦੋਂ ਕਦਮ ਪੁੱਟਿਆ ਤਾਂ ਅਗਲਾ ਕਦਮ ਖੂਹ ਵਿਚ ਆ ਗਿਆ। ਦੜੱਮ ਕਰਕੇ ਥੱਲੇ ਖੂਹ ਵਿਚ ਗਿਰ ਗਿਆ। ਆਪਣੇ ਬਚਣ ਦਾ ਫਿਕਰ ਨਹੀਂ ਪਿਆ, ਫਿਕਰ ਇਹ ਪਿਆ ਕਿ ਕਿਤੇ ਲੱਕੜਾਂ ਨਾ ਭਿੱਜ ਜਾਣ। ਪਾਣੀ ਗਲ-ਗਲ ਸੀਗਾ ਖੂਹ ਦੇ। ਭਰਾ ਚੁੱਕ ਲਿਆ, ਕੰਢੇ ਦੇ ਨਾਲ ਹੋ ਕੇ ਖੜ੍ਹ ਗਿਆ। ਇਕੋ ਆਵਾਜ਼ ਆ ਰਹੀ ਹੈ - 'ਸਤਿਨਾਮੁ ਵਾਹਿਗੁਰੂ-ਸਤਿਨਾਮੁ ਵਾਹਿਗੁਰੂ-ਸਤਿਨਾਮੁ ਵਾਹਿਗੁਰੂ'।

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਅੰਗ- ੨੮੬*

ਸਤਿਗੁਰੂ ਦਾ ਫਰਜ਼ ਹੁੰਦੈ ਕਿ ਆਪਣੇ ਸਿੱਖ ਨੂੰ ਬਿਪਤਾ 'ਚ ਨਹੀਂ ਪੈਣ ਦਿੰਦਾ। ਇਸ ਤਰ੍ਹਾਂ ਪੜ੍ਹ ਲਓ-

*ਧਾਰਨਾ - ਔਖੀ ਘੜੀ ਨਾ ਦੇਖਣ ਦੇਵੇ,*
*ਆਪਣਾ ਬਿਰਦ ਸੰਭਾਲਦੈ।*

*ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥*
*ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥*
*ਅੰਗ- ੬੮੨*

ਗੁਰੂ ਦਾ ਫਰਜ਼ ਹੈ ਕਿ ਸਿੱਖ ਨੂੰ ਸੰਭਾਲਦੈ, ਜਦੋਂ ਸਿੱਖ ਡੋਲਣ ਲਗਦੈ ਜਾਂ ਸਿੱਖ ਦੇ ਉਤੇ ਕੋਈ ਬਿਪਤਾ ਆਉਂਦੀ ਹੈ।

ਭਾਈ ਜੋਗਾ ਸਿੰਘ ਜਦੋਂ ਡੋਲਦੈ, ਗੁਰੂ ਦਸਵੇਂ ਪਾਤਸ਼ਾਹ ਵੇਸਵਾ ਦੇ ਘਰ ਮੂਹਰੇ ਪਹਿਰਾ ਦੇ ਕੇ, ਸਿੱਖ ਦਾ ਸਿਦਕ ਬਚਾਉਂਦੇ ਨੇ।

ਸੋ ਏਧਰ ਇਹ ਖੂਹ ਵਿਚ ਗਿਰਦੈ, ਉਧਰ ਮਹਾਰਾਜ ਬਚਨ ਕਰਦੇ-ਕਰਦੇ, ਇਕ ਦਮ ਸਿੰਘਾਸ਼ਨ 'ਤੇ ਖੜ੍ਹੇ ਹੋ ਗਏ। ਕਹਿਣ ਲੱਗੇ, ਲੱਜਾਂ ਲਿਆਓ, ਰੱਸੇ ਲਿਆਓ, ਛੇਤੀ ਸਾਡੇ ਪਿੱਛੇ ਆ ਜਾਓ। ਨਾ ਘੋੜੇ ਵਾਲੇ ਨੂੰ ਕਿਹੈ ਕਿ ਘੋੜਾ ਲਿਆ, ਨਾ ਜੋੜੇ ਵਾਲੇ ਨੂੰ ਕਿਹੈ ਕਿ ਜੋੜਾ ਲਿਆ। ਉਸ ਵੇਲੇ ਐਨੀ ਤੇਜ਼ੀ ਨਾਲ ਆ ਰਹੇ ਨੇ ਨਾ ਕੋਈ ਘੋੜੇ ਵਾਲਾ ਨਾਲ ਰਲ ਰਿਹੈ, ਨਾ ਜੋੜੇ ਵਾਲਾ। ਲੱਜਾਂ ਲੈ ਕੇ ਦੌੜੇ ਆ ਰਹੇ ਨੇ ਪਿੱਛੇ। ਐਸੀ ਹਾਲਤ ਹੈ ਪੜ੍ਹੋ ਪਿਆਰ ਨਾਲ -

*ਧਾਰਨਾ - ਹਰਿ ਜੀ ਛੱਡ ਕੇ ਸਿੰਘਾਸ਼ਨ ਆਉਂਦੇ,*
*ਬੰਨ੍ਹੇ ਹੋਏ ਸੱਚੇ ਪਿਆਰ ਦੇ।*

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ ॥ ਅੰਗ- ੪੦੩*

ਹੁਣ ਸਿੱਖ ਨੇ ਆਪਣਾ ਫਰਜ਼ ਪੂਰਾ ਕਰ ਦਿਤਾ। ਹੁਣ ਵਾਰੀ ਆਈ ਗੁਰੂ ਦੀ। ਗੁਰੂ ਆਪਣੇ ਸਿੱਖ ਨੂੰ ਡੁੱਬਣ ਨਹੀਂ ਦਿੰਦਾ। ਦੌੜੇ ਆਉਂਦੇ ਨੇ ਮਹਾਰਾਜ, ਕੈਸਾ ਦ੍ਰਿਸ਼ ਹੈ। ਨੰਗੇ ਪੈਰ, ਜੋੜਾ ਬਰਦਾਰ ਹਾਕਾਂ ਮਾਰਦੈ ਪਾਤਸ਼ਾਹ! ਰੋੜੇ ਨੇ, ਕੰਡੇ ਨੇ, ਚਰਨ ਜ਼ਖਮੀ ਹੋ ਜਾਣਗੇ। ਨਹੀਂ ਸੁਣਦੇ। ਜੋੜੇਦਾਰ ਰਲ ਨਹੀਂ ਰਿਹਾ ਮਹਾਰਾਜ ਦੇ। ਘੋੜੇ ਵਾਲਾ ਘੋੜਾ ਨਠਾਈ ਆਉਂਦੈ ਕਿ ਸੱਚੇ ਪਾਤਸ਼ਾਹ! ਉਤੇ ਬਹਿ ਜਾਓ, ਨਹੀਂ ਬੈਠੇ। ਖੂਹ ਦੇ ਕੰਢੇ ਜਾ ਕੇ ਖੜ੍ਹੇ ਹੋ ਗਏ। ਅੰਦਰੋਂ ਆਵਾਜ਼ ਆ ਰਹੀ ਹੈ। 'ਸਤਿਨਾਮੁ ਵਾਹਿਗੁਰੂ, ਸਤਿਨਾਮੁ ਵਾਹਿਗੁਰੂ।' ਐਨੇ ਨੂੰ ਸਾਰੇ ਇਕੱਠੇ ਹੋ ਗਏ। ਕਹਿੰਦੇ, ਪੁੱਛੋ ਕੌਣ ਹੈ? ਆਪ ਨਹੀਂ ਫੇਰ ਵੀ ਪੁੱਛਿਆ। ਉਸ ਵੇਲੇ ਪੁੱਛਿਆ, ਭਾਈ! ਸਤਿਨਾਮੁ ਵਾਹਿਗੁਰੂ ਵਾਲੇ ਤੂੰ ਕੌਣ ਹੈਂ। ਕਹਿਣ ਲੱਗਿਆ, ਮੈਂ ਗੁਰੂ ਮਹਾਰਾਜ ਦਾ ਗਰੀਬੜਾ ਜਿਹਾ ਸਿੱਖ ਹਾਂ। ਅਧਨਾ ਜਿਹਾ ਸਿੱਖ ਹਾਂ ਮੈਂ। ਮੈਨੂੰ ਮੰਝ ਕਹਿ ਕੇ ਬੁਲਾਉਂਦੇ ਨੇ। ਲੱਜਾਂ ਫੜਾ ਦਿਤੀਆਂ, ਮਹਾਰਾਜ ਨੇ ਇਸ਼ਾਰਾ ਕਰ ਦਿਤਾ। ਕਹਿੰਦੇ, ਲੱਜ ਫੜ ਕੇ ਬਾਹਰ ਆ ਜਾ। ਕਹਿੰਦਾ, ਪ੍ਰੇਮੀਓ! ਮੇਰਾ ਗੁਰੂ ਤੁਹਾਡਾ ਭਲਾ ਕਰੇ। ਤੁਸੀਂ ਕੌਣ ਆ ਗਏ। ਐਨੇ ਦਰਦ ਵਾਲੇ ਲੱਜਾਂ ਲੈ ਕੇ ਕਿ ਮੇਰਾ ਫਿਕਰ ਹੈ ਤੁਹਾਨੂੰ। ਜੇ ਮੇਰਾ ਫਿਕਰ ਹੈ ਤਾਂ ਕ੍ਰਿਪਾ ਕਰੋ ਮੇਰੇ ਤੋਂ ਵੱਧ ਫਿਕਰ ਇਹਨਾਂ ਲੱਕੜੀਆਂ ਦਾ ਕਰੋ, ਜਿਨ੍ਹਾਂ ਨੇ ਗੁਰੂ ਦੇ ਲੰਗਰ 'ਚ ਸੁੱਕੀਆਂ-ਸੁੱਕੀਆਂ ਨੇ ਪਹੁੰਚਣੈ। ਇਹ ਮੇਰੇ ਸੀਸ 'ਤੇ ਪਈਆਂ ਨੇ। ਮੈਂ ਬਾਹਰ ਪਿਛੋਂ ਨਿਕਲ ਆਊਂ ਪਹਿਲਾਂ ਲੱਕੜਾਂ ਕੱਢੋ।

ਦੂਸਰੀ ਲੱਜ ਫੜਾ ਦਿਤੀ। ਇਕ ਲੱਕੜਾਂ ਕੱਢਣ ਵਾਸਤੇ, ਦੂਸਰੀ ਉਹਨੂੰ ਕੱਢਣ ਵਾਸਤੇ। ਜਦੋਂ ਬਾਹਰ ਨਿਕਲਿਆ ਤਾਂ ਹੈਰਾਨ ਹੋ ਗਿਆ ਕਿ ਇਹ ਤਾਂ ਸੱਚੇ ਪਾਤਸ਼ਾਹ ਆਪ ਹੀ ਖੜ੍ਹੇ ਨੇ। ਚਰਨਾਂ ਵਿਚ ਜੋੜਾ ਵੀ ਨਹੀਂ ਪਾਇਆ ਹੋਇਆ ਤੇ ਚਰਨਾਂ ਵਿਚ ਰੋੜੇ ਵਗੈਰਾ ਦੀ ਸੱਟ ਲਗ ਕੇ ਖੂਨ ਵੀ ਸਿਮਿਆ ਹੋਇਐ। ਉਸ ਵੇਲੇ ਸਾਰੀ ਜ਼ਿੰਦਗੀ 'ਚ ਕਦੇ ਵੈਰਾਗ ਨਹੀਂ ਸੀ ਆਇਆ। ਉਸ ਵੇਲੇ ਐਨਾ ਵੈਰਾਗ ਆ ਗਿਆ, ਕਹਿੰਦਾ, ਸੱਚੇ ਪਾਤਸ਼ਾਹ! ਮੇਰੇ ਗਰੀਬ ਨੂੰ ਰੱਖਣ ਵਾਸਤੇ ਐਨੀ ਤਕਲੀਫ? ਨੰਗੇ ਪੈਰੀਂ ਆਪ ਆ ਗਏ?

ਉਸ ਵੇਲੇ ਮਹਾਰਾਜ ਦੇ ਨੇਤਰਾਂ 'ਚੋਂ ਪਿਆਰ ਦਾ ਜਲ ਵਹਿ ਤੁਰਿਆ। ਮਹਾਰਾਜ ਨੇ ਜੱਫੀ ਪਾ ਲਈ। ਕਹਿਣ ਲੱਗੇ, ਭਾਈ ਮੰਝ! ਮੰਗ ਲੈ ਜੋ ਕੁਛ ਮੰਗਣੈਂ।

ਆਪ ਦੇ ਮੁਖਾਰਬਿੰਦ ਤੋਂ ਐਸਾ ਉਚਾਰਨ ਹੋਇਆ –

*ਧਾਰਨਾ – ਮੰਝ ਪਿਆਰਾ ਗੁਰੂ ਨੂੰ,*
*ਗੁਰੂ ਮੰਝ ਪਿਆਰਾ।*
*ਮੰਝ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ।*

ਕਿਸ਼ਤੀ ਨਹੀਂ ਬਣਾਇਆ ਉਹਨੂੰ, ਜਹਾਜ਼ ਬਣਾ ਦਿਤਾ। ਕਹਿੰਦੇ, ਭਾਈ ਮੰਝ! ਤੇਰਾ ਜੋ ਜੀਵਨ ਹੈ, ਉਹ ਐਨਾ ਆਦਰਸ਼ਕ ਜੀਵਨ ਹੈ। ਜਿਹੜਾ ਵੀ ਤੇਰੇ ਜੀਵਨ ਨੂੰ ਧੇਅ ਬਣਾਏਗਾ, ਉਹ ਇਸ ਤਰ੍ਹਾਂ ਲੰਘ ਜਾਏਗਾ ਜਿਵੇਂ ਜਹਾਜ਼ ਭਰ-ਭਰ ਕੇ ਸਮੁੰਦਰੋਂ ਲੰਘ ਜਾਂਦੇ ਨੇ। ਮੰਗ ਜੋ ਮੰਗਣੈ। ਬਾਰ-ਬਾਰ ਕਿਹਾ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਕਲਜੁਗ ਦਾ ਸਮਾਂ ਆ ਗਿਆ। ਕਸਵੱਟੀ ਸਿੱਖ ਤੋਂ ਸਹਿ ਨਹੀਂ ਹੋਣੀ। ਕ੍ਰਿਪਾ ਕਰੋ, ਸਖ਼ਤ ਕਸਵੱਟੀ ਨਾ ਲਾਓ। ਬਿਨਾਂ ਕਸਵੱਟੀ ਪਾਸ ਕਰ ਦਿਓ।

ਕਹਿੰਦੇ, ਮੰਝ! ਬਾਰ੍ਹਾਂ ਵੰਨੀ ਦਾ ਸੋਨਾ ਤਾਂ ਬਣਦੈ, ਜਦੋਂ ਉਹਦੇ 'ਚੋਂ ਪੂਰੀ ਮੈਲ ਨਿਕਲ ਜਾਂਦੀ ਹੈ। ਫੇਰ ਉਹ ਚਮਕਦਾ ਹੈ –

*ਚੰਦ ਮੁਬਾਰਕ ਈਦ ਪੁਗ ਖਲੋਵਣਾ।* *ਭਾਈ ਗੁਰਦਾਸ ਜੀ*

ਜਦੋਂ ਪੁੱਗ ਗਿਆ, ਫੇਰ ਉਹਦੀਆਂ ਕਹਾਣੀਆਂ ਚੱਲਣਗੀਆਂ। ਪਿਆਰ ਹੋਵੇਗਾ, ਪਿਆਰ ਵਾਲੇ ਦੇ ਸਦਕੇ ਦੁਨੀਆਂ ਤਰੇਗੀ। ਤੂੰ ਜਹਾਜ਼ ਬਣ ਗਿਆ, ਤਾਰਨ ਵਾਲਾ। ਤੇਰੀ ਕਿਰਤ ਕਮਾਈ ਨੂੰ ਦੇਖ ਕੇ ਹੀ ਗੁਰਸਿੱਖ ਡੋਲਣ ਤੋਂ ਬਚ ਜਾਣਗੇ। ਟੁੱਟੇ ਹੋਏ ਜੁੜ ਜਾਣਗੇ, ਲੰਘ ਜਾਣਗੇ। ਕਸਵੱਟੀ ਅਸੀਂ ਤਾਂ ਲਾਈ ਸੀ ਕਿ ਤੈਨੂੰ ਪੂਰਾ ਬਣਾ ਦੇਈਏ।

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*

ਗੱਲਾਂ ਨਾਲ ਸਿੱਖ ਨਹੀਂ ਬਣਦਾ। ਸਿੱਖ ਤਾਂ ਬਹੁਤ ਕਰਨੀ ਕਮਾਈ ਕਰਨੀ ਪੈਂਦੀ ਹੈ। ਆਪਣਾ ਆਪਾ ਮਾਰਨਾ ਪੈਂਦੈ। ਗੁਰੂ ਦੇ ਪਿਆਰ ਵਿਚ ਜਿਊਣਾ ਪੈਂਦਾ ਹੈ। ਦੁਖ ਆਵੇ, ਸੁਖ ਆਵੇ –

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥*
*ਅੰਗ- ੭੫੭*

ਔਖੀ ਘਾਟੀ ਹੈ ਪਿਆਰ ਦੀ, ਲੰਘਣੀ ਬੜੀ ਔਖੀ ਹੈ। ਸੋ ਇਹ ਜੋ ਗੁਰੂ ਦੇ ਨਾਲ ਸਬੰਧ ਜੁੜ ਜਾਂਦੈ, ਗੁਰੂ ਤਾਂ ਮਿਲ ਗਿਆ ਪਰ ਗੁਰੂ ਨਾਲ ਸਬੰਧ ਐਸਾ ਹੁੰਦੈ। ਇਹ ਤਾਂ ਜੁੜ ਗਿਆ, ਫੇਰ ਇਹ ਸੋਨਾ ਬਣ ਜਾਂਦੈ ਬਾਰ੍ਹਾਂ ਬੰਨ੍ਹੀ ਦਾ। ਲੰਘ ਜਾਂਦੈ –

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।*

ਇਹ ਇਕ ਸਾਡੇ ਵਾਸਤੇ ਮਾਰਗ ਦਰਸ਼ਨ ਨੇ। ਅਸੀਂ ਕਲਜੁਗ ਦੇ ਸਮੇਂ 'ਚ ਜਾ ਰਹੇ, ਬਹੁਤ ਭੁੱਲ ਗਏ ਕਿਉਂਕਿ ਹੁਣ ਸਮਾਂ ਹੀ ਹੋਰ ਆ ਗਿਆ। ਸਾਡੇ ਬਚਪਨ ਵੇਲੇ ਹੋਰ ਸਮਾਂ ਸੀ, ਹੁਣ ਹੋਰ ਸਮਾਂ ਹੈ। ਵਾਹਿਗੁਰੂ ਕ੍ਰਿਪਾ ਕਰੇ ਪਰ ਅਸੀਂ ਕੁਰਬਾਨ ਜਾਂਦੇ ਹਾਂ ਤੁਹਾਡੇ ਤੋਂ। ਕਿੱਡੀ ਦੂਰੋਂ ਤੁਸੀਂ ਆਉਂਦੇ ਹੋਂ। ਓਹੀ ਮੰਝਕੀ ਜਿਥੇ ਭਾਈ ਮੰਝ ਨੇ ਰੰਗ ਲਾਏ ਸੀ। ਗੁਰੂ ਮਹਾਰਾਜ ਨੇ ਭਾਈ ਮੰਝ ਨੂੰ ਕਿਹਾ ਕਿ ਤੂੰ ਹੁਣ ਜਾਹ। ਜਾਹ ਸਿੱਖੀ ਫੈਲਾ। ਜਿਨ੍ਹਾਂ ਦੇ ਕੋਲ ਲੜਕੀ ਸੀ, ਘਰਵਾਲੀ ਸੀ ਜਦੋਂ ਕਸਵੱਟੀ ਚੁੱਕੀ ਹੋਸ਼ ਆ ਗਈ ਉਹਨਾਂ ਨੂੰ। ਓ ਮਨਾਂ! ਧਿਰਕਾਰ ਹੈ ਤੁਹਾਨੂੰ, ਤੁਸੀਂ ਉਸ ਪੁਰਸ਼ ਦੀ ਲੜਕੀ ਤੋਂ ਕੰਮ ਲਿਆ। ਘਰਵਾਲੀ ਤੋਂ ਕੰਮ ਲਿਆ। ਇਹਨਾਂ ਦੇ ਤਾਂ ਪੈਰ ਪੂਜਣੇ ਚਾਹੀਦੇ ਸੀ। ਉਸ ਵੇਲੇ ਭੁੱਲ ਮਹਿਸੂਸ ਹੋਈ, ਸ੍ਰੀ ਅੰਮ੍ਰਿਤਸਰ ਨੂੰ ਤੁਰ ਪਏ। ਪਿੰਡ ਵਾਲਿਆਂ ਨੂੰ ਵੀ ਹੋਸ਼ ਆਈ ਕਿ ਅਸੀਂ ਕਿੱਡਾ ਮਾੜਾ ਕੰਮ ਕਰਿਆ। ਕੀ ਵਿਗਾੜਦਾ ਸੀ, ਕਿੰਨਾ ਚੰਗਾ ਸੀ। ਉਸ ਵੇਲੇ ਪਿੰਡ ਨੇ ਵੀ ਫੈਸਲਾ ਕਰ ਲਿਆ। ਭਾਈ ਮੰਝ ਪਹੁੰਚ ਜਾਂਦੇ ਨੇ। ਰਿੱਧੀਆਂ-ਸਿੱਧੀਆਂ, ਬਰਕਤਾਂ ਸਭ ਗੁਰੂ ਮਹਾਰਾਜ ਨੇ ਬਖਸ਼ ਦਿਤੀਆਂ। ਬ੍ਰਹਮ ਗਿਆਨ ਦੀ ਗੁਰੂ ਮਹਾਰਾਜ ਨੇ ਦਾਤ ਦੇ ਦਿਤੀ। ਸਾਰੇ ਆ ਕੇ ਮਾਫ਼ੀਆਂ ਮੰਗਦੇ ਨੇ। ਕਹਿੰਦੇ, ਕੋਈ ਨਹੀਂ, ਇਹ ਤਾਂ ਤੁਸੀਂ ਮੇਰੇ 'ਤੇ ਪਰਉਪਕਾਰ ਕੀਤੈ। ਜੇ ਪਰਉਪਕਾਰ ਤੁਸੀਂ ਮੇਰੇ 'ਤੇ ਨਾ ਕਰਦੇ, ਮੈਨੂੰ ਨਾ ਕੱਢਦੇ ਤਾਂ ਮੈਂ ਗੁਰੂ ਮਹਾਰਾਜ ਦੀ ਨਿਗ੍ਹਾ 'ਚ ਪ੍ਰਵਾਨ ਨਹੀਂ ਸੀ ਹੋਣਾ। ਇਹ ਤਾਂ ਕ੍ਰਿਪਾ ਕਰ ਦਿਤੀ ਤੁਸੀਂ ਮੇਰੇ ਉਤੇ। ਬੁਰਾ ਨਹੀਂ ਗਿਣਦੇ। ਸੱਚਾ ਆਦਰਸ਼ ਕਹਿੰਦੇ ਨੇ –

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਕਾ ਭਲਾ।*

ਸਾਰਿਆਂ ਨੂੰ ਲੈ ਕੇ ਗੁਰੂ ਮਹਾਰਾਜ ਕੋਲ ਚਲੇ ਗਏ। ਇਲਾਕਾ ਹੀ ਸਿੱਖਾਂ ਦਾ ਬਣਾ ਦਿਤਾ ਸਾਰਾ। ਮੰਝਕੀ ਤਾਰ ਦਿਤੀ ਸਾਰੀ। ਉਥੋਂ ਹੀ ਅੱਜ ਤੀਸਰੇ ਦਿਨ ਦੇ ਦੀਵਾਨ 'ਚ ਟਰੱਕ ਆ ਰਹੇ ਨੇ। ਕਿੱਡੀ-ਕਿੱਡੀ ਦੂਰੋਂ ਆਉਂਦੇ ਨੇ, ਕਿੱਡੀ-ਕਿੱਡੀ ਦੂਰ ਮੁੜ ਕੇ ਜਾਂਦੇ ਨੇ।

ਸੋ ਇਹ ਇਕ ਗੁਰਸਿੱਖ ਦੀ ਬਰਕਤ ਹੈ। ਦੁਆਬੇ ਵਿਚ ਬਹੁਤ ਸਿੱਖ ਹੋਏ ਨੇ। ਇਕ ਤੋਂ ਇਕ ਚੜ੍ਹਦਾ ਹੋਇਐ।

ਸੋ ਬਹੁਤ ਨਹੀਂ ਹੋ ਸਕਦਾ ਤਾਂ ਥੋੜ੍ਹੀ-ਥੋੜ੍ਹੀ ਕ੍ਰਿਪਾ ਕਰੋ, ਚਲੋ ਹੋਰ ਕੁਛ ਨਹੀਂ –

*(ਬਾਕੀ ਪੰਨਾ 53 ਤੇ)*

# ਨਾਮ ਮਹਿਮਾ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸ਼ਾਨ –......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ – ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ – ੨੮੯*

*ਧਾਰਨਾ – ਵਾਹਿਗੁਰੂ, ਮਹਿਮਾ ਨਾ ਤੇਰੀ ਵੇਦ ਜਾਣਦੇ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥ ੨ ॥ ਅੰਗ– ੮੯੪*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਚਿੱਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਰੱਖੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰੋ। ਉਸ ਤੋਂ ਬਾਅਦ ਇਹਨੂੰ ਹਿਰਦੇ 'ਚ ਧਾਰਨ ਕਰੋ। ਸਤਿਸੰਗ ਇਕ ਐਸੀ ਚੀਜ਼ ਹੈ ਦੁਨੀਆਂ ਦੇ ਅੰਦਰ ਕਿ ਬਾਕੀ ਚੀਜ਼ਾਂ ਹਿੰਮਤ ਨਾਲ ਲੱਭ ਜਾਂਦੀਆਂ ਨੇ, ਸਤਿਸੰਗ ਨਹੀਂ ਮਿਲਿਆ ਕਰਦਾ। ਇਹ ਤਾਂ ਪਹਿਲਾਂ ਪੂਰਬਲੇ ਕਰਮ ਬਣਦੇ ਨੇ, ਫੇਰ ਪ੍ਰਮੇਸ਼ਰ ਵਲੋਂ ਆਗਿਆ ਹੁੰਦੀ ਹੈ। ਫੇਰ ਉਹਨਾਂ-ਉਹਨਾਂ ਜੀਵਾਂ ਨੂੰ ਸਤਿਸੰਗ ਦੇ ਵਿਚ ਇਜਾਜ਼ਤ ਮਿਲਦੀ ਹੈ ਜਿਨ੍ਹਾਂ ਦੇ ਭਾਗ ਜਾਗੇ ਹੋਣ। ਦੂਜਿਆਂ ਨੂੰ ਨਹੀਂ ਮਿਲਦੀ, ਇਹ ਗੁਰੂ ਮਹਾਰਾਜ ਦਾ ਪੂਰੀ ਤਰ੍ਹਾਂ ਦੇ ਨਾਲ ਪਰਖਿਆ ਹੋਇਆ ਸਿਧਾਂਤ ਹੈ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ– ੬੪੨*

ਤੁਹਾਨੂੰ ਦਸ ਹੀ ਦਿਤਾ ਹੋਣੈ ਇਹਨਾਂ ਨੇ ਕਿ ਸੰਗਤ ਵਿਚ ਚਾਰ ਕਿਸਮ ਦੇ ਜਗਿਆਸੂ ਆਇਆ ਕਰਦੇ ਨੇ। ਇਕ ਤਾਂ ਉਹ ਹੁੰਦੇ ਨੇ ਜਿਨ੍ਹਾਂ ਦੇ ਉੱਤਮ ਭਾਗ ਹੁੰਦੇ ਨੇ, ਉਹ ਬਾਣੀ ਸੁਣਦੇ ਨੇ, ਵਿਚਾਰ ਕਰਦੇ ਨੇ, ਹਿਰਦੇ 'ਚ ਧਾਰਨ ਕਰਦੇ ਨੇ ਅਤੇ ਆਪਣੇ ਜੀਵਨ ਨੂੰ ਉਸ ਲਾਈਨ ਦੇ ਉਤੇ ਪਾਉਂਦੇ ਨੇ ਜੋ ਬਾਣੀ ਦਸਦੀ ਹੈ। ਦੂਸਰੇ ਉਸ ਕਿਸਮ ਦੇ ਹੁੰਦੇ ਨੇ ਕਿ ਆ ਤਾਂ ਜਾਂਦੇ ਨੇ ਪਰ ਮਨ ਨਹੀਂ ਉਹਨਾਂ ਦਾ ਲੱਗਿਆ ਕਰਦਾ। ਤੀਸਰੇ ਉਸ ਕਿਸਮ ਦੇ ਹੁੰਦੇ ਨੇ ਕਿ ਜੋ ਆ ਤਾਂ ਜਾਂਦੇ ਨੇ, ਪੁੰਨ ਕਰਮ ਲੈ ਤਾਂ ਆਉਂਦੇ ਨੇ, ਪਰ ਜਾਂ ਤਾਂ ਨੀਂਦ ਆ ਜਾਂਦੀ ਹੈ ਜਾਂ ਏਧਰ ਉਧਰ ਦੇਖੀ ਜਾਂਦੇ ਨੇ। ਚੌਥੀ ਕਿਸਮ ਦੇ ਉਹ ਹੁੰਦੇ ਨੇ ਜਿਹੜੇ ਪਰਖਣ ਵਾਸਤੇ ਆਉਂਦੇ ਨੇ ਕਿ ਇਹ ਬਾਬਾ ਜੀ ਕੀ ਕਹਿੰਦੈ, ਫਲਾਣਾ ਕੀ ਕਹਿੰਦੈ, ਇਹਦਾ ਬਹੁਤ ਵਧੀਆ ਹੈ, ਉਹਦਾ ਬਹੁਤ ਵਧੀਆ ਹੈ। ਆਪਣਾ-ਆਪਣਾ ਵਿਚਾਰ ਹੈ। ਸੋ ਜੋ ਬਾਣੀ ਰਸ ਲੈਣ ਵਾਸਤੇ ਆਉਂਦੇ ਨੇ ਜਿਹੜੇ ਰਸਤਾ ਜਾਨਣ ਵਾਸਤੇ ਆਉਂਦੇ ਨੇ ਉਹ ਵੱਡੇ ਉੱਤਮ ਸਰੋਤੇ ਹੁੰਦੇ ਨੇ। ਜਦੋਂ ਇਥੇ ਆ ਕੇ ਤੁਸੀਂ ਮਸਤਕ ਨਿਵਾਉਂਦੇ ਹੋਂ, ਉਹਦੇ ਨਾਲ ਜਿਹੜੇ ਮਾੜੇ ਲੇਖ ਨੇ, ਉਸੇ ਵੇਲੇ ਦਬਣੇ ਸ਼ੁਰੂ ਹੋ ਜਾਂਦੇ ਨੇ। ਵਿਘਨ ਆਇਆ ਪਿਐ ਕਿ ਹੁਣ ਲੱਗਣਾ ਹੀ ਲੱਗਣਾ ਹੈ। ਲੇਕਿਨ ਮਸਤਕ ਨਿਵਾਉਂਦੇ ਸਾਰ ਉਹਦਾ ਜਿਹੜਾ ਤਿੱਖਾ ਮੂੰਹ ਹੈ, ਟੁੱਟ ਜਾਣੈ, ਮਾੜਾ ਜਿਹਾ ਆ ਕੇ ਆਦਮੀ ਬਚ ਜਾਂਦੈ। ਸੂਲੀ ਤੋਂ ਸੂਲ ਬਣ ਜਾਂਦੀ ਹੈ। ਮਸਤਕ ਨਿਵਾਉਣ ਦਾ ਫਾਇਦਾ, ਅੱਖਾਂ ਨਾਲ ਦਰਸ਼ਨ ਕਰਦੇ ਹੋ ਗੁਰੂ ਦਾ, ਇਹਦਾ ਲਾਭ ਮਿਲਦੈ। ਕੰਨਾਂ ਦੇ ਨਾਲ ਬਾਣੀ ਸੁਣਦੇ ਹੋਂ, ਜਦੋਂ ਰਸਨਾ ਦੇ ਨਾਲ ਗੱਜ ਵੱਜ ਕੇ ਗਾਉਂਦੇ ਹੋਂ ਤੇ ਫੇਰ ਪ੍ਰਤੀਤ ਕਰਦੇ ਹੋਂ, ਭਰੋਸਾ ਕਰਦੇ ਹੋਂ ਗੁਰੂ 'ਤੇ, ਤਾਂ ਮਹਾਰਾਜ ਫੁਰਮਾਨ ਕਰਦੇ ਨੇ –

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*
*ਅੰਗ– ੬੬੯*

ਆਗਿਆ ਮੰਨ ਲਓ, ਫਲ ਕਿੰਨਾ ਹੋਏਗਾ –

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ– ੫੪੬*

ਕਈ ਕਰੋੜ ਜਗਾਂ ਦਾ ਫਲ ਮਿਲ ਜਾਏਗਾ ਇਹ ਫਲ ਮੁਕਾਇਆ ਹੋਇਆ ਵੀ ਨਹੀਂ ਮੁੱਕੇਗਾ। ਸੋ ਵਿਚਾਰ ਇਹ ਹੈ ਕਿ ਬੰਦਾ ਇਥੇ ਕੀ ਕਰਨ ਵਾਸਤੇ ਆਇਆ

ਹੈ? ਜੋ ਸਮਾਗਮ ਹੋਇਆ ਹੈ, ਅਖਬਾਰਾਂ ਨੇ ਤਾਂ ਬਹੁਤਾ ਲਿਖਿਐ ਕਿ 12 ਲੱਖ ਯਾਤਰੂ ਉਸ ਸਮਾਗਮ ਵਿਚ ਪੰਜ ਦਿਨਾਂ ਵਿਚ ਆਏ। ਕੋਈ ਹੋਣਾ ਉਹਨਾਂ ਦਾ ਆਪਣਾ ਹਿਸਾਬ ਕਿਤਾਬ ਜਿਨ੍ਹਾਂ ਨੇ ਲਿਖਿਐ। ਅਸੀਂ 7 ਲੱਖ ਤੋਂ 10 ਲੱਖ ਤਕ ਗਿਣਿਐ। ਪਰ ਐਤਕੀਂ ਸਾਡਾ ਸਾਰਾ ਹੀ ਖਰਚਾ ਡੇਢ ਗੁਣਾ ਹੋਇਐ। ਇਹਦਾ ਮਤਲਬ ਇਹ ਹੈ ਕਿ ਪਿਛਲੇ ਸਾਲਾਂ ਦੇ ਨਾਲੋਂ ਡੇਢ ਗੁਣਾਂ ਸੰਗਤ ਆਈ ਹੈ। ਜੇ ਪਹਿਲਾਂ 7 ਲੱਖ ਆਉਂਦੀ ਸੀ ਤਾਂ ਸਾਢੇ ਦਸ ਲੱਖ ਆਈ ਹੈ। ਉਹਨਾਂ ਨੇ ਜੋ ਕੁਝ ਸੁਣਿਆ, ਪਹਿਲੇ ਦਿਨ ਇਹ ਸੀ ਕਿ ਜੀਵਨ ਮਨੋਰਥ ਕੀ ਹੈ, ਸੰਸਾਰ 'ਤੇ ਅਸੀਂ ਆ ਗਏ। ਕੀ ਕਰਨ ਵਾਸਤੇ ਆਏ ਹਾਂ, ਵਿਚਾਰ ਕਰੋ। ਵਿਦਵਾਨਾਂ ਨੇ ਸਾਧੂਆਂ ਨੇ ਵਿਚਾਰ ਕਰਕੇ ਦਸਿਆ ਕਿ ਗੁਰੂ ਮਹਾਰਾਜ ਕਹਿੰਦੇ ਨੇ ਕਿ –

*ਯਾ ਜੁਗ ਮਹਿ ਏਕਹਿ ਕਉ ਆਇਆ ॥ ਅੰਗ- ੨੫੧*

ਆਇਆ ਤਾਂ ਸੀ ਤੂੰ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਪਰ ਹੋਇਆ ਕੀ –

*ਜਨਮਤ ਮੋਹਿਓ ਮੋਹਨੀ ਮਾਇਆ ॥ ਅੰਗ- ੨੫੧*

ਜੰਮਦੇ ਨੂੰ ਹੀ ਮਾਇਆ ਨੇ ਮੋਹ ਲਿਆ।

*ਗਰਭ ਕੁੰਟ ਮਹਿ ਉਰਧ ਤਪ ਕਰਤੇ ॥ ਅੰਗ- ੨੫੧*

ਮਾਇਆ ਦੇ ਪੇਟ ਵਿਚ ਪੁੱਠਾ ਲਟਕ ਕੇ ਤਪ ਕਰ ਰਿਹਾ ਸੀ। 9 ਮਹੀਨੇ ਦਾ ਤਪ ਹੈ –

*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥ ਅੰਗ- ੨੫੧*

ਹਰ ਸਵਾਸ ਵਾਹਿਗੁਰੂ ਦਾ ਨਾਮ ਸਿਮਰਦਾ ਸੀ।

*ਉਰਝਿ ਪਰੇ ਜੋ ਛੋਡਿ ਛਡਾਨਾ ॥*
*ਦੇਵਨਹਾਰੁ ਮਨਹਿ ਬਿਸਰਾਨਾ ॥ ਅੰਗ- ੨੫੧*

ਉਹਨਾਂ ਗੱਲਾਂ 'ਚ ਫਸ ਗਿਆ ਜਿਹੜੀਆਂ ਛੱਡਣੀਆਂ ਸੀ। ਜਿਹੜੀ ਅਸਲੀ ਚੀਜ਼ ਸੀ ਉਹ ਮਨ ਤੋਂ ਭੁੱਲ ਗਈ। ਅਸਲੀ ਕੀ ਸੀਗਾ –

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ- ੧੨*

ਵਾਰੀ ਆ ਗਈ ਭਾਈ। ਹੁਣੇ ਮੈਂ ਉਥੇ ਬੈਠਾ ਸੀ, ਧਾਰਨਾ ਪੜ੍ਹੀ ਜਾ ਰਹੀ ਸੀ –

*ਬਾਰ-ਬਾਰ ਨਾ ਮਿਲਣੀ ਮਾਨਸ ਦੇਹੀ-ਮਾਨਸ ਦੇਹੀ।*

ਇਹਦਾ ਕੋਈ ਖਾਸ ਕੰਮ ਹੈ। ਉਹ ਹੈ ਨਾਮ ਜਪਣਾ–

*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ- ੧੨*

ਸੰਤਾਂ ਦੀ ਸੰਗਤ ਕਰਕੇ ਨਾਮ ਜਪ। ਨਾਮ ਦੇ ਵਿਚ ਬਹੁਤ ਬਰਕਤਾਂ ਨੇ। ਬਹੁਤ ਲੰਮੀ-ਚੌੜੀ ਵਿਆਖਿਆ ਹੈ। ਸੰਸਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਨਾਮ ਸਭ ਤੋਂ ਉਤਮ ਚੀਜ਼ ਹੈ। ਇਥੋਂ ਤਕ ਹੈ ਕਿ ਇਹਦੇ ਵਿਚ ਸਾਰੀਆਂ ਰਿੱਧੀਆਂ-ਸਿੱਧੀਆਂ, ਤਾਕਤਾਂ ਹਨ। ਜੇ ਹਿਰਦੇ ਵਿਚ ਨਾਮ ਵਸ ਜਾਵੇ, ਨਾਮ ਚਿਤ ਆ ਜਾਵੇ। ਜਦੋਂ ਆਪ ਜੀ ਦੇ ਉਤੇ ਕੋਈ ਬਿਪਤਾ ਪੈਂਦੀ ਹੈ, ਸਭ ਤੋਂ ਔਖਾ ਵੇਲਾ ਆਉਂਦੈ। ਉਸ ਵੇਲੇ ਜੇ ਕੋਈ ਚੀਜ਼ ਸਹਾਇਤਾ ਕਰਦੀ ਹੈ, ਨਾ ਮਾਂ ਕਰਦੀ ਹੈ, ਨਾ ਪਿਉ ਕਰਦੈ, ਨਾ ਭਰਾ ਕਰਦੇ ਨੇ, ਨਾ ਜ਼ਮੀਨ ਜਾਇਦਾਦ ਕਰਦੀ ਹੈ, ਨਾ ਪੈਸਾ ਕਰਦੈ, ਨਾ ਸਰਕਾਰ ਕਰਦੀ ਹੈ, ਕਿਉਂਕਿ –

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਅੰਗ- ੧੨੮੧*

ਉਥੇ ਜੇ ਕੋਈ ਚੀਜ਼ ਕੰਮ ਆਉਂਦੀ ਹੈ, ਇਥੇ ਵੀ ਜੇ ਕੋਈ ਚੀਜ਼ ਕੰਮ ਆਉਂਦੀ ਹੈ, ਉਹ ਹੈ ਪ੍ਰਮੇਸ਼ਰ ਦਾ ਨਾਮ ਜਿਸ ਤੋਂ ਮਨੁੱਖ ਭੁੱਲ ਕੇ ਬਹੁਤ ਹੀ ਬੁਰੀ ਤਰ੍ਹਾਂ ਨਾਲ ਵਿਛੜਿਆ ਹੋਇਆ ਹੈ । ਮਹਾਰਾਜ ਐਸਾ ਫੁਰਮਾਨ ਕਰਦੇ ਨੇ –

*ਧਾਰਨਾ – ਤੇਰੀ ਨਾਮ ਨੇ ਸਹਾਇਤਾ ਕਰਨੀ,*
*ਔਖੀ ਵੇਲਾ-ਔਖੀ ਵੇਲਾ।*
*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਅੰਗ- ੨੬੪*

ਮਾਂ-ਪਿਉ, ਮਿੱਤਰ, ਪੁੱਤਰ ਜਿਥੇ ਕੋਈ ਵੀ ਸਹਾਇਤਾ ਨਹੀਂ ਕਰਦਾ। ਉਸ ਥਾਂ ਦੇ ਉਤੇ ਨਾਮ ਸਹਾਇਤਾ ਕਰਦੈ। ਜਪਿਆ ਹੋਇਆ ਨਾਮ ਨਾਲ ਜਾਂਦੈ। ਉਹਨੂੰ ਨਾ ਜਮਦੂਤ ਖੋਹ ਸਕਦੇ ਨੇ, ਨਾ ਉਹ ਜਾਲਿਆ ਜਾ ਸਕਦੈ। ਨਾ ਉਹ ਗਵਾਚਦੈ, ਉਹ ਜੀਵ ਦੇ ਨਾਲ ਸਮਾਅ ਜਾਂਦੈ। ਜਿਥੇ ਕੋਈ ਆ ਕੇ ਔਕੜ ਪੈਂਦੀ ਹੈ, ਉਥੇ ਉਹ ਸਹਾਇਤਾ ਕਰ ਦਿਆ ਕਰਦੈ –

*ਜਹ ਮਹਾ ਭਇਆਨ ਦੂਤ ਜਮ ਦਲੈ ॥ ਅੰਗ- ੨੬੪*

ਭਿਆਨਕ ਚੀਜ਼ਾਂ ਸੰਸਾਰ 'ਚ ਬਹੁਤ ਨੇ ਪਰ ਜਿਹਨੂੰ ਮਹਾਰਾਜ ਨੇ ਕਿਹੈ **'ਮਹਾ ਭਇਆਨ'** ਉਹ ਜਮਦੂਤ ਨੇ ਜਿਨ੍ਹਾਂ ਨੂੰ ਦੇਖਦੇ ਸਾਰ ਕਿੱਡਾ ਹੀ ਵੱਡੇ ਤੋਂ ਵੱਡਾ ਸੂਰਮਾ ਕਿਉਂ ਨਾ ਹੋਵੇ, ਕੰਬਣ ਲਗ ਜਾਂਦੈ। ਕਹਿੰਦੇ, ਉਥੇ 'ਨਾਮ' ਬਰਾਬਰ ਖੜ੍ਹਦੈ। ਉਹਦੀ ਮਜ਼ਾਲ ਨਹੀਂ ਹੈ ਕਿ ਨੇੜੇ ਆ ਜਾਵੇ। ਇਕ ਵਾਰੀ 'ਵਾਹਿਗੁਰੂ' ਕਹਿ ਦਿਓ। ਹੋਏਗਾ ਕੀ? –

*ਨਾਮੁ ਸੁਣਤ ਜਮੁ ਦੂਰਹੁ ਭਾਗੈ ॥ ਅੰਗ- ੧੧੫੦*

ਦੂਰੋਂ ਹੀ ਕਹਿ ਦਿਓ ਤੁਸੀਂ ਉਸੇ ਵੇਲੇ ਭੱਜ ਜਾਂਦੈ। ਇਹ ਬਾਣੀ ਹੈ, ਸਤਿ ਕਰਕੇ ਸਾਨੂੰ ਮੰਨ ਲੈਣੀ ਚਾਹੀਦੀ ਹੈ। ਜੇ ਕੋਈ ਕਹੇ ਕਿ ਸਬੂਤ ਵੀ ਹੈ ਕੋਈ? ਸਬੂਤ ਤਾਂ ਬਹੁਤ ਨੇ। ਪਹਿਲਾਂ ਬਾਣੀ ਵਿਚ ਹੀ ਬਹੁਤ ਆਉਂਦੇ ਨੇ ਪਰ ਮੈਂ ਇਕ ਗੱਲ ਦਸਦਾ ਹਾਂ ਤੁਹਾਨੂੰ। ਬੰਗਾਲ ਵਿਚ ਇਕ ਬੀਬੀ ਹੋਈ ਹੈ ਜਿਸ ਦਾ ਨਾਂ ਅਨੰਦਮਈ ਸੀ। ਉਹਨੂੰ ਮਾਂ ਕਹਿ ਕੇ ਬੁਲਾਇਆ ਕਰਦੇ ਸੀ। ਉਹ

ਕਾਸ਼ੀ ਦੇ ਵਿਚ ਇਕ ਸੇਠ ਦੇ ਘਰ ਸਮਾਗਮ ਸੀ ਉਥੇ ਆਈ ਹੋਈ ਸੀ। ਸੇਠ ਦਾ ਛੋਟਾ ਜਿਹਾ ਬੱਚਾ 3 ਕੁ ਸਾਲ ਦਾ, ਬੜਾ ਹੀ ਮਨਮੋਹਣਾ, ਸੋਹਣਾ ਲਗਦੈ। ਉਹ ਬਾਰ-ਬਾਰ ਮਾਤਾ ਜੀ ਦੇ ਪਲੰਘ ਵਲ ਨੂੰ ਆਈ ਜਾਂਦੈ। ਮਾਤਾ ਜੀ ਬੜੇ ਪਿਆਰ ਨਾਲ ਦੇਖਦੇ ਨੇ ਉਹਨੂੰ। ਅਚਾਨਕ ਉਹਨਾਂ ਮੂੰਹੋਂ ਨਿਕਲ ਗਿਆ, ਪ੍ਰਭੂ ਦੀ ਨੇਤ ਕੋਈ ਜਾਣ ਨਹੀਂ ਸਕਦਾ। ਐਨੀ ਗੱਲ ਕਹੀ, ਸੇਠ ਬੜਾ ਸਿਆਣਾ ਸੀ। ਉਹਨੇ ਕਿਹਾ ਕਿ ਮਾਤਾ ਜੀ ਨੇ ਬੱਚੇ ਵਲ ਦੇਖ ਕੇ ਇਹ ਗੱਲ ਕਹੀ ਹੈ ਕਿ ਜ਼ਰੂਰ ਇਹਦੇ ਵਿਚ ਭੇਤ ਹੈ। ਚਰਨ ਫੜ ਲਏ। ਬੜਾ ਪੁਛਦੈ। ਪਰ ਜਿਹੜੇ ਪ੍ਰਮੇਸ਼ਰ ਦੇ ਨੇੜੇ ਹੁੰਦੇ ਨੇ, ਉਹ ਭੇਤ ਨਹੀਂ ਦਿਆ ਕਰਦੇ -

*ਕਹੁ ਕਬੀਰ ਛੂਛਾ ਘਟੁ ਬੋਲੈ ॥*
*ਭਰਿਆ ਹੋਇ ਸੁ ਕਬਹੁ ਨ ਡੋਲੈ ॥ ਅੰਗ- ੮੭੦*

ਜਿਹੜਾ ਛੂਛਾ ਘਟ ਹੈ ਉਹ ਤਾਂ ਬੋਲਦਾ ਹੈ। ਜਿਹੜਾ ਭਰਿਆ ਹੁੰਦੈ ਉਹਦੀ ਅਵਾਜ਼ ਹੀ ਨਹੀਂ ਆਉਂਦੀ। ਮਹਾਤਮਾ ਭਰੇ ਹੋਏ ਹੁੰਦੇ ਨੇ, ਭੇਤ ਦਾ ਪਤਾ ਹੁੰਦੈ, ਨਹੀਂ ਬੋਲਦੇ, ਨਹੀਂ ਦਸਦੇ। ਅਨਜਾਣ ਬਣੇ ਰਹਿੰਦੇ ਨੇ -

*ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥ ੧*
*ਅੰਗ- ੧੩੮੪*

ਪਰ ਉਹ ਸੇਠ ਬਾਰ-ਬਾਰ ਪੁੱਛੀ ਜਾਂਦੈ। ਜਦੋਂ ਜ਼ਿਆਦਾ ਹੀ ਪੁੱਛਿਆ ਤਾਂ ਕਹਿਣ ਲੱਗੇ, ਸੇਠ ਜੀ! ਪ੍ਰਭੂ ਦੀ ਕੁਦਰਤ, ਇਹ ਬੱਚਾ ਖੇਲ੍ਹਦਾ ਫਿਰਦੈ। ਅੱਜ 2 ਵਜੇ ਰਾਤ ਨੂੰ ਇਹਦੇ ਪ੍ਰਾਣ ਨਿਕਲ ਜਾਣੇ ਨੇ। ਜਿਥੇ ਅਸੀਂ ਆਏ ਹੋਏ ਹਾਂ, ਅੱਜ ਖੁਸ਼ੀ ਹੈ, ਕੱਲ੍ਹ ਨੂੰ ਇਥੇ ਚੀਕ-ਚਿਹਾੜਾ ਪੈ ਜਾਣੈ। ਅਸੀਂ ਤੁਹਾਡੇ ਤੋਂ ਵਿਦਾ ਮੰਗਣ ਵਾਲੇ ਹਾਂ। ਸਾਧੂ ਹਾਂ, ਰਾਗ ਦਵੈਸ਼ ਤੋਂ ਦੂਰ ਹਾਂ।

ਕਹਿੰਦਾ, ਨਹੀਂ ਮਹਾਰਾਜ! ਹੁਣ ਜੇ ਦਸ ਦਿਤਾ, ਮੈਂ ਤੁਹਾਡਾ ਸੇਵਕ ਹਾਂ, ਮੇਰੇ 'ਤੇ ਕ੍ਰਿਪਾ ਕਰੋ, ਸਮਰੱਥ ਹੋਂ ਤੁਸੀਂ। ਉਸ ਵੇਲੇ ਬਹੁਤ ਬੇਨਤੀਆਂ ਕੀਤੀਆਂ। ਮਹਾਰਾਜ ਕਹਿਣ ਲੱਗੇ ਕਿ ਕਿ ਇਸ ਤਰ੍ਹਾਂ ਕਰੋ ਜਮਦੂਤਾਂ ਨੇ ਆਉਣੈ 2 ਵਜੇ। ਉਹ ਪ੍ਰਭੂ ਦੇ ਨਾਮ ਤੋਂ ਡਰਦੇ ਨੇ, ਹੋਰ ਕਿਸੇ ਚੀਜ਼ ਤੋਂ ਨਹੀਂ ਡਰਦੇ। ਕੀਰਤਨ ਤੋਂ ਜਾਂ ਸਾਧੂ ਬੈਠਾ ਹੋਵੇ ਜਾਂ ਨਾਮ ਦਾ ਜਾਪ ਹੁੰਦਾ ਹੋਵੇ ਕਿਉਂਕਿ ਐਸਾ ਫੁਰਮਾਨ ਹੈ -

*ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥*
*ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥*
*ਅੰਗ- ੨੫੬*

ਜਿਥੇ ਸਾਧੂ ਹੋਵੇ। ਜਿਸ ਥਾਂ ਦੇ ਉਤੇ ਕੀਰਤਨ ਹੁੰਦਾ ਹੋਵੇ। ਜਿਸ ਥਾਂ ਦੇ ਉਤੇ ਗੋਬਿੰਦ ਦਾ ਭਜਨ ਹੁੰਦਾ ਹੋਵੇ। ਇਹ ਤਿੰਨ ਥਾਵਾਂ 'ਤੇ ਨਾ ਜਾਇਓ ਜਮਦੂਤੋ, ਜੇ ਚਲੇ ਗਏ ਤਾਂ ਨਾ ਤੁਸੀਂ ਛੁਟਣੈ, ਨਾ ਮੈਂ ਛੁਟਣੈ, ਅਕਾਲ ਪੁਰਖ ਨੇ ਦੰਡ ਦੇਣੈ, ਪਤਾ ਨਹੀਂ ਕਿਹੜੇ ਨਰਕ ਵਿਚ ਆਪਾਂ ਨੂੰ ਸੁੱਟ ਦੇਵੇ। ਕਹਿਣ ਲੱਗੇ, ਪ੍ਰਭੂ ਦੇ ਨਾਮ ਤੋਂ ਇਹ ਡਰਦੇ ਨੇ।

ਕਹਿੰਦੇ, ਇਹ ਕਰੋ, ਸ਼ਾਮ ਨੂੰ ਸਾਰੇ ਆਸਣ ਲਾ ਲਓ। ਸੌਣਾ ਨਹੀਂ ਕਿਸੇ ਨੇ। ਬਾਗ ਹੈ ਸੇਠ ਜੀ ਦਾ। ਏਧਰ ਵੀ ਬਹਿ ਜਾਓ, ਚਾਰੇ ਪਾਸਿਓਂ ਇਹਦੀ ਕੋਠੀ ਘੇਰ ਲਓ। ਕਮਰੇ ਵਿਚ ਬੱਚੇ ਨੂੰ ਪਾ ਲਓ। ਦੋ ਸਾਧੂ ਵਾਰੀ-ਵਾਰੀ ਡਿਊਟੀ ਦੇ ਕੇ ਭਜਨ ਕਰੋ। ਇਸੇ ਤਰ੍ਹਾਂ ਨਾਲ ਕੀਤਾ ਗਿਆ। ਜਿਹੜੇ ਸੰਤਾਂ ਦੀ ਉਸ ਵੇਲੇ ਡਿਊਟੀ ਸੀ, ਉਹ ਮੇਰੇ ਨਾਲ ਗੱਲ ਕਰਦੇ ਸੀ। ਕਹਿਣ ਲੱਗੇ, ਮੇਰੀ ਡਿਊਟੀ ਸੀ ਉਸ ਵੇਲੇ ਤੇ ਮੈਂ ਕੀ ਦੇਖਦਾਂ, ਦਰਵਾਜ਼ੇ ਦੇ ਅੱਗੇ ਅਜੀਬ ਕਿਸਮ ਦੇ ਦੋ ਬੰਦੇ ਆ ਕੇ ਖੜ੍ਹੇ ਹੋ ਗਏ। ਕੱਛ 'ਚ ਉਹਨਾਂ ਨੇ ਇਕ ਕਿਤਾਬ ਲਈ ਹੋਈ ਹੈ। ਉਹ ਹੱਥ ਵਿਚ ਫੜ ਲਈ। ਦੂਸਰੇ ਹੱਥ ਦੀ ਉਂਗਲੀ ਨਾਲ ਆਪਣੇ ਨਾਲ ਦੇ ਨੂੰ ਕਹਿਣ ਲੱਗਿਆ, ਆਹ ਬੱਚਾ ਪਿਆ ਹੈ, ਇਹਦੇ ਪ੍ਰਾਣ ਆਪਾਂ ਲੈ ਕੇ ਜਾਣੇ ਨੇ। ਅੰਦਰ ਸਾਧੂ ਬੈਠੇ ਨੇ, ਪੈਰ ਨਹੀਂ ਪਾਉਂਦੇ, ਉਸ ਕਮਰੇ ਵਿਚ। ਕਹਿੰਦੇ, ਮੇਰੀ ਡਿਊਟੀ ਸੀ, ਮਾਤਾ ਜੀ ਦਾ ਹੁਕਮ ਸੀ ਕਿ ਜਦੋਂ ਜਮਦੂਤ ਆਉਣ ਉੱਚੀ ਦੇ ਕੇ ਪ੍ਰਮੇਸ਼ਰ ਦਾ ਨਾਮ ਜਪਣਾ ਸ਼ੁਰੂ ਕਰ ਦਿਓ ਸਭ। ਕਹਿਣ ਲੱਗੇ, ਮੈਂ ਪੂਰੇ ਜ਼ੋਰ ਨਾਲ ਹਰੇ ਰਾਮ, ਹਰੇ ਰਾਮ ਜਪਣਾ ਸ਼ੁਰੂ ਕਰ ਦਿਤਾ। ਹਰ ਥਾਂ ਦੇ ਉਤੇ ਜਿਵੇਂ ਮੋਰਚੇ ਲਾ ਕੇ ਬੈਠੀਦੈ, ਸਾਧੂ ਬੈਠੇ ਸੀ। ਹਰ ਥਾਂ ਤੋਂ ਹੀ ਅਵਾਜ਼ ਆਉਣ ਲਗ ਗਈ। ਬਾਗ਼ ਵਿਚੋਂ ਵੀ ਆਉਣ ਲਗ ਗਈ, ਕੋਠੀ ਦੇ ਬਾਹਰੋਂ, ਅੰਦਰੋਂ ਸਾਰੇ ਪਾਸੇ ਅਵਾਜ਼ ਆਉਣੀ ਸ਼ੁਰੂ ਹੋ ਗਈ ਤੇ ਇਹ ਨੱਠੇ ਹੀ ਜਾਂਦੇ ਨੇ। ਬਾਹਰ ਜਾ ਕੇ ਖੜ੍ਹੇ ਰਹੇ। ਉਸ ਤੋਂ ਬਾਅਦ ਕਾਫੀ ਸਮਾਂ ਹੋ ਗਿਆ, ਉਹਨੇ ਹੱਥ ਮਾਰ ਦਿਤਾ ਕਿ ਇਥੈ ਨਹੀਂ ਆਪਣੀ ਦਾਲ ਗਲਣੀ। ਚਲੋ ਚੱਲੀਏ। ਵਾਪਸ ਚਲੇ ਗਏ। ਦਿਨ ਚੜ੍ਹ ਗਿਆ, ਕੀਰਤਨ ਹੋਈ ਜਾਂਦੈ ਰਾਮ ਨਾਮ ਦਾ। ਉਸ ਵੇਲੇ ਮਾਤਾ ਜੀ ਕੋਲ ਆਇਆ ਸੇਠ। ਮਾਤਾ ਜੀ ਕਹਿੰਦੇ, ਭਾਈ! ਵਕਤ ਟਲ ਗਿਆ, ਜਮਦੂਤ ਚਲੇ ਗਏ। ਹੁਣ ਤੇਰਾ ਬੱਚਾ ਐਨੀ ਉਮਰ ਭੋਗੇਗਾ, ਮਹਾਂਪੁਰਸ਼ਾਂ ਨੇ ਨਾਲ ਦੀ ਨਾਲ ਉਮਰ ਵੀ ਦੇ ਦਿਤੀ। ਇਸੇ ਕਰਕੇ ਬਾਣੀ ਦੇ ਵਿਚ ਐਸਾ ਫੁਰਮਾਨ ਹੈ -

*ਧਾਰਨਾ - ਮਹਿਮਾ ਸੰਤਾਂ ਦੀ, ਵੇਦ ਨਾ ਜਾਣਦੇ।*

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ ॥ ਅੰਗ- ੨੭੨*

ਮਹਿਮਾ ਦਾ ਪਤਾ ਨਹੀਂ। ਵੇਦ ਨੇ ਤਾਂ ਜੋਤਿਸ਼ ਦੇ ਗ੍ਰੰਥ ਅਨੁਸਾਰ ਦਸ ਦਿਤਾ ਕਿ ਇਹ ਬੱਚਾ ਐਨੇ ਸਾਲ ਦਾ ਚੜ੍ਹਾਈ ਕਰ ਜਾਏਗਾ ਪਰ ਉਹਨੂੰ ਇਹ ਨਹੀਂ ਸੀ

ਪਤਾ ਕਿ ਕਿਸੇ ਸਾਧੂ ਨੇ ਨਾਮ ਦਾ ਕੁੰਡਲ ਇਹਦੇ ਦੁਆਲੇ ਪਾ ਦੇਣੈ -

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥*
*ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥*
*ਅੰਗ- ੮੧੯*

ਰਾਮ ਕਾਰ ਕਹਿੰਦੇ ਨੇ ਨਾਮ ਦੀ ਕਾਰ। ਸੋ ਜਿਥੇ ਕੋਈ ਵੀ ਸਹਾਇਤਾ ਨਹੀਂ ਕਰਦਾ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅੰਗ- ੨੬੪*

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*
*ਜਿਹ ਪੈਡੈ ਮਹਾ ਅੰਧ ਗੁਬਾਰਾ ॥*
*ਹਰਿ ਕਾ ਨਾਮੁ ਸੰਗਿ ਉਜੀਆਰਾ ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥*
*ਅੰਗ- ੨੬੪*

ਸੋ ਜਦੋਂ ਕੋਈ ਵੀ ਹੱਥ ਨਹੀਂ ਪੈਂਦਾ। ਕੋਈ ਮਦਦ ਨਾ ਕਰ ਸਕਦਾ ਹੋਵੇ ਉਥੇ ਨਾਮ ਸਹਾਇਤਾ ਕਰਦੈ।

ਦਰੋਪਤੀ ਦੇ ਵਸਤਰ ਲਾਹੇ ਜਾਣ ਦਾ ਹੁਕਮ ਹੋ ਗਿਆ। ਮਹਾਰਾਜ ਕਹਿੰਦੇ, ਵਿਚਾਰੀ ਔਰਤ ਸੀ। ਇਕ ਝਟਕਾ ਮਾਰਿਆ ਅੱਧੀ ਸਾੜੀ ਲਹਿ ਗਈ। ਅੱਧੀ ਰਹਿ ਗਈ ਤੇੜ। ਉਸ ਵੇਲੇ -

*ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥*
*ਅੰਗ - ੧੦੦੮*

ਪ੍ਰਮੇਸ਼ਰ ਦੇ ਨਾਮ ਦੀ ਸੁਧ ਆ ਗਈ -

*ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ ॥*
*ਅੰਗ - ੧੦੦੮*

ਦਇਆਲ ਹੋ ਕੇ ਉਹਦੇ ਦੁਖ ਦਾ ਖਾਤਮਾ ਕਰ ਦਿਤਾ। ਸੋ ਜਿਥੇ ਪ੍ਰਮੇਸ਼ਰ ਦਾ ਨਾਮ ਲਿਆ ਜਾਂਦੈ, ਸਿਰਫ ਇਕ ਵਾਰ ਲਿਆ ਸੀ ਉਹਨੇ। ਜਦੋਂ ਅੱਧੀ ਸਾੜੀ ਲਹਿ ਗਈ, ਕਿਸੇ ਨੇ ਵੀ ਨਾ ਮਦਦ ਕਰੀ। ਬਜ਼ੁਰਗ ਵੀ ਉਥੇ ਬੈਠੇ ਸੀਗੇ। ਪੜਦਾਦਾ ਬੈਠਾ ਸੀ ਵਿਚ ਸਭਾ ਦੇ, ਭੀਸ਼ਮ ਪਿਤਾਮਾ। ਸਾਰੀਆਂ ਫੌਜਾਂ ਦਾ ਜਰਨੈਲ ਸੀ। ਨਹੀਂ ਉਹਦਾ ਜ਼ੋਰ ਚੱਲਿਆ। ਦਰੋਣਾਚਾਰੀਆ ਅਚਾਰੀਆ ਸੀ ਗੁਰੂ ਸ਼ਸਤਰ ਵਿਦਿਆ ਦਾ, ਉਹ ਵੀ ਬੈਠਾ ਸੀ। ਕੁਲ ਗੁਰੂ ਕ੍ਰਿਪਾਚਾਰੀਆ ਵੀ ਬੈਠਾ ਸੀ। ਨਹੀਂ ਕਿਸੇ ਦਾ ਜ਼ੋਰ ਚੱਲਿਆ। ਪਰ ਉਹਨੇ ਜਦੋਂ ਆਵਾਜ਼ ਮਾਰੀ -

*ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।*
*ਭਾਈ ਗੁਰਦਾਸ ਜੀ*

ਹੋਇਆ ਕੀ? ਹੱਥ ਚੁੱਕ ਲਏ ਕਿ ਹੁਣ ਮੇਰਾ ਜ਼ੋਰ ਹੀ ਨਹੀਂ ਕੋਈ, ਸਾੜੀ ਇਹਨੇ ਖਿੱਚ ਹੀ ਲੈਣੀ ਹੈ। ਉਹ ਝਟਕੇ ਮਾਰਦੈ, ਸਾੜੀ ਖਿੱਚੀ ਜਾਂਦੈ, ਖਿੱਚੀ ਜਾਂਦੈ। ਗੁਰੂ ਦਸ਼ਮੇਸ਼ ਪਿਤਾ ਨੇ ਇਸ ਵਾਕਏ ਨੂੰ ਲਿਖਿਆ ਹੈ ਕਹਿੰਦੇ, ਸੱਤ ਦਿਨ, ਸੱਤ ਰਾਤਾਂ ਕੱਪੜਾ ਖਿੱਚੀ ਗਏ ਉਹਦਾ। ਕਿੰਨਾਂ ਕੱਪੜਾ ਲਹਿ ਗਿਆ। ਕਹਿੰਦੇ, ਕੱਪੜੇ ਦਾ ਕਿਲ੍ਹਾ ਬਣ ਗਿਆ -

*ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ॥*
*ਭਾਈ ਗੁਰਦਾਸ ਜੀ*

ਥਾਉਂ ਹੀ ਨਾ ਰਿਹਾ, ਕਿਤੇ ਹੋਰ ਕੱਪੜਾ ਧਰਨ ਨੂੰ। ਕੱਪੜੇ ਦੇ ਵਿਚ ਘਿਰ ਗਏ ਸਾਰੇ। ਦੁਰਯੋਧਨ ਵੀ ਬੇਹੋਸ਼ ਹੋ ਕੇ ਗਿਰ ਗਿਆ। ਦੁਰਸ਼ਾਸਨ ਵੀ ਬੇਹੋਸ਼ ਹੋ ਕੇ ਗਿਰ ਗਿਆ -

*ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।*
*ਭਾਈ ਗੁਰਦਾਸ ਜੀ*

ਸੱਤ ਰਾਤਾਂ, ਸੱਤ ਦਿਨ ਢੀਠ ਹੋ ਕੇ ਕੱਪੜਾ ਖਿੱਚੀ ਗਏ। ਤਾਂ ਹੀ ਕਿਲ੍ਹਾ ਬਣਿਆ। ਮਹਾਰਾਜ ਕਹਿੰਦੇ, ਉਥੇ ਰਾਮ ਦੇ ਨਾਮ ਦੀ ਸੁਧ ਆ ਗਈ। ਇਕ ਥੋੜ੍ਹਾ ਹੈ ਪ੍ਰਭੂ ਦਾ ਨਾਮ -

*ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥ ਅੰਗ - ੧੧੬੮*

ਕੋਈ ਅੱਲਾਹ ਕਹਿ ਕੇ ਬੁਲਾਉਂਦਾ ਹੈ। ਕੋਈ ਹਰੀ ਕਹਿ ਕੇ ਬੁਲਾਉਂਦਾ ਹੈ, ਕੋਈ ਗੋਬਿੰਦ ਕਹਿ ਕੇ ਬੁਲਾਉਂਦੈ, ਚੀਜ਼ ਤਾਂ ਇਕੋ ਹੀ ਹੈ, ਉਹਨੂੰ ਅਸੀਂ ਵਾਹਿਗੁਰੂ ਕਹਿ ਕੇ ਹਾਕਾਂ ਮਾਰਦੇ ਹਾਂ। ਉਹਦਾ ਨਾਉਂ ਨਹੀਂ ਹੈ ਕੋਈ -

*ਕਿਰਤਮ ਨਾਮ ਕਥੇ ਤੇਰੇ ਜਿਹਬਾ ॥*
*ਸਤਿ ਨਾਮੁ ਤੇਰਾ ਪਰਾ ਪੂਰਬਲਾ ॥ ਅੰਗ- ੧੦੮੩*

ਵਾਹਿਗੁਰੂ ਦਾ ਨਾਮ ਕੇਵਲ 'ਸਤਿ' ਹੈ, being ਹੈ, ਹੋਂਦ ਹੈ। ਸੋ ਇਹ ਨਾਮ ਸਹਾਇਤਾ ਕਰਦੈ। ਚਾਹੇ ਵੱਡੇ ਬੰਦੇ ਨੇ ਜਪ ਲਿਆ, ਚਾਹੇ ਛੋਟੇ ਨੇ ਜਪ ਲਿਆ। ਜਿਹਨੇ ਵੀ ਜਪਿਆ ਹੈ ਉਹਦੀ ਸਹਾਇਤਾ ਨਾਮ ਨੇ ਕਰਨੀ ਹੀ ਕਰਨੀ ਹੈ। ਇਕ ਐਸੀ ਮਿਸਾਲ ਆਉਂਦੀ ਹੈ ਹੈਰਾਨ ਹੋ ਜਾਈਦੈ ਉਹਨੂੰ ਦੇਖ ਕੇ।

ਬੜੇ ਪੁਰਾਣੇ ਜੁਗਾਂ ਦੀ ਕਹਾਣੀ ਹੈ, ਇਕ ਹਰਨਾਕਸ਼ ਨਾਮ ਦਾ ਰਾਜਾ ਹੋਇਐ, ਮੁਲਤਾਨ ਦਾ। ਉਹਨੇ ਐਨਾ ਤਪ ਕੀਤਾ, ਬ੍ਰਹਮਾ ਦਾ ਅਵਾਹਨ ਕਰਿਆ ਤੇ ਉਸ ਤੋਂ ਵਰ ਲੈ ਲਿਆ ਕਿ ਨਾ ਮੈਂ ਦਿਨੇ ਮਰਾਂ, ਨਾ ਮੈਂ ਰਾਤ ਨੂੰ ਮਰਾਂ, ਨਾ ਮੈਂ ਸ਼ਸਤਰ ਨਾਲ ਮਰਾਂ, ਨਾ ਕਿਸੇ ਹੋਰ ਤਰੀਕੇ ਨਾਲ ਮਰਾਂ, ਨਾ ਮੈਂ ਪਸ਼ੂ ਤੋਂ ਮਰਾਂ, ਨਾ ਬੰਦੇ ਤੋਂ ਮਰਾਂ, ਜੋ ਉਹਨੂੰ ਵਰ ਚਾਹੀਦੇ ਸੀ ਉਹ ਤਥਾਅਸਤੂ-ਤਥਾਅਸਤੂ ਕਰੀ ਗਏ। ਜਦੋਂ ਵਰ ਹੋ ਗਿਆ ਤਾਂ ਉਹਨੇ ਕਿਹਾ ਬਸ ਹੁਣ ਠੀਕ ਹੈ ਮੈਂ ਮਰਨਾ ਨਹੀਂ, ਮੈਂ ਤਾਂ ਹੁਣ ਅਮਰ ਹੋ ਜਾਣੈ। ਉਹਨੇ ਪਹਿਲਾ ਐਲਾਨ ਇਹ ਕਰਿਆ ਕਿ ਰੱਬ ਨੂੰ ਕੋਈ ਨਾ ਮੰਨੋ। ਹੈ ਨਹੀਂ ਉਹ। ਜਿਹੜੀ ਰੱਬ ਵਿਚ ਤਾਕਤ ਹੈ ਉਹ ਮੇਰੇ ਵਿਚ ਆ ਗਈ। ਰਿਸ਼ੀਆਂ-ਮੁਨੀਆਂ ਦੀਆਂ ਝੌਂਪੜੀਆਂ ਜਾਲ ਦਿਤੀਆਂ। ਬੰਦੇ ਮਾਰ ਦਿਤੇ। ਸਾਰੇ ਦੇਸ਼ ਦੇ ਵਿਚ ਨਾਸਤਕਤਾ ਦਾ ਪ੍ਰਚਾਰ ਕਰ ਦਿਤਾ ਕਿ ਰੱਬ ਨਹੀਂ ਹੈ, ਇਹ ਐਵੇਂ ਢਕੌਂਸਲਾ ਬਣਾਇਆ ਹੋਇਆ ਹੈ। ਹੁਣ ਵੀ ਬਹੁਤ ਬੰਦੇ ਐਸੀਆਂ ਵਿਚਾਰਾਂ ਰੱਖਦੇ ਨੇ। ਉਹਦਾ ਜੋ ਲੜਕਾ ਸੀ ਉਹਦੀ ਗੈਰ ਹਾਜ਼ਰੀ ਦੇ ਵਿਚ ਨਾਰਦਮੁਨੀ ਦੇ ਆਸ਼ਰਮ ਵਿਚ ਉਹਨੇ ਵਿਦਿਆ ਪ੍ਰਾਪਤ ਕੀਤੀ। ਨਾਰਦਮੁਨੀ ਜੀ ਨੇ ਉਸ ਨੂੰ ਦੇਖਿਆ ਕਿ ਬੜਾ ਹੀ ਜ਼ਹੀਨ ਹੈ। ਖਾਸ ਕਿਸਮ ਦਾ ਬੱਚਾ ਹੈ ਇਹ। ਉਹਦੀ ਪਿਛਲੇ ਜੁਗਾਂ ਦੀ ਕਮਾਈ ਦੇਖ ਕੇ ਉਹਨੂੰ ਗਿਆਨ ਕਰਾ ਦਿਤਾ। ਕਹਿਣ ਲੱਗੇ, ਪ੍ਰਹਿਲਾਦ ਤੂੰ ਸਰੀਰ ਨਹੀਂ ਹੈਂ। ਸਰੀਰ ਦੇ ਵਿਚ ਛੇ ਜਿਹੜੇ ਵਿਕਾਰ ਨੇ, ਉਹ ਤੇਰੇ ਵਿਚ ਨਹੀਂ ਹਨ। ਇਹ ਜਨਮਦੈ, ਜਵਾਨ ਹੁੰਦੈ, ਬਿਰਧ ਹੋ ਜਾਂਦੈ, ਫੇਰ ਖੀਣ ਹੋ ਜਾਂਦੈ, ਬਿਮਾਰ ਹੁੰਦੈ, ਮਰ ਜਾਂਦੈ ਪਰ ਤੂੰ ਨਹੀਂ ਇਹਨਾਂ ਗੱਲਾਂ ਵਿਚ। ਤੂੰ ਆਤਮਾ ਹੈਂ ਤੇਰੀ ਸੱਤਾ ਦੇ ਨਾਲ ਸਰੀਰ ਚੱਲ ਰਿਹੈ। ਤੂੰ ਪੰਜ ਤੱਤ ਦਾ ਸਰੀਰ ਨਹੀਂ ਹੈਂ। ਇਹ ਸਰੀਰ ਓਨੀਂ ਦੇਰ ਚੱਲਦੈ ਜਿੰਨਾਂ ਚਿਰ ਆਤਮਾ ਦੀ ਸੱਤਾ ਦਾ ਪ੍ਰਕਾਸ਼ ਇਹਦੇ ਉਤੇ ਪੈਂਦੈ। ਜਿਸ ਤਰ੍ਹਾਂ ਦੇ ਨਾਲ ਪਾਣੀ ਦੇ ਵਿਚ ਕਮਲ ਹੁੰਦੈ, ਉਹ ਨਿਰਾਲਮ ਰਹਿੰਦੈ। ਉਹਨੂੰ ਚਿੱਕੜ ਕੁਛ ਨਹੀਂ ਕਰ ਸਕਦਾ। ਜਿੰਨਾਂ ਪਾਣੀ ਵਧਦੈ ਓਨਾਂ ਹੀ ਉਹ ਉੱਚਾ ਹੋ ਜਾਂਦੈ। ਇਵੇਂ ਜਿਵੇਂ ਆਤਮਾ ਸਰੀਰ ਵਿਚ ਅਸੰਗ ਰਹਿੰਦੀ ਹੈ। ਤੂੰ ਸੁਧ ਹੈਂ ਤੇ ਵਿਆਪਕ ਹੈਂ। ਸਾਰਿਆਂ ਨੂੰ ਤੇਰੀ ਆਤਮਾ ਆਸਰਾ ਦੇ ਰਹੀ ਹੈ। ਉਹਦੇ ਆਸਰੇ ਨਾਲ ਲੋਕ ਕੰਮ ਕਰਦੇ ਨੇ, ਤੁਰਦੇ ਨੇ, ਫਿਰਦੇ ਨੇ। ਇਹ ਸਰੂਪ ਤੇਰਾ ਹੈ ਤੇ ਤੂੰ ਅਨੰਦ ਸਰੂਪ ਹੈਂ। ਦ੍ਰਿੜ੍ਹ ਕਰਵਾ ਦਿਤਾ ਆਤਮ ਗਿਆਨ। ਗੱਲਾਂ ਨਾਲ ਤਾਂ ਸਾਰੇ ਹੀ ਕਰ ਲੈਂਦੇ ਨੇ ਲੇਕਿਨ ਦ੍ਰਿੜ੍ਹ ਨਹੀਂ ਹੁੰਦਾ ਕਿਸੇ ਦਾ। ਉਸ ਤੋਂ ਬਾਅਦ ਜਦੋਂ ਇਹ ਤਪ ਕਰਕੇ, ਵਰ ਲੈ ਕੇ ਆ ਗਿਆ। ਇਹਨੇ ਆਪਣੇ ਬੱਚੇ ਨੂੰ ਆਸ਼ਰਮ 'ਚੋਂ ਵਾਪਸ ਬੁਲਾ ਲਿਆ। ਇਹਨੇ ਇਹ ਐਲਾਨ ਕਰ ਦਿਤਾ ਸੀ ਕਿ ਕਿਸੇ ਸਕੂਲ ਦੇ ਵਿਚ ਰੱਬ ਦਾ ਨਾਮ ਨਾ ਹੋਵੇ। ਈਸ਼ਵਰ, ਓਅੰਕਾਰ, ਪ੍ਰਭੂ, ਨਰਾਇਣ, ਗੋਬਿੰਦ ਕੋਈ ਬੰਦਾ ਰਾਮ ਨਾ ਕਹੇ। ਜਿਹੜਾ ਕਹੇਗਾ ਉਹਨੂੰ ਸਖਤ ਸਜ਼ਾ ਮਿਲੇਗੀ। ਇਹ ਬੱਚਾ ਰੋਜ਼ ਸੈਰ ਕਰਨ ਵਾਸਤੇ ਜਾਂਦੈ। ਆਵਾ ਚੜ੍ਹਿਆ ਹੋਇਐ ਉਥੇ ਇਕ ਕੱਚਾ ਕੋਠਾ ਹੈ। ਰਸਤੇ ਵਲ ਨੂੰ ਖਿੜਕੀ ਨਿਕਲਦੀ ਹੈ ਉਹਦੀ। ਖਿੜਕੀ ਹੈ। ਅੰਦਰੋਂ ਇਕ ਬਹੁਤ ਹੀ ਦਰਦ ਭਰੀ ਆਵਾਜ਼ ਆ ਰਹੀ ਹੈ ਹੇ ਰਾਮ-ਹੇ ਰਾਮ। ਬੱਚੇ ਨੇ ਸੁਣਿਆ ਕਿ ਮੇਰੇ ਪਿਤਾ ਦੇ ਰਾਜ ਵਿਚ ਕੋਈ ਵੀ ਰਾਮ ਨਹੀਂ ਕਹਿ ਸਕਦਾ। ਇਹ ਕੌਣ ਹੋਇਆ, ਜਿਹਨੂੰ ਮੇਰੇ ਪਿਤਾ ਦਾ ਡਰ ਨਹੀਂ ਹੈ। ਬੱਘੀ ਤੋਂ ਉਤਰ ਆਇਆ, ਆ ਕੇ ਬਾਹਰ ਬੁਲਾ ਲਿਆ ਉਸਨੂੰ। ਕਹਿਣ ਲੱਗੇ, ਐ ਪੁਰਖਾ! ਮੇਰੇ ਪਿਤਾ ਦਾ ਹੁਕਮ ਹੈ ਕਿ ਕੋਈ ਰਾਮ ਦਾ ਨਾਮ ਨਹੀਂ ਇਥੇ ਲੈ ਸਕਦਾ। ਪਰ ਮੈਂ ਇਕ ਤੂੰ ਹੀ ਦੇਖਿਐ ਰਾਮ ਦਾ ਨਾਮ ਲੈਂਦਾ? ਤੈਨੂੰ ਡਰ ਨਹੀਂ ਹੈ ਮੇਰੇ ਪਿਤਾ ਦਾ? ਕਹਿੰਦਾ, ਰਾਜ ਕੁਮਾਰ ਡਰ ਤਾਂ ਹੈ। ਪਰ ਮੈਂ ਬੜੇ ਸੰਕਟ ਵਿਚ ਫਸ ਗਿਆ। ਇਕ ਮੇਰੇ ਤੋਂ ਘੋਰ ਪਾਪ ਹੋ ਰਿਹੈ ਜਿਹਦਾ ਬੋਝ ਮੇਰੇ ਤੋਂ ਚੁਕਿਆ ਨਹੀਂ ਜਾਣਾ। ਉਹ ਨਰਕ ਜਿਹਦੇ ਵਿਚ ਮੈਨੂੰ ਸੁਟਿਆ ਜਾਣੈ, ਮੇਰੀਆਂ ਅੱਖਾਂ ਦੇ ਸਾਮ੍ਹਣੇ ਹੈ, ਮੇਰੇ ਤੋਂ ਉਹਦਾ ਦੁਖ ਝੱਲਿਆ ਨਹੀਂ ਜਾਣਾ। ਫੇਰ? ਕਹਿੰਦਾ, ਮੈਂ ਹੁਣ ਰਾਮ ਨੂੰ ਪੁਕਾਰ ਰਿਹਾ ਹਾਂ ਕਿ ਮੇਰਾ ਉਹ ਦੁਖ ਦੂਰ ਕਰਨ।

ਕਹਿਣ ਲੱਗੇ, ਮੈਨੂੰ ਦਸ ਕੀ ਦੁੱਖ ਹੈ?

ਉਹ ਕਹਿਣ ਲੱਗਿਆ, ਮੈਂ ਗਰੀਬ ਬੰਦਾ ਹਾਂ, ਮੈਂ ਭਾਂਡੇ ਬਣਾ ਕੇ ਇਹਨਾਂ ਨੂੰ ਪਕਾਉਂਦਾ ਹਾਂ। ਪਰ ਆਹ ਦੇਖ ਸੁਣ ਤੂੰ ਥੋੜ੍ਹਾ ਜਿਹਾ, ਮੈਂ ਅੱਗ ਦੇ ਦਿਤੀ। ਅੱਗ ਵਧ ਰਹੀ ਹੈ, ਚਾਰੇ ਪਾਸੇ ਫੈਲ ਗਈ ਹੈ। ਆਹ ਅਵਾਜ਼ ਆ ਰਹੀ। ਧਿਆਨ ਨਾਲ ਸੁਣਿਆ। ਕਹਿਣ ਲੱਗਿਆ, ਪੁਰਖਾ! ਇਹ ਤਾਂ ਬਿੱਲੀ ਦੇ ਬੱਚਿਆਂ ਦੀ ਅਵਾਜ਼ ਆ ਰਹੀ ਹੈ? ਕਹਿੰਦੇ, ਹਾਂ। ਉਹਨਾਂ ਨੂੰ ਸੇਕ ਲੱਗ ਰਿਹੈ ਤੇ ਉਹ ਭੁੱਝ ਜਾਣਗੇ, ਮਰ ਜਾਣਗੇ, ਤੜਫ-ਤੜਫ ਕੇ। ਮੈਨੂੰ ਉਸ ਪਾਪ ਤੋਂ ਡਰ ਲਗਦੈ। ਮੇਰੇ ਤੋਂ ਉਹਦਾ ਬੋਝ ਨਹੀਂ ਚੁਕਿਆ ਜਾਣਾ, ਨਾ ਮੇਰੇ ਤੋਂ ਸਜ਼ਾ ਭੁਗਤੀ ਜਾਣੀ ਹੈ। ਤੇਰਾ ਪਿਤਾ ਜੇ ਮੈਨੂੰ ਮੇਰੇ ਰਾਮ ਕਹਿਣ 'ਤੇ ਮਾਰ ਦੇਵੇਗਾ ਤਾਂ ਬਹੁਤੀ ਵੱਡੀ ਬਾਤ ਨਹੀਂ ਹੈ। ਨਰਕ ਤੋਂ ਮੈਨੂੰ ਡਰ ਲਗਦੈ ਮੈਂ ਕਿਤੇ ਉਹ ਨਾ ਭੋਗਾਂ। ਮਰਨਾ ਤਾਂ ਇਸ ਸੰਸਾਰ ਵਿਚ ਸਭ ਨੇ ਹੀ ਹੈ।

ਕਹਿਣ ਲੱਗੇ, ਕਦੋਂ ਖੋਲ੍ਹਣੈ ਹੈ ਆਵਾ? ਕੀ ਰਾਮ ਸਹਾਇਤਾ ਕਰੇਗਾ?

ਕਹਿੰਦਾ, ਹਾਂ ਜੀ, ਰਾਮ ਸਹਾਇਤਾ ਕਰੇਗਾ।

ਦ੍ਰਿੜ੍ਹਤਾ ਹੋ ਗਈ ਪ੍ਰਹਿਲਾਦ ਦੇ ਮਨ ਵਿਚ, ਗਿਆਨ ਪਹਿਲਾਂ ਸੀ।

ਕਹਿੰਦਾ, ਮੇਰੇ ਆਉਣ 'ਤੇ ਆਵਾ ਖੋਲ੍ਹੀਂ।

ਆਵੀ ਖੋਲ੍ਹੀ ਗਈ, ਨਿਯਤ ਸਮੇਂ 'ਤੇ ਰਾਜ ਕੁਮਾਰ ਆਇਆ ਹੋਇਆ ਸੀ। ਭਾਂਡੇ ਕੱਢੀ ਜਾਂਦੇ ਨੇ, ਕੱਢੀ ਜਾਂਦੇ ਨੇ। ਜਿਸ ਵਕਤ ਉਸ ਬਰਤਨ ਦੀ ਵਾਰੀ ਆਈ, ਜਿਸ ਵਿਚ ਬਲੂੰਗੜੇ ਸੀ। ਹੈਰਾਨ ਹੋ ਗਏ ਕਿ ਉਹ ਤਾਂ ਉਵੇਂ ਜਿਵੇਂ ਜਿਵੇਂ ਕੱਚੀ ਮਿੱਟੀ ਰੱਖੀ ਸੀ, ਉਸੇ ਤਰ੍ਹਾਂ ਕੱਚੀ ਮਿੱਟੀ ਹੈ, ਸੇਕ ਦਾ ਨਾਮ ਨਿਸ਼ਾਨ ਨਹੀਂ। ਬਰਤਨ ਕੱਢਿਆ, ਬੱਚੇ ਵਿਚੋਂ ਛਾਲ ਮਾਰ ਕੇ ਬਾਹਰ ਨਿਕਲ ਆਏ।

ਐਨਾ ਵਿਸ਼ਵਾਸ਼ ਹੋਇਆ ਕਿ ਰਾਮ ਤਾਂ ਹਾਜ਼ਰ ਨਾਜ਼ਰ ਹੈ। ਮੇਰਾ ਪਿਤਾ ਗਲਤ ਚਲ ਰਿਹੈ। ਮੇਰੇ ਪਿਤਾ ਦੇ ਵਿਚ ਇਹ ਸ਼ਕਤੀ ਨਹੀਂ ਹੈ। ਮੇਰਾ ਪਿਤਾ ਗਲਤੀ ਨਾਲ ਕਹਿੰਦੈ -

*ਜਲੇ ਹਰਨਾਖਸ਼, ਥਲੇ ਹਰਨਾਖਸ਼,*
*ਈਹਾਂ ਹਰਨਾਖਸ਼, ਊਹਾਂ ਹਰਨਾਖਸ਼।*

ਦ੍ਰਿੜ੍ਹ ਇਰਾਦਾ ਹੋ ਗਿਆ ਕਿ ਮੇਰਾ ਪਿਤਾ ਗਲਤ ਹੈ, ਮੈਂ ਨਹੀਂ ਹੁਕਮ ਮੰਨਣਾ ਆਪਣੇ ਪਿਉ ਦਾ। ਪੜ੍ਹਨ ਲਾ ਦਿਤਾ ਗਿਆ, ਬੱਚਿਆਂ 'ਚ ਚਲਿਆ ਗਿਆ। ਉਥੇ ਸੰਡਾਮਾਰਕਾ ਦੋ ਪ੍ਰੋਫੈਸਰ ਸੀਗੇ, ਉਸ ਵੇਲੇ ਉਨ੍ਹਾਂ ਨੂੰ ਪਾਧੇ ਕਿਹਾ ਜਾਂਦਾ ਸੀ। ਉਹਨਾਂ ਨੇ ਇਸ ਨੂੰ ਫੱਟੀ ਦੇ ਉਤੇ ਲਿਖ ਕੇ ਦਿਤਾ ਜੈ ਹਰਨਾਖਸ਼। ਇਸ ਬੱਚੇ ਨੇ ਪਰਵਾਹ ਨਹੀਂ ਕਰੀ। ਉਸੇ ਵੇਲੇ ਗਿੱਲੀ-ਗਿੱਲੀ ਸਿਆਹੀ ਦੇ ਉਤੇ ਹੱਥ ਫੇਰ ਦਿਤਾ, ਕਹਿੰਦਾ, ਪਾਧਾ ਜੀ! ਗਲਤ ਕਿਉਂ ਲਿਖਦੇ ਹੋ। ਇਹ ਨਾ ਮੇਰੀ ਫੱਟੀ 'ਤੇ ਲਿਖੋ। ਕਹਿਣ ਲੱਗੇ, ਰਾਜ ਕੁਮਾਰ! ਤੇਰੇ ਪਿਤਾ ਦਾ ਬਹੁਤ ਸਖ਼ਤ ਹੁਕਮ ਹੈ।

ਕਹਿੰਦੇ, ਫੇਰ ਤੇਰੀ ਫੱਟੀ 'ਤੇ ਕੀ ਲਿਖੀਏ?

ਕਹਿੰਦੇ, ਸੁਣ ਲੈ, ਧਿਆਨ ਨਾਲ ਜੋ ਲਿਖਣੈ। ਪਿਆਰ ਨਾਲ ਪੜ੍ਹੋ -

*ਧਾਰਨਾ - ਪਟੀਆ 'ਤੇ ਲਿਖ ਦੇ ਰਾਮ ਦਾ ਨਾਮ ਪਾਧਾ।*

ਪਹਿਲੇ ਦਿਨ ਹੀ ਉਸਤਾਦ ਨਾਲ ਝਗੜਾ ਪੈ ਗਿਆ। ਉਹ ਕਹਿੰਦਾ, ਸਾਨੂੰ ਹੁਕਮ ਨਹੀਂ ਹੈ। ਅਸੀਂ ਲਿਖਣਾ ਹੈ ਜੈ ਹਰਨਾਖਸ਼। ਉਹ ਕਹਿੰਦੇ ਇਹਦੀ ਤਾਂ ਜੈ ਹੀ ਨਹੀਂ। ਇਹ ਤਾਂ ਜੀਵ ਹੈ -

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥*
*ਅੰਗ - ੧੪੨੯*

ਕਾਲ ਨੇ ਖਾ ਹੀ ਲੈਣੈ ਸਭ ਨੂੰ ਕੋਈ ਇਥੇ ਰਿਹਾ ਹੀ ਨਹੀਂ ਹੈ ਜੋ ਬਣਾਇਆ ਹੈ। ਇਥੇ ਤਾਂ ਕੇਵਲ ਜੋ ਸਤਿ ਸਰੂਪ ਚੀਜ਼ ਹੈ ਉਹ ਤਾਂ ਵਾਹਿਗੁਰੂ ਹੀ ਹੈ, ਜਾਂ ਵਾਹਿਗੁਰੂ ਦਾ ਨਾਮ ਹੈ। ਇਹ ਬੰਦੇ ਆਉਂਦੇ ਨੇ ਜਾਂਦੇ ਨੇ, ਇਹ ਸਤਿ ਨਹੀਂ ਹੈ -

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*
*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਇਹ ਨਾਸ਼ਵਾਨ ਜੀਵ ਦੀ ਵੀ ਕਦੇ ਜੈ ਹੁੰਦੀ ਹੈ, ਮਨੁੱਖ ਦੀ ਨਹੀਂ ਕਦੇ ਵੀ ਫਤਹਿ ਹੁੰਦੀ। ਵਾਹਿਗੁਰੂ ਦੀ ਫਤਹਿ ਹੁੰਦੀ ਹੈ। ਸੋ ਇਸ ਕਰਕੇ ਮੈਂ ਨਹੀਂ ਲਿਖਣ ਦੇਣਾ। ਕਹਿੰਦੇ, ਤੇਰਾ ਪਿਤਾ ਹੈ। ਸਖ਼ਤ ਹੁਕਮ ਹੈ ਬੇਟਾ ਉਸਦਾ। ਕਹਿੰਦਾ, ਨਹੀਂ ਮੇਰੀ ਪੱਟੀ 'ਤੇ ਨਾ ਲਿਖੋ। ਮੈਂ ਆਪੇ ਆਪਣੇ ਪਿਤਾ ਨਾਲ ਗੱਲ ਕਰ ਲਵਾਂਗਾ। ਹੈਰਾਨ ਹੋ ਗਏ ਕਿ ਸਾਨੂੰ ਹੁਕਮ ਹੈ ਕਿ ਇਸ ਤਰ੍ਹਾਂ ਪੜ੍ਹਾਉਣ ਦਾ। ਇਹਦਾ ਤਾਂ ਲਿਖਦਾ ਹੀ ਨਹੀਂ। ਭਾਈ ਗੁਰਦਾਸ ਜੀ ਲਿਖਦੇ ਨੇ -

*ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।*
*ਭਾਈ ਗੁਰਦਾਸ ਜੀ*

ਕਲਰ ਦੇ ਵਿਚ ਕਮਲ ਦਾ ਫੁੱਲ ਕਦੇ ਵੀ ਹਰਾ ਨਹੀਂ ਹੁੰਦਾ। ਕਮਲ ਦਾ ਫੁੱਲ ਹਮੇਸ਼ਾ ਟੋਭਿਆਂ ਵਿਚ ਹੁੰਦੈ। ਜਿਥੇ ਪਾਣੀ ਹਰ ਵਕਤ ਖੜ੍ਹਿਆ ਹੈ। ਕਲਰ ਦੀ ਧਰਤੀ ਵਿਚ ਹੁੰਦਾ ਹੀ ਨਹੀਂ। ਕਹਿੰਦੇ, ਨਾਸਤਕ ਪਰਿਵਾਰ, ਨਾਸਤਕ ਸਟੇਟ ਉਥੇ ਰੱਬ ਦੇ ਪਿਆਰੇ ਦਾ ਜਨਮ ਹੋ ਗਿਆ। ਉਮਰ ਹੋ ਗਈ ਪੜ੍ਹਨ ਦੀ।

*ਪੜ੍ਹਨ ਪਠਾਇਆ ਚਾਟਸਾਲ ਪਾਂਧੈ ਚਿਤਿ ਹੋਆ ਅਹਿਲਾਦ।*
*ਭਾਈ ਗੁਰਦਾਸ ਜੀ*

ਖੁਸ਼ੀ ਹੋ ਗਈ ਕਿ ਰਾਜ ਕੁਮਾਰ ਪੜ੍ਹਨ ਵਾਸਤੇ ਆ ਗਿਆ ਸਾਡੇ ਕੋਲ। ਹੁਣ ਸਾਡੇ ਉਪਰ ਬਹੁਤ ਖੁਸ਼ੀਆਂ ਰਾਜ ਘਰਾਣੇ ਵਲੋਂ ਹੋਣੀਆਂ ਨੇ। ਜਿਉਂ-ਜਿਉਂ ਅਸੀਂ ਪੜ੍ਹਾਉਣਾ ਹੈ ਤਿਉਂ-ਤਿਉਂ ਉਹਨਾਂ ਨੇ ਇਨਾਮ ਦੇਣੇ ਨੇ।

*'ਚਲਦਾ............॥'*

***(ਵੀਡੀਓ ਫਿਲਮ, ਦੀਵਾਨ ਨੰ: 721)***

# ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਮਹਾਰਾਜ (ਰਾੜਾ ਸਾਹਿਬ)

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

ਪਰਮ ਸਤਿਕਾਰਯੋਗ ਗੁਰੂ ਪਿਆਰ ਵਿਚ ਗੁਰ ਦਰਬਾਰ ਵਿਚ ਜੁੜ ਬੈਠੀ, ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕਣ ਦਾ ਯਤਨ ਕਰੀਏ। ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।'

ਧੰਨ-ਧੰਨ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ ਜਿਨ੍ਹਾਂ ਨੂੰ ਵੱਡੇ ਮਹਾਰਾਜ ਜੀ ਕਰਕੇ ਯਾਦ ਕੀਤਾ ਜਾਂਦਾ ਹੈ। ਅੱਜ ਉਹਨਾਂ ਦਾ ਮਹਾਂ ਸਮਾਧੀ ਦਿਵਸ ਹੈ। ਇੰਗਲੈਂਡ ਵਿਚ ਬ੍ਰਹਮ ਮਹੂਰਤ 25 ਅਗਸਤ ਦੀ ਰਾਤ ਦਾ ਹੈ ਕਿਉਂਕਿ ਇੰਗਲੈਂਡ ਦਾ ਸਮਾਂ ਸਾਢੇ ਚਾਰ ਘੰਟੇ ਦਾ ਫਰਕ ਹੈ ਭਾਰਤ ਦੇ ਸਮੇਂ ਨਾਲੋਂ। ਉਸ ਸਮੇਂ ਮਹਾਂਪੁਰਸ਼ਾਂ ਨੇ ਸਰੀਰ ਦਾ ਪ੍ਰੀਤਿਆਗ ਕੀਤਾ। ਰਾੜਾ ਸਾਹਿਬ ਦੀ ਸੰਪਰਦਾ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲੀ। ਇਥੇ ਜਦੋਂ ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਮਹਾਰਾਜ ਜੀ ਨੇ ਉਸ ਭਗਉਤੀ ਨੂੰ ਸੀਸ ਭੇਟ ਕਰਨ ਦੀ ਐਸੀ ਕਸਵੱਟੀ ਲਾਈ, ਉਸ ਦੇ ਉਤੇ ਸਭ ਤੋਂ ਪਹਿਲਾਂ ਪੂਰੇ ਉਤਰੇ, ਭਾਈ ਸਾਹਿਬ ਭਾਈ ਦਇਆ ਸਿੰਘ ਜੀ ਮਹਾਰਾਜ। ਪੰਜ ਪਿਆਰਿਆਂ ਦੇ ਮੁੱਖੀ। ਉਹਨਾਂ ਤੋਂ ਬਾਅਦ ਬਾਬਾ ਸੋਭਾ ਸਿੰਘ ਜੀ ਸੋਢੀ ਵੀ ਇਥੇ ਹੀ ਸ੍ਰੀ ਅਨੰਦਪੁਰ ਸਾਹਿਬ ਹੋਏ ਤੇ ਇਸੇ ਇਲਾਕੇ ਦੇ ਵਿਚ ਬਾਬਾ ਸਾਹਿਬ ਸਿੰਘ ਜੀ ਬੇਦੀ ਜੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਮਹਾਰਾਜ ਜੀ ਦੀ ਬਿੰਦੀ ਅੰਸ ਹਨ, ਉਹਨਾਂ ਦੇ ਗਿਆਰ੍ਹਵੀਂ ਜਗ੍ਹਾ 'ਤੇ ਬਿਰਾਜਮਾਨ ਹੋਏ। ਇਹ ਸੰਪਰਦਾ ਦੇ ਤੀਸਰੇ ਰਤਨ ਧੰਨ-ਧੰਨ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ ਵਾਲੇ ਹੋਏ ਹਨ, ਜਿਨ੍ਹਾਂ ਨੇ ਮਿਸਲਾਂ ਨੂੰ ਇਕੱਠੀਆਂ ਕਰਕੇ ਰਾਜ ਤਿਲਕ ਮਹਾਰਾਜਾ ਰਣਜੀਤ ਸਿੰਘ ਨੂੰ ਲਾਇਆ। ਉਹਨਾਂ ਤੋਂ ਬਾਅਦ ਫੇਰ ਬਾਬਾ ਭਾਗ ਸਿੰਘ ਜੀ ਕੁਰੀ ਵਾਲੇ ਹੋਏ। ਫੇਰ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ ਹੋਏ, ਉਹਨਾਂ ਤੋਂ ਬਾਅਦ ਬਾਬਾ ਮਹਾਰਾਜ ਸਿੰਘ ਜੀ ਸਨ। ਉਹਨਾਂ ਜੰਗੀ ਅਜ਼ਾਦੀ ਦੇ ਵਿਚ ਆਪਣੇ ਪ੍ਰਾਣਾਂ ਦੀ ਅਹੂਤੀ ਪਾਈ। ਅੱਜ ਗੱਲ ਚਲਦੀ ਹੈ ਕਿ ਕਿੱਡੀਆਂ ਮਹਾਨ ਸ਼ਹਾਦਤਾਂ ਸਿੱਖ ਕੌਮ ਨੇ ਦਿਤੀਆਂ। ਬਾਬਾ ਮਹਾਰਾਜ ਸਿੰਘ ਜੀ ਨੇ ਕਿੱਡੀ ਵੱਡੀ ਸ਼ਹਾਦਤ ਦਿਤੀ। ਇਸੇ ਤਰ੍ਹਾਂ ਬਾਬਾ ਬੀਰ ਸਿੰਘ ਜੀ ਮਹਾਰਾਜ ਨੇ ਆਹ ਭਰਾ ਮਾਰੂ ਜੰਗ ਤੋਂ ਸਿੱਖ ਕੌਮ ਨੂੰ ਬਚਾਇਆ। ਆਪਣੇ ਪ੍ਰਾਣਾਂ ਦੀ ਅਹੂਤੀ ਦਿਤੀ। ਫੇਰ ਬਾਬਾ ਮਹਾਰਾਜ ਸਿੰਘ ਜੀ ਤੋਂ ਬਾਅਦ ਬਾਬਾ ਰਾਮ ਸਿੰਘ ਜੀ ਵਿਰੱਕਤ ਹੋਏ। ਉਹਨਾਂ ਤੋਂ ਬਾਅਦ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲੇ ਹੋਏ। ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਵਿਚ ਬਹੁਤਿਆਂ ਨੂੰ ਅੰਮ੍ਰਿਤ ਨਹੀਂ ਛਕਾਇਆ ਕਿਉਂਕਿ ਉਹ ਪਰਖਦੇ ਸੀ। ਪੂਰੀ ਕਸਵੱਟੀ 'ਤੇ ਲਾ ਕੇ ਅੰਮ੍ਰਿਤ ਛਕਾਉਂਦੇ। ਉਹਨਾਂ ਨੇ ਸਾਰੀ ਜ਼ਿੰਦਗੀ ਵਿਚ 101 ਨੂੰ ਅੰਮ੍ਰਿਤ ਛਕਾਇਆ। ਕਿੱਡੀ ਬਖਸ਼ਿਸ਼ ਕਰ ਦਿਤੀ ਕਿ ਸਾਰੇ ਹੀ ਬ੍ਰਹਮ ਗਿਆਨੀ ਮਹਾਂਪੁਰਸ਼ ਹੋਏ। ਫੇਰ ਸੰਪਰਦਾਵਾਂ ਜੋ ਚੱਲੀਆਂ ਨੇ ਨਾਨਕਸਰ ਕਲੇਰਾਂ, ਇਧਰ ਮਸਤੂਆਣਾ, ਫੇਰ ਹਰਖੋਵਾਲ। ਇਹ ਜਿੰਨੇ ਮਹਾਂਪੁਰਸ਼ ਹੋਏ, ਨਿਰਮਲ ਸੰਪਰਦਾ ਹੋਤੀ ਦੇ ਨਾਲ ਸਬੰਧਤ ਹਨ। ਇਸੇ ਤਰ੍ਹਾਂ ਦੇ ਨਾਲ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਹੋਏ। ਇਤਿਹਾਸਕ ਨਗਰੀ ਧੰਨ-ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਵਰੋਸਾਈ ਧਰਤੀ, ਉਥੇ ਆਪ ਜੀ ਨੇ ਹਲ ਵਾਹਿਆ। ਕਿਰਤ ਕੀਤੀ, ਗੁਜ਼ਾਰਾ ਜਿਹੜੀ ਫੌਜ ਤੋਂ ਪੈਨਸ਼ਨ ਆਉਂਦੀ, ਉਹਦੇ ਨਾਲ ਕਰਦੇ। ਕਿੱਡੀ ਮਹਾਨ ਸੇਵਾ ਇਤਿਹਾਸਕ ਅਸਥਾਨ ਦੀ ਕੀਤੀ। ਉਥੇ ਹੀ ਜਿਨ੍ਹਾਂ ਨੂੰ ਆਪਾਂ ਅੱਜ ਯਾਦ ਕਰ ਰਹੇ ਹਾਂ, ਸੰਤ ਮਹਾਰਾਜ ਰਾੜਾ ਸਾਹਿਬ ਵਾਲੇ, ਜਦੋਂ ਆਪ ਜੀ ਇਸੇ ਮਹੀਨੇ ਅਗਸਤ ਦੇ ਵਿਚ, 5 ਅਗਸਤ 1905 ਨੂੰ ਆਲੋਵਾਲ ਦੀ ਧਰਤੀ 'ਤੇ ਲੰਬੜਦਾਰ, ਪਿਤਾ ਰਾਮ ਸਿੰਘ ਜੀ ਦੇ ਗ੍ਰਹਿ ਵਿਖੇ, ਮਾਤਾ ਰਤਨ ਕੌਰ ਜੀ ਦੀ ਕੁੱਖ ਨੂੰ ਭਾਗ ਲਾਉਂਦੇ ਹਨ। ਪਹਿਲਾਂ ਚੌਥੀ ਜਮਾਤ ਤਕ ਪੜ੍ਹੇ, ਫੇਰ ਮਾਡਲ ਸਕੂਲ ਪਟਿਆਲਾ ਦੇ ਵਿਚ ਆਪ ਜੀ ਨੇ ਦਸਵੀਂ ਤਕ ਪੜ੍ਹਾਈ ਕੀਤੀ। ਜਦੋਂ ਸੱਤਵੀ ਵਿਚ ਸੀ ਤਾਂ ਟੀ.ਐਲ. ਬਿਸਵਾਨੀ ਸਿੰਧੀ ਪ੍ਰੋਫੈਸਰ ਉਸ ਨੇ ਕਿਹਾ ਕਿ ਜਿਸਨੂੰ ਜਪੁਜੀ ਸਾਹਿਬ ਯਾਦ ਹੋ ਜਾਵੇ, ਬ੍ਰਹਮਗਿਆਨ ਦੇ ਉਸ ਉਪਦੇਸ਼ ਨੂੰ ਜੋ ਕਮਾ ਲਵੇ, ਐਸੀ ਹੀ ਅਵਸਥਾ ਦਾ ਮਾਲਕ ਹੋ ਜਾਂਦਾ ਹੈ। ਕਿਉਂਕਿ 'ਜਪੁਜੀ ਸਾਹਿਬ' ਹੀ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰ ਹੈ। ਇਸ ਤਰ੍ਹਾਂ ਦੇ ਨਾਲ ਹੀ ਕਹਿੰਦੇ ਅਸੀਂ ਜਪੁਜੀ ਸਾਹਿਬ ਯਾਦ ਕਰ ਲਿਆ। ਸੁਧਾਸਰ ਸਰੋਵਰ 'ਤੇ ਮੋਤੀ ਬਾਗ਼ ਦੇ ਅੰਦਰ, ਸਾਰੇ ਰੇਰੂ ਸਾਹਿਬ ਦੇ ਸਤਿਸੰਗੀ ਮਹਾਂਪੁਰਸ਼ ਬੈਠਦੇ, ਬਹੁਤੇ ਫੌਜੀ ਸਨ। ਮਰਿਆਦਾ ਪੁਰਸ਼ੋਤਮ ਸਨ, ਉਹਨਾਂ ਦੇ ਵਿਚ ਹੀ ਐਨੀ ਕੁ ਜਮਾਤ ਦਾ ਵਿਦਿਆਰਥੀ ਕਿੰਨੀ ਕੁ ਉਮਰ ਸੀ, ਛੋਟੀ ਉਮਰ, ਕੋਈ ਬਹੁਤੀ ਉਮਰ ਨਹੀਂ, 12-13 ਸਾਲ ਦੀ ਉਮਰ ਦਾ ਜਿਸ ਦਾ ਨਾਮ ਘਰਦਿਆਂ ਨੇ ਗੁਲਾਬ ਸਿੰਘ ਰੱਖਿਆ ਸੀ। ਕਿੱਡੀ ਮਹਾਨ ਆਤਮਾ

ਬਾਬਾ ਬੀਰਮਦਾਸ ਜੀ ਦੀ ਪਾਰਖੂ ਅੱਖ ਨੇ ਪਹਿਲਾਂ ਹੀ ਪਛਾਣ ਲਏ ਕਿ ਕਿੱਡੀ ਵੱਡੀ ਮਹਾਨ ਆਤਮਾ ਸੰਸਾਰ ਦੇ ਵਿਚ ਸਾਕਾਰ ਰੂਪ ਵਿਚ ਪ੍ਰਗਟ ਹੋ ਰਹੀ ਹੈ ਤੇ ਫੇਰ ਜਦੋਂ ਉਹ ਦਸਵੀਂ 'ਚ ਹਨ। ਕਿਉਂਕਿ ਆਪ ਜੀ ਉਥੇ ਹੀ ਸਰੋਵਰ 'ਤੇ ਇਸ਼ਨਾਨ ਕਰਨਾ, 1 ਵਜੇ ਤੋਂ ਦਿਨ ਚੜ੍ਹੇ ਤਕ ਪੰਜ-ਪੰਜ ਘੰਟੇ ਸਮਾਧੀ ਸਥਿਤ ਰਹਿਣਾ। ਰੇਰੂ ਸਾਹਿਬ ਜਾਂਦੇ ਨੇ, ਉਹਨਾਂ ਮਹਾਂਪੁਰਖਾਂ ਦੀ ਪਾਰਖੂ ਅੱਖ ਨੇ ਪਛਾਣ ਲਿਆ। ਬਾਕੀ ਫੌਜੀਆਂ ਨੂੰ ਪੁੱਛਿਆ ਕਿ ਕਿੰਨੀ ਛੁੱਟੀ ਹੈ? ਇਧਰ ਦ੍ਰਿਸ਼ਟੀ ਪਈ ਤਾਂ ਨਾਲ ਹੀ ਕਿਹਾ ਕਿ ਇਸ ਦੀਆਂ ਤਾਂ ਖੁਲ੍ਹੀਆਂ ਛੁੱਟੀਆਂ ਹਨ। ਦਿਲ ਮਿਲ ਗਏ। ਦਿਲਾਂ ਦੇ ਸੌਦੇ ਹੋ ਗਏ। ਅੰਮ੍ਰਿਤ ਛਕਾਇਆ। ਨਾਮ ਈਸ਼ਰ ਸਿੰਘ ਰੱਖ ਦਿਤਾ। ਅਤਰ ਦੀ ਸੁਗੰਧੀ ਗੁਲਾਬ ਨਾਲ ਮਿਲੀ, ਈਸ਼ਰ ਦਾ ਰੂਪ ਬਣਾ ਦਿਤਾ -

*ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਿਛੁ ਨਾਹਿ।*

ਕਿੱਡੀ ਬਖਸ਼ਿਸ਼ਾਂ ਹੋਈਆਂ -

*ਪਾਰਸ ਔਰ ਚੰਦਨ ਮਹਿ ਬਡੋ ਅੰਤਰੋ ਜਾਨ।*
*ਉਹ ਲੋਹੋ ਕੰਚਨ ਕਰੇ ਉਹ ਕਰ ਲਏ ਆਪ ਸਮਾਨ।*

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥*
*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥*

*ਅੰਗ- ੧੩੬੫*

ਆਪ ਜੀ ਨੂੰ ਸੇਵਾ ਮਿਲੀ, ਨਿਜ ਦੀ ਸੇਵਾ, ਗੜਵਈ ਦੀ ਸੇਵਾ। ਬਹੁਤ ਸਖ਼ਤ ਮਰਿਆਦਾ ਦੇ ਵਿਚੋਂ ਲੰਘੇ। ਕਿਉਂਕਿ ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਵਾਲੇ ਫੌਜੀ ਸਨ, ਫੌਜ ਦੀ ਨੌਕਰੀ ਕੀਤੀ ਸੀ। ਮਰਿਆਦਾ ਪੁਰਸ਼ੋਤਮ ਅਨੁਸ਼ਾਸਨ 'ਚ ਰਹਿੰਦੇ। 11 ਵਜੇ ਤੋਂ ਪਹਿਲਾਂ ਨਾ ਬਿਰਾਜਦੇ, ਨਾ ਬਿਰਾਜਣ ਦਿੰਦੇ। ਰਾਤ ਨੂੰ 1 ਵਜੇ ਤੋਂ ਬਾਅਦ ਨਾ ਸੌਂਦੇ, ਨਾ ਸੌਣ ਦਿੰਦੇ। ਕਿੰਨਾ ਕੁ ਸਮਾਂ ਮਿਲਿਆ ਅਰਾਮ ਦਾ, ਦੋ ਘੰਟੇ ਦਾ। ਫੇਰ ਬ੍ਰਹਮ ਮਹੂਰਤ ਦੇ ਵਿਚ ਡੋਲ ਦੇ ਨਾਲ 101 ਡੋਲ ਪਾਣੀ ਨਾਲ ਮਹਾਂਪੁਰਸ਼ਾਂ ਦਾ ਇਸ਼ਨਾਨ ਕਰਾਉਣਾ। ਪਾਣੀ ਉਹਨਾਂ ਸਮਿਆਂ ਵਿਚ ਖੂਹ 'ਚੋਂ ਕੱਢਦੇ। ਸੀਸ 'ਚ ਪਾਈ ਜਾਂਦੇ, ਇਸ ਤਰ੍ਹਾਂ ਨਾਲ ਇਸ਼ਨਾਨ ਕਰਾਉਂਦੇ।

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ॥* *ਅੰਗ- ੬੧੧*

ਕਿੰਨੀ ਸਰੀਰ ਉਪਰ ਸਖਤੀ, ਕਿੰਨੀ ਇਸ ਵਿਚ ਸਖ਼ਤੀ ਤੇ ਨਾਲ ਭਗਤੀ। ਰੇਰੂ ਸਾਹਿਬ ਗੋਖੇ ਦੀ ਛੱਪੜੀ ਉਹਦੇ ਥੱਲੇ ਗੁਫਾ ਬਣੀ ਹੋਈ ਹੈ। ਉਸ ਦੇ ਵਿਚ ਆਪ ਜੀ ਨੇ ਸਮਾਧੀ ਅਸਥਿਤ ਹੋ ਜਾਣਾ। ਹੁਣ ਦੇਖ ਲਓ, ਗੜਵਈ ਦੀ ਸੇਵਾ। ਮਹਾਂਪੁਰਸ਼ਾਂ ਤੋਂ ਪਹਿਲਾਂ ਉਠ ਕੇ ਸਾਰੀ ਤਿਆਰੀ ਕਰਨੀ। ਇਸ਼ਨਾਨ ਕਰਾਉਣੇ। ਫੇਰ ਉਸੇ ਗੋਖੇ ਦੀ ਛਪੜੀ ਦੇ ਗੁਫਾ ਦੇ ਬਾਹਰ, ਉਹਨਾਂ ਦੀ ਸੇਵਾ ਵਿਚ ਹਾਜ਼ਰ ਰਹਿਣਾ। ਸੋ ਮਰਿਆਦਾ ਪੂਰੀ ਕਰਕੇ ਦਿਖਾਈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥* *ਅੰਗ- ੩੦੫*

ਬ੍ਰਹਮ ਮਹੂਰਤ ਵਿਚ ਧਿਆਨ ਵਿਚ ਬੈਠਣਾ। ਸਮਾਧੀ ਸਥਿਤ ਹੋ ਜਾਣਾ। ਸੋ ਫੌਜੀ ਸਨ ਮਰਿਆਦਾ ਪੁਰਸ਼ੋਤਮ ਸਨ। ਪ੍ਰੈਕਟੀਕਲ ਰੂਪ ਵਿਚ ਉਹਨਾਂ ਨੇ ਬਾਣੀ ਦਾ ਤਦਰੂਪ ਹੋ ਕੇ ਦਿਖਾਇਆ।

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*

*ਅੰਗ- ੩੦੫*

ਦਿਨ ਚੜ੍ਹਦਾ ਹੈ, ਪਹੁ ਫੁਟਾਲਾ ਹੁੰਦਾ ਹੈ। ਫੇਰ ਰੇਰੂ ਸਾਹਿਬ, ਦਰਬਾਰ ਸਾਹਿਬ ਵਿਚ ਆ ਜਾਂਦੇ। ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਗੜਵਈ ਦੀ ਸੇਵਾ ਕਰਦੇ, ਨਾਲ ਕੀਰਤਨ ਦੀ ਵੀ ਸੇਵਾ ਕਰਦੇ। ਆਸਾ ਜੀ ਦੀ ਵਾਰ ਕੀਰਤਨ ਕਰਨਾ। ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਹਾਰਾਜ ਆਪਣੀ ਮੌਜ ਵਿਚ ਆ ਕੇ ਧਾਰਨਾ ਪੜ੍ਹਦੇ। ਜੋਟੀਆਂ 'ਚ ਸ਼ਬਦ ਪੜ੍ਹਦੇ।

27 ਮਾਘ ਤੋਂ ਬਾਅਦ ਐਸਾ ਸਮਾਂ ਆ ਗਿਆ। ਅੰਮ੍ਰਿਤ ਵੇਲੇ ਆਪ ਜੀ ਵੈਰਾਗ ਦੇ ਸ਼ਬਦ ਪੜ੍ਹਾਉਣ ਲੱਗੇ। ਕੀ ਪੜ੍ਹਾਇਆ? 'ਦਿਨ ਥੋੜ੍ਹੇ ਰਹਿ ਗਏ, ਭਇਆ ਪੁਰਾਣਾ ਚੋਲਾ ਜੀ।' ਅੰਮ੍ਰਿਤ ਵੇਲੇ ਵੈਰਾਗ ਦੇ ਸ਼ਬਦ ਨਹੀਂ ਪੜ੍ਹੇ ਜਾਂਦੇ। ਕਿਉਂਕਿ ਐਸੇ ਸਮੇਂ 'ਤੇ ਪ੍ਰਭਾਤ ਰਾਗ ਅੰਦਰ ਖੁਸ਼ੀ ਦੇ ਸ਼ਬਦ ਪੜ੍ਹੇ ਜਾਂਦੇ ਨੇ। ਇਸ਼ਾਰੇ ਕਿਧਰ ਹੋ ਰਹੇ ਨੇ। 'ਧਨ ਜੋਬਨ ਫੁੱਲਾਂ ਦੀਆਂ ਵਾੜੀਆਂ ਖਿੜੀਆਂ ਨਾ ਸਦਾ ਰਹਿਣੀਆਂ।'

*ਧਨੁ ਜੋਬਨੁ ਅਰੁ ਫੁਲੜਾ*
*ਨਾਠੀਅੜੇ ਦਿਨ ਚਾਰਿ ॥*
*ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥ ੧ ॥*
*ਰੰਗੁ ਮਾਣਿ ਲੈ ਪਿਆਰਿਆ*
*ਜਾ ਜੋਬਨੁ ਨਉ ਹੁਲਾ ॥*
*ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥* *ਅੰਗ- ੨੩*

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*
*ਕਰਿ ਅਉਗਣ ਪਛੋਤਾਵਣਾ ॥* *ਅੰਗ- ੪੭੧*

ਹੁਣ ਸ਼ਪਸ਼ੱਟ ਕਰ ਦਿਤਾ। ਉਥੇ ਇਕ ਵੇਦਾਂਤੀ ਬੈਠਾ

ਸੀ। ਮਹਾਂਪੁਰਸ਼ਾਂ ਨੂੰ ਬੇਨਤੀ ਕਰਨ ਲੱਗਿਆ ਕਿ ਮਹਾਂਪੁਰਸ਼ੋ! ਤੁਸੀਂ ਬ੍ਰਹਮ ਗਿਆਨ ਅਵਸਥਾ ਦੇ ਮਾਲਕ ਹੋ। ਕੋਈ ਐਸੇ ਸ਼ਬਦ ਪੜ੍ਹਾਓ, ਬ੍ਰਹਮ ਅਵਸਥਾ ਦੇ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ - ੮੪੬*

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ਅੰਗ- ੨੭੨*

ਵੇਦਾਂਤੀ ਨੂੰ ਮਹਾਂਪੁਰਸ਼ ਰੇਰੂ ਸਾਹਿਬ ਵਾਲੇ ਸੰਬੋਧਨ ਕਰਕੇ ਬੋਲਦੇ ਨੇ ਕਿ ਪਿਆਰਿਆ! ਹੁਣ ਵੇਖ ਲਈਂ ਪ੍ਰਤੱਖ ਵਰਤਣੀ ਹੈ। ਇਸ਼ਾਰੇ ਕੀਤੇ। ਰਾਤ ਨੂੰ ਬਚਨ ਕੀਤੇ। ਲੰਬੜਦਾਰ ਨੂੰ ਸਮਝਾ ਦਿਤਾ ਕਿ ਸੈਦੋਂ ਜਾ ਕੇ ਸਰੀਰ ਦਾ ਜਲ ਪ੍ਰਵਾਹ ਕਰਨਾ ਹੈ। ਰਸਤੇ ਠੀਕ ਕਰਵਾਏ ਕਿ ਸੰਗਤਾਂ ਨੇ ਆਉਣਾ ਹੈ। ਵੱਡੇ ਮਹਾਰਾਜ ਜੀ ਜੋ ਨਿੱਜ ਸੇਵਾ ਵਿਚ ਸਨ। ਆਪਣੇ ਵਿਖਿਆਨ 'ਚ ਰਿਕਾਰਡ ਹਨ, ਕੈਸਟਾਂ ਮਿਲਦੀਆਂ ਨੇ। 'ਆਤਮ ਮਾਰਗ' ਵਿਚ ਛਪਦਾ ਹੈ। ਪੜ੍ਹ ਕੇ ਵੇਖ ਲਓ -

*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥ ਅੰਗ- ੮੯੪*

ਐਵੇਂ ਤਾਂ ਨਹੀਂ। ਇਸ ਤਰ੍ਹਾਂ ਦੇ ਨਾਲ ਬ੍ਰਹਮ ਮਹੂਰਤ ਦੇ ਵਿਚ ਆਪ ਜੀ ਨੇ ਸਰੀਰ ਦਾ ਪ੍ਰਤਿਆਗ ਕੀਤਾ। ਉਸ ਦਿਨ 9 ਮਾਘ ਸੀ। 1927 ਈ. ਸੰਨ ਸੀ। ਦਸਵਾਂ ਦਿਨ ਦੁਸਹਿਰਾ ਸੀ, ਉਸ ਦਿਨ ਸਾਰੇ ਸਾਧੂ ਸੰਤ, ਮਹਾਂਪੁਰਖ ਇਕੱਠੇ ਹੋਏ। ਜਥੇਦਾਰ ਵੀ ਸ਼੍ਰੋਮਣੀ ਕਮੇਟੀ ਦੇ। ਇਤਿਹਾਸਕ ਅਸਥਾਨ ਸੀ। ਸ਼੍ਰੋਮਣੀ ਕਮੇਟੀ ਦੇ ਮੈਂਬਰ ਸਨ। ਬਾਬਾ ਭਗਵਾਨ ਸਿੰਘ ਜੀ ਨੂੰ ਦਸਤਾਰ ਬੰਦੀ ਕੀਤੀ ਗਈ। ਮਹਾਂਪੁਰਸ਼ਾਂ ਨੂੰ ਕਿਹਾ ਕਿ ਤੁਸੀਂ ਪੜ੍ਹੇ ਲਿਖੇ ਹੋ, ਤੁਸੀਂ ਪੈਸੇ ਦਾ ਹਿਸਾਬ ਕਿਤਾਬ ਰੱਖਿਓ। ਹੁਣ ਛੋਟੇ ਮਹਾਰਾਜ ਜੀ ਜਿਨ੍ਹਾਂ ਦੀ ਡਿਊਟੀ ਨਾਲ ਲਾਈ ਸੀ। ਆਪਣੇ ਹੱਥੀਂ ਚੋਲੇ ਕਫਨੀਆਂ ਪੁਆਈਆਂ ਸੀ ਰੇਰੂ ਸਾਹਿਬ ਵਾਲੇ ਮਹਾਰਾਜ ਜੀ ਨੂੰ। ਪੰਜ ਮਹੀਨੇ ਲੰਘ ਗਏ। ਛੋਟੇ ਮਹਾਰਾਜ ਨਾਲ ਸਲਾਹ ਕੀਤੀ ਕਿ ਜੇ ਆਹ ਹਿਸਾਬ ਕਿਤਾਬ ਹੀ ਕਰਨੇ ਸੀ, ਤਾਂ ਘਰ ਹੀ ਰਹਿੰਦੇ -

*ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥*
*ਅੰਗ- ੪੭੪*

ਛੱਡ ਦਿਓ। ਕਿਉਂਕਿ ਅੰਦਰ ਵੈਰਾਗ ਹੀ ਐਨਾ ਸੀ -

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ- ੮੩*

ਛੋਟੇ ਮਹਾਰਾਜ ਨਾਲ ਸਲਾਹ ਕੀਤੀ ਤੇ ਆਪ ਜੀ ਰੇਰੂ ਸਾਹਿਬ ਤੋਂ ਚਾਲੇ ਪਾ ਦਿੰਦੇ ਹਨ। ਨਹਿਰ ਜਿਹੜੀ ਚਲਦੀ ਹੈ, ਨਹਿਰੋ ਨਹਿਰ ਰੋਪੜ ਆ ਗਏ। ਫੇਰ ਸ੍ਰੀ ਅਨੰਦਪੁਰ ਸਾਹਿਬ ਪਹੁੰਚਦੇ ਨੇ। ਸ਼ਹੀਦੀ ਬਾਗ਼ 'ਚ। ਵੈਰਾਗਮਈ ਅਵਸਥਾ ਹੈ ਮਨ ਦੀ। ਫੇਰ ਪਟਿਆਲੇ ਚਲੇ ਗਏ। ਗਿਆਨ ਸਿੰਘ ਰਾੜੇ ਵਾਲਾ ਵਜੀਰ ਸੀ ਉਹਦੀ ਢੱਕੀ ਸੀ ਰਾੜਾ ਸਾਹਿਬ। ਫੇਰ ਰਾੜਾ ਸਾਹਿਬ ਦੀ ਢੱਕੀ ਨੂੰ ਭਾਗ ਲੱਗੇ। ਕਿਉਂਕਿ ਗਿਆਨ ਸਿੰਘ ਜੀ ਨੇ ਦੇਖਿਆ ਕਿ ਇਹਨਾਂ ਦੀ ਐਸੀ ਦਸ਼ਾ ਹੈ, ਨਾਮ ਜਪਣ ਵਾਲੇ। ਉਹਨਾਂ ਨੇ ਆਪਣੇ ਨਗਰ ਭੇਜਿਆ ਕਿ ਧੰਨ ਗੁਰੂ ਹਰਿਗੋਬਿੰਦ ਸਾਹਿਬ ਦੀ ਛੋਹ ਪ੍ਰਾਪਤ ਉਹ ਧਰਤੀ ਹੈ। ਉਥੇ ਤੁਸੀਂ ਨਿਵਾਸ ਰਖ ਲਓ, ਗੁਰਦੁਆਰਾ ਸਾਹਿਬ ਤੇ ਢੱਕੀ ਵਿਚ ਭਜਨ ਕਰੀ ਜਾਣਾ। ਸਮਾਂ ਐਸਾ ਸੀ ਵਿਖਸ਼ੇਪਤਾ ਵਾਲਾ। ਵੈਰਾਗ ਜੋ ਹੈ ਇਹ ਨੌਂ ਕਿਸਮ ਦਾ ਹੁੰਦਾ ਹੈ। ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਪੁਸਤਕ ਲਿਖੀ 'ਬਾਬਾਣੀਆਂ ਕਹਾਣੀਆਂ' ਸਟਾਲ 'ਤੇ ਮਿਲ ਜਾਂਦੀਆਂ ਹਨ। ਉਹਦੇ ਵਿਚ ਬੜਾ ਖੋਲ੍ਹ-ਖੋਲ੍ਹ ਕੇ ਲਿਖਿਆ ਹੈ। ਮੈਂ ਸੰਖੇਪ ਦੇ ਵਿਚ ਹੀ ਦਸਦਾ ਹਾਂ ਕਿ ਪਹਿਲਾ ਹੈ ਕਾਰਣ ਵੈਰਾਗ, ਕਾਰਣ ਬਣ ਗਿਆ ਕੋਈ। ਜਿਵੇਂ ਭਰਥਰੀ ਜੋਗੀ ਬਣ ਗਿਆ, ਪਿੰਗਲੇ ਦਾ ਪਿਆਰ ਦੇਖ ਕੇ। ਬ੍ਰਾਹਮਣ ਨੇ ਤਪ ਕੀਤਾ ਸੀ ਕਿ ਅਮਰ ਫਲ ਮਿਲ ਜਾਵੇ ਕਿ ਜੋ ਮੈਨੂੰ ਸਦਾ ਜਵਾਨ ਰੱਖੇਗਾ। ਰਾਜੇ ਨੇ ਕਿਹਾ ਕਿ ਮੇਰੀ ਬੜੀ ਪਿਆਰੀ ਪਤਨੀ ਹੈ ਪਿੰਗਲਾ, ਉਹਨੂੰ ਦੇ ਦਿਤਾ। ਉਹਦਾ ਅੱਗੇ ਜਿਸ ਨਾਲ ਪਿਆਰ ਸੀ, ਦਰੋਗਾ ਸੀ ਹਾਥੀਖਾਨੇ ਦਾ, ਉਹਨੂੰ ਦੇ ਦਿਤਾ। ਉਹਦਾ ਇਸ਼ਕ ਕਿਸੇ ਵੇਸ਼ਵਾ ਨਾਲ ਸੀ, ਉਹਨੂੰ ਦੇ ਦਿਤਾ। ਵੇਸਵਾ ਨੇ ਸੋਚਿਆ ਕਿ ਮੇਰੀ ਤਾਂ ਪਾਪ ਦੀ ਜ਼ਿੰਦਗੀ ਹੈ, ਰਾਜਾ ਧਰਮਾਤਮਾ ਹੈ, ਉਸ ਨੇ ਉਹ ਅਮਰ ਫਲ ਰਾਜੇ ਨੂੰ ਦੇ ਦਿਤਾ। ਰਾਜੇ ਦੇਖਿਆ ਕਿ ਇਹ ਤਾਂ ਓਹੀ ਅਮਰ ਫਲ ਹੈ। ਬ੍ਰਾਹਮਣ ਨੂੰ ਵੀ ਕਿਹਾ ਸੀ ਕਿ ਪੰਡਤਾ! ਤੂੰ ਤਪ ਕੀਤਾ ਹੈ, ਤੂੰ ਹੀ ਇਹਨੂੰ ਛਕ ਲੈ। ਕਹਿੰਦਾ, ਨਹੀਂ ਮਹਾਰਾਜ! ਤੁਹਾਡੇ ਰਾਜ ਵਿਚ ਸਾਨੂੰ ਕੋਈ ਫਿਕਰ ਨਹੀਂ ਹੈ। ਤੁਸੀਂ ਛਕ ਲਓ। ਹੁਣ ਓਹੀ ਬ੍ਰਾਹਮਣ ਦੀ ਕੀਤੀ ਹੋਈ ਤਪਸਿਆ ਦਾ ਫਲ ਜਦੋਂ ਆਇਆ, ਰਾਜਸੀ ਜਲਾਲ 'ਚ ਆ ਕੇ ਪੁੱਛਿਆ ਕਿ ਕਿਥੋਂ ਮਿਲਿਆ? ਰਾਜੇ ਨੂੰ ਸਾਰੀ ਗੱਲ ਪਤਾ ਲੱਗਣ ਤੋਂ ਬਾਅਦ ਵੈਰਾਗ ਲਗ ਗਿਆ। ਇਹਨੂੰ ਕਹਿੰਦੇ ਨੇ, ਕਾਰਣ ਵੈਰਾਗ। ਫੇਰ ਮੰਦ ਵੈਰਾਗ। ਲਗ ਤਾਂ ਜਾਂਦਾ ਹੈ, ਜਦੋਂ ਭਰਥਰੀ ਕਿੱਡਾ ਵੱਡਾ ਜੋਗੀ ਬਣਿਆ ਤੇ ਕਿੰਨਾ ਵੈਰਾਗ ਲੱਗਿਆ। ਜਿਨ੍ਹਾਂ ਰਾਣੀਆਂ ਨੂੰ ਛੱਡਿਆ, ਉਹਨਾਂ ਦੇ ਦਰ 'ਤੇ ਆ ਕੇ ਅਲਖ ਜਗਾਉਂਦਾ ਹੈ। ਮੰਗਦਾ ਵੀ ਉਹਨਾਂ ਨੂੰ ਮਾਂ ਕਹਿ ਕੇ। ਇਸ ਵੈਰਾਗ ਦੀ ਅਵਸਥਾ ਮੰਦ ਪੈ ਜਾਂਦੀ ਹੈ। ਇਹਨੂੰ ਕਹਿੰਦੇ ਨੇ ਮੰਦ ਵੈਰਾਗ। ਬੜਾ ਔਖਾ ਹੈ ਇਸ ਰਸਤੇ 'ਤੇ ਚਲਣਾ। ਇਹ ਰਸਤਾ -

*ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥*
*ਅੰਗ- ੬੭੨*

ਮੰਦ ਵੈਰਾਗ ਫੇਰ ਬੰਦਾ ਸੋਚਦਾ ਹੈ ਕਿ ਕਿੰਨੇ ਸੁਖ

ਆਰਾਮ ਸੀ। ਰਾਜ ਭਾਗ ਸੀ। ਪਦਮਨੀ ਰਾਣੀਆਂ ਸੀ। ਹੁਕਮ ਚਲਦਾ ਸੀ। ਅੱਜ ਐਸੀ ਹਾਲਤ ਹੈ।

ਸੋ ਮਹਾਂਪੁਰਸ਼ਾਂ ਦੇ ਉਪਰ ਵੈਰਾਗਮਈ ਅਵਸਥਾ ਚੱਲ ਰਹੀ ਹੈ। ਕਿਉਂਕਿ ਉਹਨਾਂ ਨੂੰ ਤਾਂ ਬਾਣੀ ਦੇ ਬਾਣ ਲਗਦੇ ਸੀ। ਬਾਣੀ ਤਾਂ ਬਾਣ ਮਾਰਦੀ ਹੈ। ਪਰ ਸਾਨੂੰ ਕਿਉਂ ਨਹੀਂ ਲਗਦੇ ਕਿਉਂਕਿ ਸਾਡਾ ਵੈਰਾਗ ਮੰਦ ਪੈ ਜਾਂਦਾ ਹੈ ਪਰ ਇਹਨਾਂ ਮਹਾਂਪੁਰਸ਼ਾਂ ਦਾ ਐਸਾ ਵੈਰਾਗ ਨਹੀਂ ਸੀ।

ਇਕ ਹੁੰਦਾ ਹੈ, ਇੰਦਰੀ ਵੈਰਾਗ ਕਿ ਇੰਦਰੀਆਂ ਨੂੰ ਵਸ ਕਰਨਾ। ਮਨ ਤਾਂ ਬੁਰੇ ਕੰਮਾਂ ਲਈ ਲੋਚਦਾ ਹੀ ਰਹਿੰਦਾ ਹੈ। ਮਨ ਨੂੰ ਸ਼ਬਦ ਦੇ ਬਲ ਨਾਲ ਮੋੜਨਾ। ਫੇਰ ਯਤਮਾਨ ਵੈਰਾਗ ਹੈ। ਜਪ ਧਾਰਨ ਕਰਨਾ -

*ਜਤੁ ਪਾਹਾਰਾ ਧੀਰਜੁ ਸੁਨਿਆਰੁ ॥*
*ਅਹਰਣਿ ਮਤਿ ਵੇਦੁ ਹਥੀਆਰੁ ॥* *ਅੰਗ- ੮*

ਮਿਸਾਲ ਹੈ ਜਿਵੇਂ ਪਹਿਲੇ ਸਮਿਆਂ ਵਿਚ ਲੋਹਾਰ ਦੇ ਕੋਲ ਜਿਵੇਂ ਧੋਂਕਣੀ ਚਲਦੀ ਹੈ ਖੱਲ ਦੀ। ਅੱਗ ਬਲਦੀ ਭੱਠੀ 'ਚ। ਇਸ ਤਰ੍ਹਾਂ ਆਪਣੇ ਆਪ ਨੂੰ ਤਪਾਉਣਾ। ਕਿੱਡਾ ਤਪ ਹੈ।

ਪੰਜਵਾਂ ਵਿਤਰੇਕ ਵੈਰਾਗ ਹੈ ਕਿਉਂਕਿ ਵਿਵੇਕ ਬੁੱਧ ਨਾਲ ਵਿਚਾਰਨਾ ਕਿ ਮਨਾਂ! ਤੈਨੂੰ ਇਹ ਕਾਹਦੇ ਵਾਸਤੇ ਸਮਾਂ ਮਿਲਿਆ ਹੈ। ਐਵੇਂ ਨਹੀਂ ਮਿਲਿਆ ਇਹ ਸਮਾਂ। ਬਾਰ-ਬਾਰ ਨਹੀਂ ਮਿਲਦਾ।

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ- ੧੨*

ਵੈਰਾਗ ਦੀਆਂ ਅਵਸਥਾਵਾਂ ਹਨ। ਖੋਲ੍ਹ ਕੇ ਵਿਚਾਰ ਕਰਨ ਦਾ ਸਮਾਂ ਨਹੀਂ। ਫੇਰ ਹੁੰਦੈ ਤੀਬਰ ਵੈਰਾਗ, ਫੇਰ ਤੀਬਰ ਤਰ ਵੈਰਾਗ ਉਸ ਤੋਂ ਵੀ ਉਪਰ ਇਕ ਵੈਰਾਗ ਦੀ ਅਵਸਥਾ ਹੈ **ਤੀਬਰ ਤਰ ਤਮ ਵੈਰਾਗ।**

ਸੋ ਮਹਾਂਪੁਰਸ਼ਾਂ ਦੀ ਵੈਰਾਗਮਈ ਅਵਸਥਾ ਚਲ ਰਹੀ ਹੈ। ਹੁਣ ਘੱਟ ਖਾਂਦੇ ਨੇ, ਘੱਟ ਬੋਲਦੇ ਨੇ, ਘੱਟ ਸੌਂਦੇ ਨੇ। ਢੱਕੀ ਦੇ ਵਿਚ ਛੱਪਰੀਆਂ ਪਾ ਲਈਆਂ। ਆਪ ਜੀ ਦੇ ਸਰੀਰ ਉਤੇ ਇਹ ਨਿਸ਼ਾਨੀਆਂ ਪ੍ਰਗਟ ਹੋ ਰਹੀਆਂ ਨੇ -

*ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,*
*ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।*
*ਕਮਗੁਫਤਨੋ, ਕਮ ਖੁਰਦਨੋਂ,*
*ਖੁਆਬਸ਼ ਹਰਾਮ, ਇੰਤਜ਼ਾਰੀ, ਬੇਕਰਾਰੀ, ਦਸਤਸਰ।*

4 ਫੁੱਟ ਮੁਰੱਬਾ ਟੋਆ ਪੁੱਟਿਆ ਹੋਇਆ ਹੈ, ਉਪਰ ਛੱਪਰੀਆਂ ਪਾਈਆਂ ਹੋਈਆਂ ਹਨ। ਉਹਨਾਂ ਵਿਚ ਤਪ ਕਰਦੇ। ਅੰਮ੍ਰਿਤ ਵੇਲੇ ਸਾਰੇ ਬਿਹੰਗਮਾਂ ਨੂੰ ਨਹਿਰ 'ਤੇ ਬਿਠਾ ਲੈਂਦੇ, ਗਾਰਡਰਾਂ 'ਤੇ। ਮੋਨ ਵੀ ਰਖਾਏ। ਇਸ ਤਰ੍ਹਾਂ ਦੇ ਨਾਲ ਰਾੜਾ ਸਾਹਿਬ ਦੀ ਢੱਕੀ ਨੂੰ ਭਾਗ ਲੱਗੇ। ਜਿਥੇ ਦਿਨ ਦੇ ਸਮੇਂ ਵੀ ਲੰਘਣਾ ਸੌਖਾ ਨਹੀਂ ਸੀ। ਮਹਾਂਪੁਰਸ਼ ਰਤਵਾੜਾ ਸਾਹਿਬ ਵਾਲੇ ਦੱਸਿਆ ਕਰਦੇ ਕਿ ਸਾਡੇ ਨਾਨਕੇ ਮਨਸੂਰੀ ਸਨ ਤੇ ਢੱਕ ਪੈਂਦਾ ਸੀ, ਜਿਥੇ ਜੰਗਲ ਸੀ। ਇਥੋਂ ਤਕ ਕਹਿੰਦੇ ਸਾਨੂੰ ਗੰਡਾਸੀਆਂ ਨਾਲ, ਕ੍ਰਿਪਾਨਾਂ ਨਾਲ ਲੰਘਾ ਕੇ ਜਾਣਾ ਕਿਉਂਕਿ ਇਥੇ ਮਾਰ ਧਾੜ ਕਰਨ ਵਾਲੇ ਡਾਕੂ ਬਾਰਡਰ 'ਤੇ ਰਹਿੰਦੇ ਸੀ। ਇਥੇ ਦਿਨ ਦਿਹਾੜੇ ਵੀ ਲੁੱਟ-ਕਸੁੱਟ ਹੋ ਜਾਂਦੀ। ਮਹਾਂਪੁਰਸ਼ਾਂ ਨੇ ਵੀ ਲੁੱਟ ਪਾਈ ਉਸ ਜਗ੍ਹਾ 'ਤੇ। ਕੈਸੀ ਲੁੱਟ? ਕਿੰਨਾ ਨਾਮ ਜਪਿਆ। ਰਾਮ ਨਾਮ ਦੀ ਲੁੱਟ ਪਾਈ -

*ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥*
*ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥*
*ਅੰਗ- ੧੩੬੬*

ਐਸਾ ਸਮਾਂ ਬਣ ਗਿਆ। ਹੁਣ ਉਹ ਢੱਕੀ ਭਾਗ ਲਗ ਗਏ -

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥* *ਅੰਗ- ੩੧੯*

ਹੁਣ ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਲੋੜ ਨਹੀਂ ਪੈਂਦੀ। ਆਪ ਦੀ ਬਹੁਤ ਉੱਚੀ ਅਵਸਥਾ ਹੈ। ਸਾਰੀ-ਸਾਰੀ ਰਾਤ ਆਪ ਨੇ ਕੀਰਤਨ ਕਰਨਾ। ਪੂਰਨਮਾਸ਼ੀ ਤੇ ਸੰਗਰਾਂਦ ਦੇ ਸਮਾਗਮ ਹੁੰਦੇ। ਰਾਤ ਨੂੰ ਜਦੋਂ ਆਪ ਨੇ ਖੜ੍ਹੇ ਹੋ ਕੇ ਕੀਰਤਨ ਕਰਨਾ, ਬੁਲੰਦ ਅਵਾਜ਼, ਵੈਰਾਗਮਈ ਅਵਸਥਾ।

ਪਿਆਰੇ ਦੇ ਪਿਆਰ ਵਿਚ, ਵੈਰਾਗ ਵਿਚ ਸਰੀਰ ਕ੍ਰਿਸ ਹੋ ਗਿਆ, ਹੰਝੂ ਵਗਦੇ ਹਨ, ਨੇਤਰਾਂ ਤੋਂ ਚਲ ਕੇ ਚਰਨਾਂ ਤਕ ਪਹੁੰਚ ਜਾਂਦੇ।

1939 ਦੀ ਗੱਲ ਹੈ, ਭਾਈ ਮੋਹਨ ਸਿੰਘ ਕੋਕਾ ਕੋਲਾ ਵਾਲਿਆਂ ਨੇ ਮਹਾਰਾਜ ਜੀ ਦੇ ਭਜਨ ਕਰਨ ਲਈ, ਭੋਰਾ ਸਾਹਿਬ ਬਣਵਾਇਆ। ਸੰਗਤਾਂ ਨੇ ਕਾਰਸੇਵਾ ਨਾਲ ਭੋਰਾ ਸਾਹਿਬ ਤਿਆਰ ਕੀਤਾ। ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ ਦਸਿਆ ਕਰਦੇ ਕਿ ਅਸੀਂ ਆਪਣੇ ਸੀਸ 'ਤੇ ਇੱਟਾਂ ਰੱਖ ਕੇ ਤੀਜੀ ਮੰਜ਼ਿਲ ਤਕ ਪਹੁੰਚਾਉਂਦੇ। ਵੱਡੇ ਮਹਾਰਾਜ ਜੀ ਦੀ ਉਸ ਸਮੇਂ 29 ਕੁ ਸਾਲ ਦੀ ਉਮਰ ਸੀ ਜਦੋਂ ਆਪ ਜੀ ਮਿਲੇ।

ਭਾਈ ਮੋਹਨ ਸਿੰਘ ਉਸ ਸਮੇਂ ਲੱਕੜ ਦਾ ਠੇਕੇਦਾਰ ਸੀ। ਕੋਈ ਐਨਾ ਕਾਰੋਬਾਰ ਵੀ ਨਹੀਂ ਸੀ। ਫੇਰ ਸ਼ੇਅਰ ਖਰੀਦ ਲਏ ਇਹਨੇ ਲੱਕੜ ਦੇ। ਫਰਨੀਚਰ ਬਣਦਾ ਸੀ, ਫੇਰ ਕੋਕਾ ਕੋਲਾ 'ਚ ਸ਼ੇਅਰ ਪਾ ਲਿਆ। ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੂੰ ਵੱਡੇ ਮਹਾਰਾਜ ਜੀ ਨੇ ਭੇਜਿਆ। ਇਕ ਸਾਲ ਉਸ ਕੰਪਨੀ ਨੂੰ ਮੈਨੇਜ ਕੀਤਾ। ਕਿੱਥੇ ਤਕ ਪਹੁੰਚਾ ਦਿਤਾ। ਵੱਡੇ ਮਹਾਰਾਜ ਜੀ ਦਾ ਬਚਨ

ਸੀ ਕਿ ਤੇਰਾ ਤਾਂ ਪਾਣੀ ਵੀ ਵਿਕੇਗਾ। ਅੱਜ ਕੋਕਾ ਕੋਲਾ ਕੋਲਡ ਡਰਿੰਕ ਕਿੰਨਾ ਵਿਕ ਰਿਹਾ ਹੈ।

*ਸੰਤਨ ਮੋ ਕਉ ਪੂੰਜੀ ਸਉਪੀ*
*ਤਉ ਉਤਰਿਆ ਮਨ ਕਾ ਧੋਖਾ ॥*
*ਧਰਮ ਰਾਇ ਅਬ ਕਹਾ ਕਰੈਗੋ*
*ਜਉ ਫਾਟਿਓ ਸਗਲੋ ਲੇਖਾ ॥ ੩ ॥*
*ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥*
*ਕਹੁ ਨਾਨਕ ਹਰਿ ਸਿਉ ਮਨੁ ਮਾਨਿਆ*
*ਰੰਗਿ ਰਤੇ ਬਿਸਮਾਦੇ ॥* *ਅੰਗ- ੬੧੪*

ਭੋਰੇ 'ਚ ਬਹੁਤ ਤਪ ਕੀਤਾ। 9 ਸਾਲ ਧਰਤੀ ਨੂੰ ਪਿੱਠ ਲਾ ਕੇ ਨਹੀਂ ਦੇਖੀ। ਸਿੱਧੀਆਂ ਪ੍ਰਾਪਤ ਹੋ ਗਈਆਂ, ਹੱਥ ਜੋੜੀਂ ਖੜ੍ਹੀਆਂ ਨੇ। ਪਰ ਆਪ ਨੇ ਇਹਨਾਂ ਵਲ ਕੋਈ ਧਿਆਨ ਨਹੀਂ ਦਿਤਾ ਕਿਉਂਕਿ ਆਪ ਦੀ ਬਹੁਤ ਵੈਰਾਗਮਈ ਅਵਸਥਾ ਸੀ। ਫੇਰ ਕੀ ਹੋਇਆ –

*ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥* *ਅੰਗ- ੨੬੫*

12 ਸਾਲ ਬਾਅਦ ਫੇਰ ਬਾਹਰ ਵੀ ਜਾਣਾ ਸ਼ੁਰੂ ਹੋ ਗਿਆ। ਜਦੋਂ ਚੰਡੀਗੜ੍ਹ ਆਏ ਸਾਨੂੰ ਉਥੇ ਦਰਸ਼ਨ ਹੋਏ ਉਹਨਾਂ ਦੇ। 9–10 ਸਾਲ ਦੀ ਉਮਰ ਸੀ ਮੇਰੀ। ਪਰ ਅੱਜ ਵੀ ਉਹ ਝਲਕਾਰਾ ਵਜ ਰਿਹਾ ਹੈ। ਵਿਦੇਸ਼ਾਂ ਦੀ ਧਰਤੀ ਨੂੰ ਵੀ ਭਾਗ ਲਾਉਂਦੇ ਰਹੇ। ਛੋਟੇ ਮਹਾਰਾਜ ਜੀ ਨੇ ਕਿਹਾ ਵੀ ਕਿ ਹੁਣ ਨਾ ਜਾਓ ਵਿਦੇਸ਼। ਕਹਿੰਦੇ, ਆਹ ਆਖਰੀ ਫੇਰੀ ਹੈ ਪ੍ਰਚਾਰ ਦੀ।

ਵੁਲਵਰ ਹੈਂਪਟਨ ਦੀ ਪਵਿੱਤਰ ਧਰਤੀ ਜਿਥੇ ਆਪ ਜੀ ਨੇ ਭਾਣਾ ਵਰਤਾਇਆ। ਇੰਨੇ ਸਾਲ ਲੰਘ ਗਏ, ਅੱਜ ਵੀ ਸੰਗਤਾਂ ਦੇ ਦਿਲਾਂ 'ਚ ਓਹੀ ਯਾਦ ਤਾਜ਼ਾ ਹੈ।

ਇੰਗਲੈਂਡ ਦੇ ਦੀਵਾਨਾਂ ਵਿਚ ਆਪ ਨੇ ਕਿਹਾ ਕਿ ਅੱਜ ਦਾ ਆਖਰੀ ਦੀਵਾਨ ਹੈ। ਜਦ ਕਿ ਅੱਗੇ ਹੋਰ ਦੀਵਾਨ ਵੀ ਸੀ। ਪਰ ਕਿਸੇ ਨੇ ਕੁਝ ਨਹੀਂ ਕਿਹਾ, ਸਭ 'ਤੇ ਮਾਇਆ ਪੈ ਗਈ। 25 ਅਗਸਤ ਦੀ ਰਾਤ ਬ੍ਰਹਮ ਮਹੂਰਤ ਨੂੰ ਆਪ ਜੀ ਦੇ ਸਰੀਰ ਛੱਡਣ ਦਾ ਸਮਾਂ ਨੇੜੇ ਆ ਗਿਆ। ਸ. ਸੌਦਾਗਰ ਸਿੰਘ ਦਾ ਘਰ, ਉਹ ਮਹਾਂਪੁਰਸ਼ਾਂ ਨੂੰ ਬੇਨਤੀ ਕਰਦੈ ਕਿ ਇਸ ਘਰ ਨੂੰ ਆਪਣਾ ਹੀ ਸਮਝੋ, ਇਹਨੂੰ ਸਦੀਵੀ ਆਪਣਾ ਹੀ ਬਣਾ ਲਓ। ਮਹਾਂਪੁਰਸ਼ਾਂ ਨੇ ਕ੍ਰਿਪਾ ਕਰ ਦਿਤੀ ਕਿ ਇਹ ਹੁਣ ਸਾਡਾ ਹੀ ਘਰ ਹੋਵੇਗਾ। ਬ੍ਰਹਮ ਮਹੂਰਤ 'ਚ ਜਦੋਂ ਦੁਨੀਆਂ ਸੁੱਤੀ ਪਈ ਹੁੰਦੀ ਹੈ, ਓਸ ਸਮੇਂ ਕੌਣ ਜਾਗਦੇ ਨੇ? ਓਸ ਸਮੇਂ ਮਹਾਂਪੁਰਸ਼, ਉਹ ਤਾਂ ਸਦਾ ਹੀ ਜਾਗਦੇ ਨੇ। ਸੁੱਤਿਆਂ ਨੂੰ ਜਗਾਉਂਦੇ ਨੇ। ਕਹਿੰਦੇ, ਐਸੇ ਵੈਰਾਗਮਈ ਅਵਸਥਾ ਦੀਆਂ ਬਾਤਾਂ ਆਪ ਜੀ ਕਰ ਰਹੇ ਹਨ। ਜਥੇਦਾਰ ਜੀ ਕਹਿੰਦੇ ਅਸੀਂ ਮੁੱਠੀ ਚਾਪੀ ਕੀਤੀ, ਬਚਨ ਕਰਨ ਲੱਗੇ ਕਿ ਅਮਾਨਤ ਮੋੜਨ 'ਚ ਖਿਆਨਤ ਨਾ ਹੋਵੇ। ਆਪਣੀ ਡਾਇਰੀ 'ਚ ਵੀ ਲਿਖਦੇ ਹਨ ਕਿ ਸਰੀਰ ਦੀ 70 ਸਾਲ ਉਮਰ, ਸਾਨੂੰ ਚਾਅ ਹੈ –

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥* *ਅੰਗ- ੧੩੬੫*

ਆਪ ਜੀ ਨੇ ਨਿੱਤ ਦੀ ਕਿਰਿਆ ਅਨੁਸਾਰ ਇਸ਼ਨਾਨ ਕੀਤਾ –

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥* *ਅੰਗ- ੬੧੧*

ਫੇਰ ਸਮਾਧੀ ਸਥਿਤ ਹੋ ਗਏ। ਜਲ ਪਾਣੀ ਛਕਾਉਣ ਵਾਲਾ ਸੇਵਾਦਾਰ ਜਦੋਂ ਗਿਆ ਤਾਂ ਦੇਖਿਆ ਕਿ ਸਮਾਧੀ ਲੱਗੀ ਹੋਈ ਹੈ। ਪਰ ਉਹ ਤਾਂ ਐਸੀ ਸਮਾਧੀ ਲਗ ਗਈ ਜਿਹਨੂੰ ਕਹਿੰਦੇ ਨੇ ਮਹਾਂ ਸਮਾਧੀ –

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥* *ਅੰਗ- ੨੭੮*

ਉਹ ਬਚਨ ਪ੍ਰਤੱਖ ਕਰਕੇ ਦਿਖਾ ਦਿਤੇ ਕਿ ਇਸ ਤਰ੍ਹਾਂ ਸਰੀਰ ਛੱਡਾਂਗੇ ਕਿ ਚੁਟਕੀਆਂ ਵਜਾਉਂਦੇ ਜਾਵਾਂਗੇ ਕਿਉਂਕਿ ਉਹਨਾਂ ਕੋਲ ਜੁਗਤੀ ਹੈ –

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥* *ਅੰਗ- ੨੯੫*

*ਕਰਿ ਡੰਡਉਤ ਪੁਨੁ ਵਡਾ ਹੇ ॥* *ਅੰਗ- ੧੩*

ਐਸੇ ਮਹਾਂਪੁਰਸ਼ਾਂ ਨੂੰ ਸਾਡੀ ਨਮਸ਼ਕਾਰ ਹੈ। ਸੋ ਐਸੀ ਵੈਰਾਗਮਈ ਮੂਰਤ ਜਿਨ੍ਹਾਂ ਦੇ ਦਰਸ਼ਨਾਂ ਦੇ ਹਿਤ ਅਸੀਂ –

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਅੰਗ- ੫੨੦*

ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ 'ਬਾਬਾਣੀਆਂ ਕਹਾਣੀਆਂ' ਪੁਸਤਕ ਵਿਚ ਐਸੇ ਜੀਵਨ ਅੰਕਿਤ ਕੀਤੇ ਹਨ ਜ਼ਰੂਰ ਪੜ੍ਹਿਓ। ਜੇ ਪੜ੍ਹ ਕੇ ਵਿਚਾਰ ਲਵੋਂਗੇ, ਜੀਵਨ ਵਿਚ ਅਪਨਾਅ ਲਵੋਂਗੇ ਕਦੇ ਵੀ ਮੋਹ ਮਾਇਆ ਨਹੀਂ ਪਵੇਗੀ। ਮਹਾਂਪੁਰਸ਼ ਕਹਿੰਦੇ ਸੀ ਕਿ ਅਸੀਂ ਗਰੰਟੀ ਲੈਂਦੇ ਹਾਂ। ਚੀਜ਼ਾਂ ਦੀ ਵਰੰਟੀ ਤਾਂ ਦਿੰਦੇ ਨੇ ਅੱਜਕਲ੍ਹ ਲੇਕਿਨ ਗਰੰਟੀ ਸਤਿਪੁਰਸ਼ ਲੈਂਦੇ ਹਨ। ਕਹਿੰਦੇ ਨੇ ਜਿਹੜੇ ਇਸ ਵਾਯੂਮੰਡਲ ਵਿਚ ਆ ਗਏ, ਸਤਿਸੰਗ ਮੰਡਲ ਵਿਚ ਆ ਗਏ, ਉਹਦਾ ਧਰਮਰਾਜ ਦੇ ਨਾਲ ਵਾਹ ਹੀ ਨਹੀਂ ਪੈਣਾ।

ਸੋ ਐਸੇ ਮਹਾਂਪੁਰਸ਼ਾਂ ਦੀ ਯਾਦ ਆਪਾਂ ਮਨਾਈ ਹੈ।

*ਏਕੁ ਜੁ ਸਾਧੂ ਮੋਹਿ ਮਿਲਿਓ ਤਿਨ੍ਹਿ ਲੀਆ ਅੰਚਲਿ ਲਾਇ ॥*
*ਅੰਗ- ੧੩੬੮*

*ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥*

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਕਲਪਨਾ ਅਤੇ ਸੰਪਾਦਨਾ

*ਦਰਸ਼ਨ ਸਿੰਘ*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗੁਰੂ ਹਨ। ਦਸਵੇਂ ਪਾਤਸ਼ਾਹ ਦਾ ਇਹ ਹੁਕਮ ਹੈ ਤੇ ਇਸਨੂੰ ਮੰਨ ਲਿਆ ਗਿਆ ਹੈ ਕਿ ਦਸ ਗੁਰੂ ਸਾਹਿਬਾਨ ਤੋਂ ਬਾਅਦ ਸਿੱਖਾਂ ਲਈ ਕੋਈ ਦੇਹਧਾਰੀ ਗੁਰੂ ਨਹੀਂ ਹੋਏਗਾ, ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਵ - ਸ਼ਬਦ, ਗਿਆਨ, ਰੌਸ਼ਨੀ, ਪ੍ਰਕਾਸ਼ ਹੀ ਗੁਰੂ ਹਨ। ਇਸ ਕਰਕੇ ਗੁਰੂ ਦੇ ਬਰਾਬਰ ਖੜ੍ਹਾ ਹੋਣ ਵਾਲਾ, ਗੁਰੂਗੱਦੀ ਦਾ ਕੋਈ ਦਾਹਵੇਦਾਰ, ਇਸ ਪੱਖੋਂ ਈਰਖਾ ਜਾਂ ਦੁਸ਼ਮਨੀ ਕਰਨ ਵਾਲਾ ਹੁਣ ਕੋਈ ਨਹੀਂ ਰਹੇਗਾ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੂ ਦੇ ਰੂਪ ਵਿਚ ਸਰਵੋਤਮਤਾ ਆਪਣੇ ਆਪ ਹੀ ਸਿੱਧ ਹੋ ਗਈ ਹੈ। ਜਿਥੇ ਕਿਤੇ, ਕੋਈ, ਥੋੜ੍ਹੀ ਬਹੁਤ, ਡਿਸਟਾਰਸ਼ਨ ਹੋਈ ਹੈ, ਕਰਨ ਵਾਲੇ ਜਾਂ ਤਾਂ ਸਿੱਖ ਜਗਤ ਵਿਚੋਂ ਆਪੇ ਨਿਕਲ ਗਏ ਹਨ ਜਾਂ ਘੱਟੋ ਘੱਟ ਇਸ ਜਗਤ ਵਿਚ ਸਤਿਕਾਰ ਦੇ ਪਾਤਰ ਨਹੀਂ ਰਹੇ। ਗ੍ਰੰਥ ਅਰਥਾਤ ਸ਼ਬਦ ਹੀ ਗੁਰੂ ਹੈ, ਇਹ ਸਥਿਤੀ ਸਿੱਖ ਜਗਤ ਦੀ ਵਿਲੱਖਣਤਾ ਹੈ। ਗ੍ਰੰਥ ਸਾਹਿਬ ਸਿਰਫ ਇਕ ਪਵਿੱਤਰ ਗ੍ਰੰਥ ਨਹੀਂ, ਬਲਕਿ 'ਗੁਰੂ' ਹੈ ਤੇ ਇੰਜ ਇਸਦਾ ਪੂਰਾ ਨਾਮ 'ਗੁਰੂ ਗ੍ਰੰਥ ਸਾਹਿਬ' ਹੈ।

ਇਸ ਗ੍ਰੰਥ ਸਾਹਿਬ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਕੀਤੀ। ਇਸ ਦਾ ਸਰੂਪ ਉਨ੍ਹਾਂ ਨੇ ਤਿਆਰ ਕੀਤਾ। ਪਰ ਇਸ ਨੂੰ 'ਗੁਰੂ ਦਾ ਦਰਜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਮਿਲਿਆ। ਭਾਵ ਪਵਿੱਤਰ ਗ੍ਰੰਥ ਤੋਂ ਗੁਰੂ ਸਾਹਿਬ ਇਹ ਦਸਵੀਂ ਪਾਤਸ਼ਾਹੀ ਤੋਂ ਬਾਅਦ ਬਣਿਆ। ਪਰ ਇਸ ਦੀ ਸੰਕਲਪਨਾ ਪਹਿਲੀ ਪਾਤਸ਼ਾਹੀ ਦੀ ਦੈਵੀ ਅਰਥਾਤ ਅਗਰਗਾਮੀ ਦ੍ਰਿਸ਼ਟੀ ਦਾ ਪ੍ਰਤਿਫਲ ਹੈ। ਸਿੱਖਾਂ ਦੇ 500 ਸਾਲਾ ਇਤਿਹਾਸ ਅਰਥਾਤ ਸਿੱਖਾਂ ਦੇ ਸਮੁੱਚੇ ਕਾਰਜ-ਖੇਤਰ ਨੂੰ ਧਿਆਨ ਵਿਚ ਰੱਖਣ ਨਾਲ, ਇਸ ਦੇ ਵਿਕਾਸ ਮਾਰਗ ਦੀ ਠੀਕ ਤਰ੍ਹਾਂ ਨਿਸ਼ਾਨਦੇਹੀ ਕਰਨ ਨਾਲ, ਇਸ ਦੀ ਸਮੁੱਚੀ ਸਕੀਮ ਨੂੰ ਇਤਿਹਾਸਕ ਕ੍ਰਮ ਅਰਥਾਤ ਪਰਿਪੇਖ ਵਿਚ ਰੱਖ ਕੇ ਵਾਚਨ ਨਾਲ ਅਤੇ ਇਸ ਤੋਂ ਪੈਦਾ ਹੋਏ ਨਤੀਜਿਆਂ ਦੇ ਪ੍ਰਭਾਵਾਂ ਦੇ ਪ੍ਰਸੰਗ ਤੋਂ, ਇੰਜ ਮਹਿਸੂਸ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸਵੇਂ ਗੁਰੂ ਤੱਕ ਜਾਂ ਫਿਰ ਅੱਜ ਤੱਕ, ਸਿੱਖਾਂ ਦੀ ਜੋ ਵੀ ਸੰਸਥਾ ਸਾਹਮਣੇ ਆਈ ਅਤੇ ਸਾਰਥਕ ਰੂਪ ਵਿਚ ਚਲੀ ਹੈ, ਉਸ ਦਾ ਆਰੰਭ ਅਰਥਾਤ ਬੀਜ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਹੈ। ਜਿਸ ਤਰ੍ਹਾਂ ਬਾਕੀ ਸੰਸਥਾਵਾਂ ਦਾ ਆਰੰਭ ਸ੍ਰੀ ਗੁਰੂ ਨਾਨਕ ਦੀ ਬਾਣੀ ਵਿਚ ਹੈ, ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਕਲਪਨਾ ਵੀ ਉਨ੍ਹਾਂ ਦੀ ਬਾਣੀ ਵਿਚੋਂ ਪ੍ਰਾਪਤ ਹੈ। ਸਿੱਖਾਂ ਦਾ ਗੁਰੂ ਨਿਰਪੱਖ ਅਤੇ ਪਵਿੱਤਰ ਗ੍ਰੰਥ ਨੇ ਬਣਨਾ ਹੈ, ਇਸ ਦੇ ਸੰਕੇਤ ਸ੍ਰੀ ਗੁਰੂ ਨਾਨਕ ਦੇਵ ਜੀ ਅਰਥਾਤ ਉਨ੍ਹਾਂ ਉਤਰਾਧਿਕਾਰੀ ਗੁਰੂ ਸਾਹਿਬਾਨ ਦੀ ਬਾਣੀ ਤੋਂ ਸਪੱਸ਼ਟ ਮਿਲਦੇ ਹਨ। ਪਵਿੱਤਰ ਗ੍ਰੰਥ ਤੋਂ ਭਾਵ ਪਵਿੱਤਰ ਸ਼ਬਦ ਜਾਂ ਸ਼ਬਦ ਸਮੂੰਹ ਹੈ। ਸ਼ਬਦ ਨੂੰ ਵਿਲੱਖਣਤਾ ਅਤੇ ਸਰਵੋਤਮਤਾ ਪ੍ਰਾਪਤ ਹੈ। ਇਸ ਤੱਥ ਦਾ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲਾ ਹਰ ਸ਼ਬਦ ਅਤੇ ਸ਼ਬਦ-ਸਾਧਨਾ ਉਤੇ ਨਿਰੰਤਰ ਬਲ ਹੈ। ਜਦੋਂ ਗੁਰੂ ਸਾਹਿਬਾਨ ਆਪ ਸ਼ਬਦ-ਸਾਧਨਾ ਉਤੇ ਬਲ ਦੇਂਦੇ ਹਨ ਅਤੇ ਇਸ ਬਲ ਦੀ ਨਿਰੰਤਰਤਾ ਅਤੇ ਅਖੰਡਤਾ ਇਤਨੀ ਜ਼ਿਆਦਾ ਹੈ ਕਿ ਅਜਿਹੇ ਅਰਥ ਲੈਣੇ ਸੁਭਾਵਿਕ ਬਣ ਜਾਂਦੇਹਨ। ਉਦਾਹਰਣ ਵਜੋਂ -

*ਸਬਦੁ ਗੁਰ ਪੀਰਾ ਗਹਿਰ ਗੰਭੀਰਾ*
*ਬਿਨੁ ਸਬਦੈ ਜਗੁ ਬਉਰਾਨੰ ॥* ਅੰਗ - ੬੩੫

*ਸਿਖੀ ਸਿਖਿਆ ਗੁਰ ਵੀਚਾਰਿ ॥* ਅੰਗ - ੪੬੫
*ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥*
ਅੰਗ - ੬੦੧
*ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥*
*ਬਿਨੁ ਸਬਦੈ ਸਭੁ ਜਗੁ ਬਉਰਾਨਾ*
*ਬਿਰਥਾ ਜਨਮੁ ਗਵਾਇਆ ॥*
*ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥ ੨ ॥*
ਅੰਗ - ੬੪੪

ਭਾਈ ਗੁਰਦਾਸ ਜੀ ਨੇ ਇਸ ਸ਼ਬਦ ਮਹਿਮਾ ਨੂੰ ਇੰਜ ਸ਼ਬਦ-ਬਧ ਕੀਤਾ ਹੈ -

*ਗਯਾਨ ਧਯਾਨ ਲਖ ਜੋਗ ਸਬਦ ਸੁਣਾਵਣੀ॥*

*ਭਾਈ ਗੁਰਦਾਸ ਜੀ*

ਸਪੱਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਅਰਥਾਤ ਬਾਕੀ ਗੁਰੂ ਸਾਹਿਬਾਨ ਨੇ ਸ਼ਬਦ ਨੂੰ ਗੁਰੂ ਦਾ ਦਰਜਾ ਦਿੱਤਾ ਹੈ। ਸ਼ਬਦ ਅਤੇ ਗੁਰੂ, ਗੁਰਬਾਣੀ ਵਿਚ ਸਮਾਨਾਰਥਕ ਹਨ, ਇਸ ਗੱਲ ਨੂੰ ਸਿੱਧ ਕਰਨ ਲਈ ਪ੍ਰਮਾਣਾਂ ਦੀ ਕਮੀ ਨਹੀਂ। ਇੰਜ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਗੁਰੂ ਉਤੇ ਆਸ਼ਾ ਰੱਖਣਾ, ਸ਼ਬਦ ਨੂੰ ਗੁਰੂ-ਰੂਪ ਬਿਆਨ ਕਰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਸਥਾ ਦੀ ਉਸਾਰੀ ਦੀ ਆਧਾਰਸ਼ੀਲਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਇਹ ਮੁੜ-ਮੁੜ ਕੇ ਆਇਆ ਹੈ ਕਿ ਉਨ੍ਹਾਂ ਦਾ ਗੁਰੂ ਆਪ ਅਕਾਲ ਪੁਰਖ ਹੈ, ਦੈਵੀ ਜੋਤਿ ਹੈ ਅਤੇ ਕੋਈ ਦੇਹਧਾਰੀ ਸ਼ਖਸੀਅਤ ਉਨ੍ਹਾਂ ਦਾ ਗੁਰੂ ਨਹੀਂ। ਇਹ ਗੱਲ ਅਗਲੇ ਗੁਰੂ ਸਾਹਿਬਾਨ ਵਿਚ ਵੀ ਆਈ ਹੈ। ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਨੂੰ ਗੁਰੂ ਮੰਨਿਆ ਹੈ ਪਰ ਨਾਲ ਇਹ ਵੀ

ਮੰਨਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਪਰਮੇਸ਼ਰ, ਅਕਾਲ ਪੁਰਖ ਅਤੇ ਦੈਵੀ ਜੋਤ ਹਨਪ ਉਹ ਮਨੁੱਖੀ ਦੇਹ ਵਿਚ ਹਨ, ਮਨੁੱਖੀ ਸਰੀਰ ਵਿਚ ਦੈਵੀ ਪ੍ਰਕਾਸ਼ ਹਨ। ਇੰਜ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਅਕਾਲਪੁਰਖ ਜੋਤਿ ਅਰਥਾਤ ਸ਼ਬਦ ਨੂੰ ਗੁਰੂ ਮੰਨਿਆ ਹੈ ਅਤੇ ਬਾਕੀ ਗੁਰੂ ਸਾਹਿਬਾਨ ਨੇ ਵੀ ਸ਼ਬਦ ਨੂੰ ਗੁਰੂ ਮੰਨਿਆ ਹੈ। ਇਸ ਸ਼ਬਦ ਨੂੰ ਗੁਰਬਾਣੀ ਕਹਿ ਕੇ ਵੀ ਸੰਬੋਧਨ ਕੀਤਾ ਗਿਆ ਹੈ। ਪਹਿਲੇ ਗੁਰੂ ਤੋਂ ਲੈ ਕੇ, ਪੰਜਵੇਂ ਗੁਰੂ ਤੱਕ ਅਤੇ ਭਾਈ ਗੁਰਦਾਸ ਜੀ ਨੇ ਇਸ ਸ਼ਬਦ ਨੂੰ ਗੁਰਬਾਣੀ ਆਖਿਆ ਹੈ। ਸ਼ਬਦ ਗੁਰਬਾਣੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਜ ਸਿੱਖ ਜਗਤ ਵਿਚ ਸਮਾਨਾਰਥਕ ਸ਼ਬਦ ਹਨ। ਗੱਲ ਇੰਜ ਨਿਬੜਦੀ ਹੈ ਕਿ ਅੱਜ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਹਾ ਜਾਂਦਾ ਹੈ, ਜਿਸ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਹੈ, ਇਸ ਦੀ ਸੰਕਲਪਨਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ। ਇਹ ਬਿਰਤੀ ਸ੍ਰੀ ਗੁਰੂ ਨਾਨਕਦੇਵ ਜੀ ਤੋਂ ਚਲੀ, ਬਾਕੀ ਗੁਰੂ ਸਾਹਿਬਾਨ ਨੇ ਇਸ ਨੂੰ ਅੱਗੇ ਤੋਰਿਆ। ਵਕਤ ਆਉਣ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਆਕਾਰ ਦਿਤਾ ਅਤੇ ਦਸਵੇਂ ਪਾਤਸ਼ਾਹ ਨੇ ਇਸ ਪਵਿੱਤਰ ਸ਼ਬਦ ਨੂੰ ਗੁਰੂ ਦਾ ਦਰਜਾ ਦਿਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਕਲਪਨਾ ਦੀ ਪ੍ਰਕ੍ਰਿਆ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਹੀ ਸ਼ੁਰੂ ਹੋ ਗਈ, ਇਹ ਗੱਲ ਉਨਹਾਂ ਦੀ ਸਮੁੱਚੀ ਚਿੰਤਨ-ਪ੍ਰਕ੍ਰਿਆ ਭਾਵ ਉਨ੍ਹਾਂ ਦੇ ਬੁਨਿਆਦੀ ਸਰੋਕਾਰਾਂ ਤੋਂ ਵੀ ਸਿੱਧ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਇਸ ਤੱਥ ਦਾ ਜੀਉਂਦਾ ਜਾਗਦਾ ਸਬੂਤ ਹੈ ਕਿ ਉਹ ਆਪਣੇ ਵਕਤ ਦੇ ਹਾਲਾਤ ਤੋਂ ਸੰਤੁਸ਼ਟ ਨਹੀਂ ਸਨ। ਰਾਜਿਆਂ ਦੀ ਅਥਵਾ ਇਸ ਨਾਲ ਸੰਬੰਧਿਤ ਕਰਮਚਾਰੀ ਵਰਗ ਦੀ ਦੌਲਤ ਪ੍ਰਸਤੀ ਤੇ ਆਯਾਸ਼ੀ ਭਰੀ ਜ਼ਿੰਦਗੀ, ਫਰਜ਼ ਤੋਂ ਬਿਲਕੁਲ ਕੁਤਾਹੀ, ਬੁੱਧੀਮਾਨ, ਜਿਵੇਂ ਬ੍ਰਾਹਮਣ, ਕਾਜ਼ੀ ਤੇ ਜੋਗੀ ਆਦਿ ਦੀ ਵਿਨਾਸ਼ਕਾਰੀ ਬਿਰਤੀ, ਫਰਜ਼ ਤੋਂ ਬਿਲਕੁਲ ਉਲਟ ਚੱਲਣ ਲਈ ਪ੍ਰਤਿਬੱਧਤਾ, ਆਮ ਆਦਮੀ ਦੀ ਅਗਿਆਨ ਭਰੀ ਅਵਸਥਾ ਤੇ ਨਤੀਜੇ ਵਜੋਂ ਦੋਹੀਂ ਹੱਥੀਂ ਲੁੱਟੇ ਜਾਣ ਬਾਰੇ ਸੋਝੀ ਦਾ ਵੀ ਨਾ ਹੋਣਾ, ਸਾਰੀਆਂ ਸਮਾਜਕ, ਧਾਰਮਿਕ ਤੇ ਰਾਜਨੀਤਿਕ ਸੰਸਥਾਵਾਂ ਦਾ ਪਤਨ, ਪਾਖੰਡ ਦੀ ਪ੍ਰਧਾਨਤਾ ਕੁਝ ਅਜੇਹੀਆਂ ਗੱਲਾਂ ਹਨ, ਜਿਨ੍ਹਾਂ ਦੇ ਹੁੰਦਿਆਂ ਹੋਇਆਂ-ਹੋਇਆਂ ਕੋਈ ਚਿੰਤਨਸ਼ੀਲ ਇਨਸਾਨ ਬੇਅਰਾਮੀ ਤੋਂ ਬਚਨ ਨਹੀਂ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਕਿਉਂਕਿ ਅਸਾਧਾਰਣ ਸਨ, ਇਸ ਕਰਕੇ ਉਨ੍ਹਾਂ ਅੰਦਰ ਇਸ ਸਭ ਕੁਝ ਦੇ ਖਿਲਾਫ ਵਿਦਰੋਹ ਦਾ ਪੈਦਾ ਹੁਣਾ ਕੁਦਰਤੀ ਸੀ। ਇਸ ਬਿਰਤੀ ਅਧੀਨ ਉਨ੍ਹਾਂ ਨੇ ਇਸ ਸਭ ਕੁਝ ਨੂੰ ਢਾਹ ਕੇ, ਇਸ ਦੇ ਸੰਪੂਰਣ ਬਦਲ ਦੀ ਸੰਕਲਪਨਾ ਕੀਤੀ। ਇਸ ਬਦਲ ਲਈ ਜੋ-ਜੋ ਕਦਮ ਚੁੱਕੇ ਜਾਣੇ ਸਨ, ਉਨ੍ਹਾਂ ਵਿਚੋਂ ਇਕ ਇਹ ਸੀ ਕਿ ਇਥੋਂ ਦੇ ਲੋਕਾਂ ਨੂੰ ਇਕ ਅਜਿਹਾ ਗ੍ਰੰਥ ਦਿਤਾ ਜਾਵੇ, ਜਿਹੜਾ ਪ੍ਰਾਪਤ ਗ੍ਰੰਥਾਂ ਤੋਂ ਵਿਲੱਖਣ ਹੋਵੇ, ਜਿਹੜਾ ਉਪਰੋਕਤ ਭਾਵ ਦੀ ਆਤਮਾ ਨੂੰ ਪ੍ਰਗਟ ਕਰ ਸਕੇ ਤੇ ਜਿਹੜਾ ਰੱਬ ਦੀ ਆਵਾਜ਼ ਹੋਣ ਦੇ ਨਾਲ-ਨਾਲ ਲੋਕਾਂ ਦੀ ਦਬੀ ਤੇ ਕੁਚਲੀ ਜਾ ਰਹੀ ਰੂਹ ਨੂੰ ਪ੍ਰਗਟਾਓ ਤੇ ਰਹਬਰੀ ਵੀ ਦੇ ਸਕੇ। ਇਹ ਇਕ ਐਸਾ ਵਿਚਾਰਤਮਕ ਜਾਂ ਸਭਿਆਚਾਰਕ ਸ਼ਬਦ ਹੈ ਜਿਹੜਾ ਕੁੜਿਆਰ ਤੋਂ ਸਚਿਆਰ ਵਲ, ਮਾਨਸ ਤੋਂ ਦੇਵਤੇ ਵਲ ਤੇ ਜਿਨਪੁਣੇ ਤੋਂ ਦੇਵੀਪੁਣੇ ਵਲ ਵਧਣ ਲਈ ਪ੍ਰੇਰਿਤ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਕਲਪਨਾ ਅਸਲ ਵਿਚ ਇਕ ਆਦਰਸ਼ ਮਨੁੱਖੀ ਸਮਾਜ ਦੀ ਸੰਕਲਪਨਾ ਹੈ ਤੇ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੈਰੋਕਾਰਾਂ ਦੇ ਰੂਪ ਵਿਚ ਪ੍ਰਗਟ ਹੋਈ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦੀ ਪ੍ਰਾਪਤ ਪਵਿੱਤਰ ਗ੍ਰੰਥਾਂ ਬਾਰੇ ਅਰੁਚੀ ਦੀ ਭਾਵਨਾ ਇਸ ਗੱਲ ਦਾ ਪ੍ਰਮਾਣ ਹੈ ਕਿ ਇਸ ਦਾ ਇਕ ਬਦਲ ਚਾਹੀਦਾ ਹੈ। ਇਹ ਬਦਲ ਇਕ ਪਵਿੱਤਰ ਗ੍ਰੰਥ ਹੀ ਹੋ ਸਕਦਾ ਹੈ। ਇਸ ਗ੍ਰੰਥ ਲਈ ਲਾਜ਼ਮੀ ਹੈ ਕਿ ਇਹ ਹੋਰ ਪਵਿੱਤਰ ਗ੍ਰੰਥ ਨਾਲੋਂ ਵਿਲੱਖਣ ਹੋਵੇ। ਇਸ ਵਿਲੱਖਣਤਾ ਦੇ ਕਈ ਗੁਣਾਂ ਵਿਚੋਨ ਇਕ ਗੁਣ ਇਹ ਵੀ ਜ਼ਰੂਰੀ ਹੈ ਕਿ ਇਹ ਸਭ ਲਈ ਸਾਂਝਾ ਹੋਵੇ। ਇੰਜ ਜਦੋਂ ਕੋਈ ਇਸ ਗ੍ਰੰਥ ਦਾ ਪਰੋਕਾਰ ਬਣਦਾ ਹੈ ਤਾਂ ਉਹ ਕੁਝ ਤਿਆਗਦਾ ਨਹੀਂ, (ਸਿਵਾਏ ਗ਼ੈਰ-ਇਨਸਾਨੀਅਤ ਦੇ) ਬਲਕਿ ਸਿਰਫ਼ ਗ੍ਰਹਿਣ ਕਰਦਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਸੰਕਲਪੀ ਇਸ ਬਦਲ ਦੀ ਲੋੜ ਨੂੰ ਸਾਹਮਣੇ ਰੱਖ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਪਵਿੱਤਰ ਗ੍ਰੰਥ ਦੀ ਸੰਪਾਦਨਾ ਵਲ ਧਿਆਨ ਦਿਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦੈਵੀ ਪ੍ਰਤਿਭਾ ਨੇ ਪਹਿਲੇ ਗੁਰੂ ਸਾਹਿਬਾਨ ਦੁਆਰਾ ਸੰਕਲਪੇ ਬਹੁਤ ਸਾਰੇ ਇਰਾਦਿਆਂ ਨੂੰ ਸ਼ਕਲ ਦੇਣ ਲਈ, ਚਲ ਰਹੇ ਕਾਰਜਾਂ ਨੂੰ ਪੂਰਾ ਕਰਨ ਲਈ ਅਤੇ ਆਉਣ ਵਾਲੇ ਗੁਰੂ ਸਾਹਿਬਾਨ ਅਰਥਾਤ ਸਿੱਖ ਜਗਤ ਵਾਸਤੇ ਪੂਰਨੇ ਪਾਉਣ ਲਈ ਬਹੁਤ ਸਾਰੇ ਕਦਮ ਚੁੱਕੇ। ਇਨ੍ਹਾਂ ਵਿਚੋਂ ਇਕ ਕਦਮ ਇਸ ਪਵਿੱਤਰ ਗ੍ਰੰਥ ਦੀ ਸੰਪਾਦਨਾ ਦਾ ਹੈ।

ਅਜੇਹੀ ਹਾਲਤ ਵਿਚ ਜੋ ਵੀ ਕਦਮ ਚੁਕਿਆ ਜਾਏਗਾ, ਕੁਦਰਤੀ ਗੱਲ ਹੈ ਕਿ ਸਥਿਤੀ ਨੂੰ ਬੇਹਤਰ ਬਨਾਉਣ ਲਈ ਹੀ ਚੁਕਿਆ ਜਾਏਗਾ, ਜੇ ਹਰ ਪਹਿਲੂ ਤੋਂ ਅੰਦਰੋਂ ਵੀ ਤੇ ਬਾਹਰੋਂ ਵੀ, ਮਨੁੱਖਤਾ ਖੇਰੂੰ-ਖੇਰੂੰ ਹੋਈ-ਹੋਈ ਹੈ ਤਾਂ ਇਸ ਨੂੰ ਇਕ ਕੇਂਦਰ ਦੇਣ ਦੀ ਲੋੜ ਹੈ। ਇਕ ਧੁਰਾ ਸਥਿਤ ਕਰਨ ਦੀ ਲੋੜ ਹੈ, ਜਿਸ ਦੁਆਲੇ ਜਾਂ ਜਿਸ ਦੇ ਆਸਰੇ ਟੁੱਟੀ ਭੱਜੀ ਦੁਨੀਆਂ ਸਾਹ ਲੈ ਕੇ, ਸਾਬਤ ਤੇ ਇਕ ਹੋਣ ਦਾ ਅਹਿਸਾਸ ਮਾਣ ਸਕੇ ਤੇ ਇੰਜ ਸਾਰੇ ਭਿੰਨ ਭੇਦ ਮਿਟ ਸਕਣ। ਇਸ ਸਰੋਕਾਰ ਨੂੰ ਦ੍ਰਿਸ਼ਟੀ ਵਿਚ ਰੱਖ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਕਲਪਨਾ ਕੀਤੀ ਗਈ ਅਤੇ ਸੰਪਾਦਨਾ ਹੋਈ।

ਇਸੇ ਗੱਲ ਨੂੰ ਅੱਗੇ ਤੋਰਿਆ ਜਾਵੇ ਤਾਂ ਸਭ ਤੋਂ ਪਹਿਲੀ ਗੱਲ ਜੋ ਧਿਆਨ ਵਿਚ ਆਉਂਦੀ ਹੈ, ਉਹ ਹੈ ਉਨ੍ਹਾਂ ਲੋਕਾਂ ਦੀ ਸਥਿਤੀ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਹ ਤੱਤ ਪਰਿਚਿਤ ਹੈ ਕਿ ਇਸ ਗ੍ਰੰਥ ਵਿਚ ਬਾਣੀ ਸਿਰਫ ਗੁਰੂ ਸਾਹਿਬਾਨ ਦੀ ਨਹੀਂ। ਗੁਰੂ ਸਾਹਿਬਾਨ ਤੋਂ ਇਲਾਵਾ ਭਗਤਾਂ, ਦਰਵੇਸ਼ਾਂ ਤੇ ਭੱਟਾਂ ਦੀ ਬਾਣੀ ਹੈ। ਕੁਲ 36 ਸ਼ਖਸ਼ੀਅਤਾਂ ਦੀ ਬਾਣੀ ਹੈ। ਇਨ੍ਹਾਂ ਵਿਚੋਂ 6 ਗੁਰੂ ਸਾਹਿਬਾਨ ਦੀ ਹੈ। ਬਾਕੀ 30 ਸ਼ਖਸ਼ੀਅਤਾਂ ਤੇ ਖਾਸ ਕਰਕੇ 11 ਭੱਟਾਂ ਤੋਂ ਇਲਾਵਾ ਜਿਹੜੀਆਂ 19 ਸ਼ਖਸੀਅਤਾਂ ਦੀ ਬਾਣੀ ਹੈ, ਇਸ ਦੇ ਪਾਠ ਤੋਂ ਬਹੁਤ ਹੀ ਵਚਿੱਤਰ ਨੁਕਤੇ ਸਾਮ੍ਹਣੇ ਆਉਂਦੇ ਹਨ। ਪਹਿਲੀ ਗੱਲ ਤਾਂ ਇਹ ਕਿ ਇਹ ਲੋਕ ਇਕੋ ਤਰ੍ਹਾਂ ਦੇ ਸਿਧਾਂਤਕ ਪਿਛੋਕੜ ਵਿਚੋਂ ਨਹੀਂ ਆਏ। ਪਰਿਵਾਰਕ ਭਿੰਨਤਾ ਤਾਂ ਹੈ, ਸਿਧਾਂਤਕ ਭਿੰਨਤਾ ਵੀ ਹੈ। ਵਿਦਵਾਨ ਲੋਕਾਂ ਨੇ ਸਿਧਾਂਤ ਦੇ ਪੱਖੋਂ ਬਾਕੀ ਗੱਲਾਂ ਦੇ ਨਾਲ-ਨਾਲ, ਨਿਰਗੁਣ-ਵਾਦੀ ਜਾਂ ਸਰਗੁਣਵਾਦੀ ਦੀ ਗੱਲ ਵੀ ਛੇੜੀ ਹੈ। ਗੁਰੂ ਸਾਹਿਬਾਨ ਆਪਣੇ ਆਪ ਨੂੰ ਸਿਧਾਂਤਕ ਪੱਖੋਂ ਇਨ੍ਹਾਂ ਸ਼ਬਦਾਂ ਨਾਲ ਸੰਬੰਧਿਤ ਅਰਥਾਂ ਦੇ ਦਾਇਰਿਆਂ ਨਾਲ ਨਹੀਂ ਬੰਨ੍ਹਦੇ। ਪੰਜਾਬੀ ਦੇ ਤੇ ਖਾਸ ਕਰਕੇ ਸਿੱਖ ਵਿਦਵਾਨਾਂ ਵਿਚ ਇਹ ਚਰਚਾ ਆਮ ਹੈ ਤੇ ਰਹੀ ਹੈ ਕਿ ਗੁਰੂ ਸਾਹਿਬਾਨ ਨਿਰਗੁਣਵਾਦੀ ਹਨ ਕਿ ਸਰਗੁਣ ਵਾਦੀ ਹਨ। ਕੋਈ ਇਕ ਪੱਖ ਨੂੰ ਪੂਰਦਾ ਹੈ ਤੇ ਕੋਈ ਦੂਜੇ ਨੂੰ। ਕਈ ਇਹ ਵੀ ਕਹਿੰਦੇ ਹਨ ਤੇ ਬਹੁਤੇ ਵਿਦਵਾਨ ਕਹਿੰਦੇ ਹਨ ਕਿ ਉਨ੍ਹਾਂ ਵਿਚੋਂ ਦੋਹਾਂ ਤਰ੍ਹਾਂ ਦੀ ਵਿਚਾਰਧਾਰਾ ਦੇ ਅੰਸ਼ ਮਿਲਦੇ ਹਨ। ਕਿਸੇਇਕ ਥਾਂ ਤੇ ਉਹ ਨਿਰਗੁਣਵਾਦੀ ਹਨ ਤੇ ਕਿਸੇ ਦੂਜੀ ਥਾਂ ਤੇ ਸਰਗੁਣਵਾਦੀ ਹਨ। ਗੁਰੂ ਸਾਹਿਬਾਨ ਬਾਰੇ ਉਨ੍ਹਾਂ ਦੀਆਂ ਇਨ੍ਹਾਂ ਧਾਰਨਾਵਾਂ ਦਾ ਮੈਂ ਹਾਮੀ ਨਹੀਂ। ਮੇਰੇ ਖਿਆਲ ਵਿਚ ਉਹ ਇਨ੍ਹਾਂ ਸਾਰਿਆਂ ਦਾਇਰਿਆਂ ਤੋਂ ਉਪਰ ਹਨ ਤੇ ਉਨ੍ਹਾਂ ਦਾ ਰੱਬ ਨਿਰਗੁਣ ਤੇ ਸਰਗੁਣ ਦੋਹਾਂ ਅਵਸਥਾਵਾਂ ਤੋਂ ਪਰ੍ਹੇ ਹੈ। ਉਹ ਇਕੋ ਵੇਲੇ ਦੋਹਾਂ ਵਿਚ ਹੈ ਤੇ ਦੋਹਾਂ ਤੋਂ ਉਪਰ ਹੈ।

ਸਪੱਸ਼ਟ ਹੈ ਕਿ ਗੁਰੂ ਸਾਹਿਬ ਸਿਧਾਂਤਕ ਪੱਖੋਂ ਵੀ ਤੇ ਵਿਹਾਰਕ ਪੱਖੋਂ ਵੀ ਕਿਸੇ ਵੀ ਸ਼ਬਦ ਨਾਲ ਜੁੜੇ ਹੋਏ ਦਾਇਰੇ ਵਿਚ ਸੀਮਤ ਹੋਣ ਲਈ ਤਿਆਰ ਨਹੀਂ ਹਨ। ਬਾਕੀ ਸੰਤ, ਭਗਤ ਜਾਂ ਦਰਵੇਸ਼ ਬਾਣੀਕਾਰਾਂ ਬਾਰੇ ਇੰਜ ਨਹੀਂ ਕਿਹਾ ਜਾ ਸਕਦਾ।

ਸਿਧਾਂਤਕ ਪਿਛੋਕੜ ਦੇ ਪੱਖੋਂ ਕੁਝ ਬਾਣੀਕਾਰਾਂ ਨਾਲੋਂ ਅੰਤਰ ਤਾਂ ਬਿਲਕੁਲ ਹੀ ਸਪੱਸ਼ਟ ਹੈ। ਮਿਸਾਲ ਵਜੋਂ ਬਾਬਾ ਫਰੀਦ ਦੀ ਬਾਣੀ ਨੂੰ ਸਾਹਮਣੇ ਰੱਖਿਆ ਜਾ ਸਕਦਾ ਹੈ। ਬਾਬਾ ਫਰਦਿ ਦੀ ਵਿਚਾਰਧਾਰਾ ਤੇ ਬਾਕੀ ਸੰਤ ਕਵੀਆਂ ਦੀ ਵਿਚਾਰਧਾਰਾ ਤਾਂ ਵੱਖਰੀ ਹੈ ਹੀ, ਪਰ ਦੋਹਾਂ ਧਿਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਮਿਲੀ ਹੈ। ਨਤੀਜੇ ਵਜੋਂ ਇਹ ਗੱਲ ਕਹੀ ਜਾ ਸਕਦੀ ਹੈ ਕਿ ਸਿਧਾਂਤਕ ਪਿਛੋਕੜ ਵਲੋਂ ਸੰਤ ਕਵੀ ਵੱਖਰੀ-ਵੱਖਰੀ ਦ੍ਰਿਸ਼ਟੀ ਰਖਦੇ ਸਨ ਅਤੇ ਗੁਰੂ ਸਾਹਿਬਾਨ ਇਸ ਪੱਖੋਂ ਇਨ੍ਹਾਂ ਵੱਖਰੇ-ਵੱਖਰੇ ਧੜਿਆਂ ਵਿਚੋਂ ਕਿਸੇ ਇਕ ਨਾਲ ਵੀ ਬੰਨੇ ਹੋਏ ਨਹੀਂ ਸਨ। ਉਹ ਕਿਸੇ ਵੀ ਸੀਮਾ ਨੂੰ ਤਸਲੀਮ ਕਰਕੇ ਨਹੀਨ ਚਲਦੇ। ਗੁਰੂ ਸਾਹਿਬਾਨ ਤੇ ਖਾਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਥਾਂ ਪਰ ਥਾਂ ਦਾਇਰੇ ਬੰਦੀ ਦੇ ਖਿਲਾਫ ਲਿਖਦੇ ਵੀ ਰਹੇ ਹਨ। ਉਨ੍ਹਾਂ ਨੇ ਤਕਰੀਬਨ ਹਰ ਕਿਸਮ ਦੀ ਧੜੇਬੰਦੀ, ਸੀਮਾ ਅਤੇ ਵਿਚਾਰਕ ਪੱਖੋਂ ਖੋਖਲੇਪਣ ਦਾ ਖੰਡਨ ਕੀਤਾ ਹੈ। ਫਿਰ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਸਭ ਦਰਵੇਸ਼ਾਂ ਨੂੰ ਪਵਿੱਤਰ ਗ੍ਰੰਥ ਵਿਚ ਥਾਂ ਦਿਤੀ ਹੈ। ਇਹ ਠੀਕ ਹੈ ਕਿ ਵੱਖ-ਵੱਖ ਸਿਧਾਂਤਕ ਪਿਛੋਕੜ ਵਾਲੇ ਸੰਤਾਂ ਵਿਚ ਵੀ ਇਕ ਸਾਂਝ ਦੀ ਕਸਵੱਟੀ ਉਨ੍ਹਾਂ ਰੱਖੀ ਹੈ ਤੇ ਉਹ ਸਾਂਝ ਹੈ ਪਵਿੱਤਰ ਭਾਵਨਾ ਉਤੇ ਆਧਾਰਿਤ ਸੁਹਿਰਦ ਅਤੇ ਸ਼ੁੱਧ ਰਾਗਾਤਮਕ ਸਬੰਧ ਦੀ। ਜਿਸ ਸੰਤ ਦੀ ਬਾਣੀ ਨੇ ਇਹ ਸ਼ਰਤ ਪੂਰੀ ਕਰ ਲਈ ਉਸਨੂੰ ਗ੍ਰੰਥ ਵਿਚ ਥਾਂ ਮਿਲ ਗਈ। ਪਰ ਉਨ੍ਹਾਂ ਦੇ ਅਡਰੇ ਸਿਧਾਂਤਕ ਪਿਛੋਕੜ ਨੂੰ ਤਾਂ ਸਵੀਕਾਰ ਹੀ ਕੀਤਾ ਗਿਆ ਹੈ। ਮੰਗ ਤਾਂ ਇਹ ਸੀ ਕਿ ਕਿਸੇ ਕਿਸਮ ਦਾ ਜਿਵੇਂ ਹਉਮੈ ਦਾ, ਦਿਖਾਵੇ ਦਾ, ਪਾਖੰਡ ਦਾ, ਜਾਂ ਛੋਹਲੇਪਨ ਦਾ ਪਾਸਾਰ ਨਾ ਹੋਵੇ ਤੇ ਨਿਰੋਲ ਹਿਰਦੇ ਵਿਚੋਂ ਨਿਕਲੇ ਸ਼ੁੱਧ ਭਾਵਾਂ ਦੀ ਵਹਿੰਦੀ ਪਵਿੱਤਰ ਧਾਰਾ ਹੋਵੇ। ਸਿਧਾਂਤ ਇਕੋ ਹੋਵੇ, ਇਹ ਮੰਗ ਨਹੀਂ ਸੀ। ਇਸ ਕਰਕੇ ਵਿਚਾਰਾਂ ਦੀ ਵਿਭਿੰਨਤਾ ਨੂੰ ਮਨਜ਼ੂਰ ਕੀਤਾ ਤੇ ਸਿਰਫ ਇਤਨਾ ਹੀ ਨਹੀਂ ਬਲਕਿ ਇਨ੍ਹਾਂ ਸਭ ਨੂੰ ਇਕ ਥਾਂ ਲਿਆ ਕੇ, ਇਕ ਸੂਤਰ ਵਿਚ ਬੰਨ੍ਹ ਕੇ ਇਕ ਕੇਂਦਰ ਦੁਆਲੇ ਖੜ੍ਹਾ ਕਰਕੇ ਪੇਸ਼ ਕੀਤਾ। ਵਿਭਿੰਨਤਾ ਨੂੰ ਖਤਮ ਕੀਤੇ ਬਗੈਰ, ਇਸ ਵਿਚਲੀ ਨਿਰੰਤਰਤਾ ਤੇ ਅਖੰਡਤਾ ਨੂੰ ਸਾਹਮਣੇ ਲਿਆਂਦਾ ਤੇ ਇੰਜ ਇਹ ਪਵਿੱਤਰ ਗ੍ਰੰਥ ਉਸ ਸਮੇਂ ਦੀ ਬਹੁਪੱਖੀ ਚੇਤਨਾ ਦਾ ਸਾਂਝਾ ਠਿਕਾਣਾ ਅਤੇ ਪ੍ਰਗਟਾਓ ਬਣਦਾ ਹੈ। ਇਹ ਇਕ ਐਸਾ ਸੁਚੇਤ ਤਜਰਬਾ ਹੈ, ਅਨੇਕਤਾ ਵਿਚੋਂ ਏਕਤਾ ਦੇ ਪ੍ਰਗਟਾਓ ਦਾ (ਅਨੇਕਤਾ ਨੂੰ ਖਤਮ ਕਰਕੇ ਨਹੀਂ, ਸਵੀਕਾਰ ਕਰਕੇ। ਜਿਹੜਾ ਅਜੇ ਤੱਕ ਦੁਹਰਾਇਆ ਨਹੀਂ ਗਿਆ, ਨਾ ਇਸ ਦੀ ਸੰਪਾਦਨਾ ਤੋਂ ਪਹਿਲੇ ਤੇ ਨਾ ਹੀ ਇਸ ਤੋਂ ਬਾਅਦ ਵਿਚ।

ਵੱਖ-ਵੱਖ ਸੰਤਾਂ ਜਾਂ ਬਾਣੀਕਾਰਾਂ ਵਿਚ ਅੱਡਰਾਪਨ ਸਿਰਫ ਸਿਧਾਂਤਕ ਪਿਛੋਕੜ ਦਾ ਹੀ ਨਹੀਂ ਸੀ। ਬਲਕਿ ਬਹੁਤ ਸਾਰੇ ਹੋਰ ਪਹਿਲੂ ਵੀ ਉਨ੍ਹਾਂ ਨੂੰ ਇਕ ਦੂਜੇ ਤੋਂ ਵੱਖਰਾ ਕਰਦੇ ਸਨ। ਮਿਸਾਲ ਵਜੋਂ ਇਹ ਸਿੱਧ ਕਰਨਾ ਔਖਾ ਨਹੀਂ ਕਿ ਉਨ੍ਹਾਂ ਦੇ ਇਲਾਕਿਆਂ ਵਿਚ, ਪਰਸਪਰ ਬਰਾਦਰੀ ਵਿਚ, ਵੇਸ ਭੂਸ਼ਾ ਵਿਚ, ਗੱਲ ਕੀ ਸਮੁੱਚੇ ਸਦਾਚਾਰਕ ਪਿਛੋਕੜ ਵਿਚ ਅੰਤਰ ਹੈ। ਉਹ ਇਕੋ

ਸਾਂਸਕ੍ਰਿਤਕ ਪਿਛੋਕੜ ਦੀ ਪੈਦਾਵਾਰ ਨਹੀਂ ਸਨ। ਉਨ੍ਹਾਂ ਦੀ ਜ਼ਾਹਿਰੀ ਤੇ ਬਾਤਨੀ ਜ਼ਿੰਦਗੀ ਵਿਚ ਇਕ ਦੂਜੇ ਲਈ, ਇਕ ਸਾਂਝਾ ਮੰਚ ਪ੍ਰਦਾਨ ਕਰਨ ਲਈ ਅਤੇ ਸਾਰੇ ਵਖਰੇਵਿਆਂ ਨੂੰ ਇਕੱਠਾ ਕਰਕੇ ਸਦਾਚਾਰਕ ਬਦਲ ਪੇਸ਼ ਕਰਨ ਲਈ, ਉਨ੍ਹਾਂ ਸਭ ਨੂੰ ਗ੍ਰੰਥ ਸਾਹਿਬ ਵਿਚ ਪ੍ਰਤਿਨਿਧਤਾ ਦਿਤੀ। ਇੰਜ ਉਨ੍ਹਾਂ ਨੇ ਬਾਣੀਕਾਰਾਂ ਦੀ ਅਰਥਾਤ ਲੋਕਾਂ ਦੀ ਵਰਗਾਂ ਤੇ ਵਰਣਾਂ ਵਿਚ ਵੰਡੀ ਸਮਾਜਿਕ ਵਿਵਸਥਾ ਨੂੰ ਇਕ ਵਰਗ ਜਾਂ ਵਰਣ ਵਿਚ ਤਬਦੀਲ ਕਰਨ ਲਈ ਇਕ ਸੰਸਥਾ ਸਾਹਮਣੇ ਲਿਆਂਦੀ।

ਇੰਜ ਗ੍ਰੰਥ ਦੀ ਸੰਕਲਪਨਾ ਤੇ ਸੰਪਾਦਨਾ ਵਰਗਾਂ ਤੇ ਵੰਡਾਂ ਨੂੰ ਖ਼ਤਮ ਕਰਕੇ ਇਕ ਸਮਾਨਭਾਵੀ ਸਮਾਜ ਦੇ ਨਿਰਮਾਣ ਲਈ ਯਤਨ ਹੈ। ਉਸ ਵੇਲੇ ਦੀ ਵਿਵਸਥਾ ਵਿਚ ਇਸ ਤਰ੍ਹਾਂ ਕਰਨਾ ਅਜੀਬ ਵੀ ਸੀ ਤੇ ਔਖਾ ਵੀ। ਲਗਦਾ ਇਸ ਤਰ੍ਹਾਂ ਹੈ ਕਿ ਵੰਡੀਆਂ ਪਾ ਕੇ ਤੇ ਫਿਰ ਵੰਡੀਆਂ ਉਤੇ ਪੱਕੇ ਹੋ ਕੇ ਰਹਿਣਾ, ਮਨੁੱਖ ਦੀ ਸੁਭਾਵਿਕ ਅਤੇ ਲਾ-ਇਲਾਜ ਬਿਮਾਰੀ ਹੈ। ਵੇਲੇ ਦੇ ਆਗੂ ਇਸ ਵਿਵਸਥਾ ਤੋਂ ਲਾਭ ਉਠਾ ਕੇ ਇਨ੍ਹਾਂ ਵੰਡਾਂ ਰਾਹੀਂ ਹੀ ਸਮਾਜ ਉਤੇ ਆਪਣੀ ਪਕੜ ਕਾਇਮ ਰੱਖਣਾ ਚਾਹੁੰਦੇ ਸਨ। ਮੁਸੀਬਤ ਇਹ ਹੈ ਕਿ ਪ੍ਰਬੰਧ ਦਾ ਜਿਹੜਾ ਬੰਦਾ ਸ਼ਿਕਾਰ ਹੁੰਦਾ ਹੈ, ਉਸ ਨੂੰ ਵੀ ਅਜਿਹੀ ਮਨੋ-ਅਵਸਥਾ ਵਿਚ ਰੱਖਿਆ ਜਾਂਦਾ ਹੈ ਕਿ ਉਹ ਵੀ ਇਨ੍ਹਾਂ ਵੰਡਾਂ ਵਿਚੋਂ ਬਾਹਰ ਨਿਕਲਣ ਲਈ ਤਿਆਰ ਨਹੀਂ ਹੁੰਦਾ। ਪਕੜ ਵਾਲਿਆਂ ਨੇ ਤਾਂ ਇਸ ਸਥਿਤੀ ਦੇ ਸਹਾਇਕ ਬਣਨਾ ਹੀ ਹੁੰਦਾ ਹੈ, ਪਕੜੇ ਹੋਏ ਵੀ ਇਸ ਵਿਚ ਮਿਚ ਜਾਂਦੇ ਹਨ ਤੇ ਇਸ ਦਾ ਇਕ ਅੰਗ ਬਣ ਕੇ ਇਸ ਨੂੰ ਅਟੁੱਟ ਰੱਖਣ ਵਿਚ ਯਤਨਸ਼ੀਲ ਹੁੰਦੇ ਹਨ। ਇਹ ਹੈ ਬਹੁਤ ਵਿਚਿਤਰ, ਪਰ ਸਮਝੌਤੇ ਵਸ, ਲਾਲਚ ਵਸ ਜਾਂ ਡਰ ਵਸ ਹੋਇਆ ਇੰਝ ਹੀ ਹੈ। ਅਜੇਹੀ ਹਾਲਤ ਵਿਚ ਇਸ ਜਕੜ ਨੂੰ ਤੋੜਨ ਬਾਰੇ ਸੋਚਣਾ ਵਿਊ-ਚੱਕਰ ਨੂੰ ਤੋੜਨ ਨਾਲੋਂ ਵੀ ਔਖਾ ਕੰਮ ਹੈ। ਗੁਰੂ ਸਾਹਿਬ ਵਲੋਂ ਇਸ ਦਾ ਵਿਰੋਧ ਹਰ ਪੱਧਰ ਤੇ ਹੋਣਾ ਕੁਦਰਤੀ ਸੀ। ਇਸ ਦਾ ਵਿਰੋਧ ਹੋਇਆ। ਮੈਨੂੰ ਤਾਂ ਇੰਜ ਲਗਦਾ ਹੈ ਕਿ ਸਿੱਖ ਪੰਥ ਦੀਆਂ 500 ਸਾਲਾਂ ਵਿਚਲੀਆਂ ਬਹੁਤ ਸਾਰੀਆਂ ਮੁਸੀਬਤਾਂ ਗੁਰੂ ਸਾਹਿਬਾਨ ਦੀ ਇਸ ਦਲਿਤ ਨੂੰ ਆਪਣੇ ਅੰਗ ਸੰਗ ਮੰਨਣ ਦੀ ਵਚਨ-ਬੱਧਤਾ ਵਿਚੋਂ ਨਿਕਲੀਆਂ ਹਨ। ਪੰਥ ਲਈ ਇਹ ਪ੍ਰਣ ਸ਼ਕਤੀ ਦਾ ਸੋਮਾ ਵੀ ਹੈ, ਪਰ ਪੰਥ ਨੂੰ ਅੱਜ ਤਕ ਇਸ ਵਚਨ ਬੱਧਤਾ ਦੀ ਕੀਮਤ ਵੀ ਅਦਾ ਕਰਨੀ ਪਈ ਹੈ ਤੇ ਕਰਨੀ ਪੈ ਰਹੀ ਹੈ।

ਗੁਰੂ ਸਾਹਿਬਾਨ ਇਸ ਵਰਗਾਂ, ਵਰਣਾਂ ਤੇ ਜਾਤਾਂ, ਬਰਾਦਰੀਆਂ ਵਿਚ ਵੰਡੇ ਹੋਏ ਮਨੁੱਖ ਨੂੰ ਉਸ ਦੀ ਅਸਲੀਅਤ ਤੋਂ ਜਾਣੂ ਕਰਾ ਕੇ, ਇਸ ਅਸਲੀਅਤ ਨਾਲ ਮਨੁੱਖ ਨੂੰ ਜੋੜਨ ਲਈ ਕਰਮ ਕਰਦੇ, ਬਾਣੀ ਰਚਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਕਲਪਨਾ ਤੇ ਸੰਪਾਦਨਾ ਕਰਦੇ ਹਨ। ਇਸ ਦਾ ਮੁਖ ਉਦੇਸ਼ ਮਨੁੱਖ ਨੂੰ ਇਹ ਸਮਝਾਉਣਾ ਹੈ ਕਿ ਉਹ ਹਰ ਪੱਖੋਂ ਇਕੋ ਹੀ ਹੈ। ਆਤਮਾ ਤੱਤ ਦੇ ਪੱਖੋਂ, ਪੰਜਾਂ ਤੱਤਾਂ ਦੇ ਪੱਖੋਂ, ਬੁਨਿਆਦੀ ਬਿਰਤੀਆਂ ਦੇ ਪੱਖੋਂ ਤੇ ਬੁਨਿਆਦੀ ਲੋੜਾਂ ਦੇ ਪੱਖੋਂ। ਇਹ ਵਰਗ-ਵੰਡ ਸਿਰਫ ਫਜ਼ੂਲ ਦੀ ਨਹੀਂ ਬਲਕਿ ਮਨੁੱਖਤਾ ਲਈ ਘਾਤਕ ਵੀ ਹੈ। ਇਹ ਇਤਿਹਾਸ ਵਿਰੋਧੀ ਕਰਮ ਹੈ ਤੇ ਇਸੇ ਕਰਕੇ ਹਿੰਦੋਸਤਾਨੀ ਸਮਾਜ ਕੋਲ ਕੋਈ ਅਜਿਹਾ ਕੇਂਦਰ-ਬਿੰਦੂ ਨਹੀਂ, ਜਿਸ ਦੁਆਲੇ ਸਾਰੇ ਲੋਕ, ਆਪਣੇ ਮੌਲਿਕ ਰੂਪ ਵਿਚ, ਇਕੱਠੇ ਹੋ ਕੇ ਇਕ ਦੂਜੇ ਨੂੰ ਪਛਾਣਦੇ ਹੋਏ, ਇਕੋ ਵਰਗ ਦੇ ਹਿੱਸੇਦਾਰ ਬਣ ਕੇ ਖੜ੍ਹ ਸਕਣ। ਇੰਜ ਮਨੁੱਖ ਦਾ ਅਸਲੇ ਨਾਲ ਜੁੜ ਕੇ ਰਹਿਣਾ ਨਿਰੀ ਤਾਕਤ ਹੈ ਤੇ ਅਸਲੇ ਤੋਂ ਟੁੱਟਦੇ ਰਹਿਣਾ ਹਰ ਪੱਖੋਂ ਨਿਰੀ ਕਮਜ਼ੋਰੀ। ਇਸ ਬੁਨਿਆਦੀ ਸੱਚ ਨੂੰ ਸ਼ਕਲ ਦੇਣ ਲਈ ਜਾਂ ਸਨਮੁਖ ਕਰਨ ਲਈ ਗੁਰੂ ਸਾਹਿਬ ਨੇ ਇਕ ਕਦਮ ਚੁਕਿਆ। ਸਾਰੀ ਦੁਨੀਆਂ ਲਈ ਇਸ ਗ੍ਰੰਥ ਦਾ ਮੁੱਲ ਇਸ ਕਰਕੇ ਹੈ ਕਿ ਕਿਸੇ ਨਾ ਕਿਸੇ ਆਧਾਰ ਤੇ ਸਾਰੀ ਮਨੁੱਖਤਾ ਬੁਰੀ ਤਰ੍ਹਾਂ ਵੰਡੀ ਹੋਈ ਹੈ। ਇਹ ਸਮਾਜਕ ਵਿਵਸਥਾ ਗੁਰੂ ਸਾਹਿਬ ਦੇ ਸਿਧਾਂਤ ਦੇ ਅਨੁਕੂਲ ਨਹੀਂ। ਇਸ ਪ੍ਰਤਿਕੂਲ ਨੂੰ ਅਨੁਕੂਲ ਵਿਚ ਤਬਦੀਲ ਕਰਨ ਲਈ ਅਰਥਾਤ ਇਕ ਨਵੇਂ ਵੰਡ ਰਹਿਤ ਸਮਾਜ ਦੇ ਸਿਰਜਨਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਕਲਪਿਆ ਗਿਆ ਤੇ ਸੰਪਾਦਿਤ ਕੀਤਾ ਗਿਆ ਹੈ। ਇੰਜ ਇਹ ਵਿਚਾਰਾਂ ਨੂੰ, ਜੋ ਸੂਖਮ ਹਨ, ਸਾਰਥਕ ਸ਼ਕਲ ਦੇਣ ਹਿਤ ਇਕ ਵਿਲੱਖਣ ਯਤਨ ਹੈ।

ਉਪਰ ਜਦੋਂ ਇਹ ਕਿਹਾ ਗਿਆ ਹੈ ਕਿ ਇਹ ਗ੍ਰੰਥ ਸਾਰੀ ਦੁਨੀਆਂ ਲਈ ਮਹੱਤਵਪੂਰਨ ਹੈ ਤਾਂ ਇਸ ਵਿਚਾਰ ਦਾ ਇਕ ਪਹਿਲੂ ਤਾਂ ਇਹ ਹੈ ਕਿ ਦੁਨੀਆਂ ਸਾਰੀ ਹੀ ਕਿਸੇ ਨਾ ਕਿਸੇ ਰੂਪ ਵਿਚ ਇਸ ਵੰਡ ਦਾ ਸ਼ਿਕਾਰ ਹੈ। ਇਕ ਹੋਰ ਪਹਿਲੂ ਇਹ ਵੀ ਹੈ ਕਿ ਗੁਰਬਾਣੀ ਵਿਚ ਜਿਸ ਜਾਤ ਪਾਤ, ਨੀਚ ਊਚ ਜਾਂ ਵਰਗ ਵੰਡ ਦਾ ਜ਼ਿਕਰ ਆਇਆ ਹੈ, ਉਹ ਕਿਸੇ ਇਲਾਕੇ ਜਾਂ ਖਿਤੇ ਦੇ ਲੋਕਾਂ ਨਾਲ ਹੀ ਸਬੰਧਿਤ ਨਹੀਂ ਹੈ। ਇਹ ਗੱਲ ਵੱਖਰੀ ਹੈ ਕਿ ਕਿਉਂ ਕਿ ਗੁਰੂ ਸਾਹਿਬ ਇਥੋਂ ਦੇ ਰਹਿਣ ਵਾਲੇ ਸਨ ਤੇ ਇਥੋਂ ਦੀ ਸਮਾਜਕ ਵਿਵਸਥਾ ਦੇ ਕੁਛ ਪਹਿਲੂ ਮੁਖ ਰੂਪ ਵਿਚ ਬਿਆਨੇ ਗਏ ਹਨ। ਪਰ ਇਹ ਸਾਰਾ ਬਿਆਨ ਇਸ ਤਰ੍ਹਾਂ ਹੋਇਆ ਹੈ ਕਿ ਇਸ ਨੂੰ ਕਿਸੇ ਦੇਸ਼ ਕਾਲ ਦੀ ਸੀਮਾ ਵਿਚ ਨਹੀਂ ਬੰਨਿਹਆ ਜਾ ਸਕਦਾ। ਉਦਾਹਰਣ ਵਜੋਂ -

*ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥*
*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥*

*ਅੰਗ - ੧੩੩੦*

*ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥*
*ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥*

*ਅੰਗ - ੩੫੮*

*'ਚਲਦਾ................।''*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-44)*

**ਸਿਰੀਰਾਗੁ ਮਹਲਾ ੧ ॥**

**ਚਿਤੇ ਦਿਸਹਿ ਧਉਲਹਰ**
**ਬਗੇ ਬੰਕ ਦੁਆਰ ॥**

ਹੇ ਭਾਈ! ਜੋ ਚਿਤੇ=ਚਿੱਤਰਕਾਰੀ ਕੀਤੇ ਹੋਏ ਧਉਲਹਾਰ=ਰਾਜ ਮੰਦਰ (ਚੂਨੇ ਗਚ ਪੱਕੇ ਮਕਾਨ) ਦਿਸਹਿ=ਦਿਸਦੇ ਹਨ, ਅਤੇ ਜਿਨ੍ਹਾਂ ਦੇ ਬਗੇ=ਸਫੈਦ (ਚਿੱਟੇ) ਬੰਕ=ਸੁੰਦਰ ਕਲਬੂਤੀ, ਦੁਆਰ=ਦਰਵਾਜ਼ੇ ਹਨ ਭਾਵ ਜਿਨ੍ਹਾਂ ਦੇ ਸੁੰਦਰ ਦਰਵਾਜ਼ੇ ਤੇ ਚੂਨੇ ਦੇ ਥਾਂ ਸੰਗਮਰਮਰ ਦਾ ਚਿੱਟਾ ਚੂਨਾ ਲਾਇਆ ਹੋਵੇ।

**ਕਰਿ ਮਨ ਖੁਸੀ ਉਸਾਰਿਆ**
**ਦੂਜੈ ਹੇਤਿ ਪਿਆਰਿ ॥**

ਜਿਨ੍ਹਾਂ ਨੇ ਮਨ ਦੀਆਂ ਖੁਸ਼ੀਆਂ ਕਰਿ=ਕਰਕੇ ਇਹੋ ਜਿਹੇ ਮਕਾਨਾਂ ਨੂੰ ਉਸਾਰਿਆ=ਉਸਾਰ ਲਿਆ ਹੈ, ਉਨ੍ਹਾਂ ਦਾ ਦੂਜੈ=ਦਵੈਤ ਭਾਵ ਵਿਚ, ਹੇਤਿ=ਪ੍ਰੇਮ ਤੇ ਪਦਾਰਥਾਂ ਨਾਲ ਪਿਆਰ ਹੈ ਵਾ: ਇਹ ਸਾਡੇ ਦੂਜੈ=ਦਵੈਤ ਨਾਲ ਪਿਆਰ ਪਾਉਣ ਦਾ ਹੀ ਹੇਤਿ=ਕਾਰਨ ਹਨ।

**ਅੰਦਰੁ ਖਾਲੀ ਪ੍ਰੇਮ ਬਿਨੁ**
**ਢਹਿ ਢੇਰੀ ਤਨੁ ਛਾਰੁ ॥ ੧ ॥**

ਜੇਕਰ ਉਹ ਮੰਦਰ ਅੰਦਰੋਂ ਪ੍ਰੇਮੀਆਂ ਵਾ: ਪ੍ਰੇਮਾ-ਭਗਤੀ ਕਰਨ ਵਾਲੇ ਗੁਰਮੁਖਾਂ ਦੇ ਰਹਿਣ ਤੋਂ ਬਿਨੁ=ਬਗ਼ੈਰ ਖਾਲੀ ਹਨ ਭਾਵ ਗੁਰਮੁਖ ਜਨਾਂ ਦਾ ਨਿਵਾਸ ਨਹੀਂ ਹੈ ਤਾਂ ਉਹ ਮਕਾਨ ਤੇ ਉਨ੍ਹਾਂ ਵਿਚ ਵਸਣ ਵਾਲੇ ਤਨੁ=ਸਰੀਰ ਢਹਿ ਕੇ ਛਾਰੁ=ਸੁਆਹ ਦੀ ਢੇਰੀ ਹੋ ਜਾਣਗੇ।

**ਭਾਈ ਰੇ ਤਨੁ ਧਨੁ ਸਾਥਿ ਨ ਹੋਇ ॥**

ਹੇ ਭਾਈ! ਤਨੁ=ਅਸਥੂਲ ਸਰੀਰ ਧਨੁ=ਮਾਇਆ ਵਾ: ਤਨੁ=ਪੁੱਤਰ ਅਤੇ ਮਾਇਆ ਅੰਤ ਨੂੰ ਤੇਰੇ ਸਾਥਿ=ਸਾਥੀ ਨਹੀਂ ਹੋਇ=ਹੋਣਗੇ।

**ਰਾਮ ਨਾਮੁ ਧਨੁ ਨਿਰਮਲੋ**
**ਗੁਰੁ ਦਾਤਿ ਕਰੇ ਪ੍ਰਭੁ ਸੋਇ ॥ ੧ ॥ ਰਹਾਉ॥**

ਕੇਵਲ ਰਾਮ=ਪਰਮੇਸ਼ਰ ਦਾ ਨਾਮ ਰੂਪੀ ਨਿਰਮਲ ਧਨ ਹੀ ਪ੍ਰਲੋਕ ਵਿਚ ਸਾਥ ਜਾਣ ਵਾਲਾ ਹੈ ਵਾ: ਪਰਮੇਸ਼ਰ ਦਾ ਨਾਮ ਰੂਪੀ ਧਨ ਹੀ ਹਿਰਦੇ ਵਿਚੋਂ ਅਸੱਤ ਜੜ੍ਹ ਦੁਖ ਰੂਪ ਮਾਇਆ ਦੀ ਮੈਲ ਨੂੰ ਧੋ ਕੇ ਨਿਰਮਲੋ=ਸ਼ੁੱਧ ਕਰਨ ਵਾਲਾ ਹੈ ਪਰੰਤੂ ਇਹ ਨਾਮ ਤਾਂ ਪ੍ਰਾਪਤ ਹੁੰਦਾ ਹੈ ਜੇਕਰ ਸੋਇ=ਉਹ ਪ੍ਰਭੁ=ਪਰਮੇਸ਼ਰ ਆਪ ਗੁਰੂ ਰੂਪ ਹੋ ਕੇ ਨਾਮ ਦੀ ਦਾਤ ਦੇਣੀ ਕਰੇ ਵਾ: ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਬਖਸ਼ਿਸ਼ ਕਰ ਕੇ ਨਾਮ ਦੀ ਦਾਤ ਦਿੰਦੇ ਹਨ, ਉਨ੍ਹਾਂ ਨੂੰ ਪਰਮੇਸ਼ਰ ਦੀ ਸੋਇ=ਸ਼ੋਭਾ ਕਰਨੀ ਪ੍ਰਾਪਤ ਹੁੰਦੀ ਹੈ।

**ਰਾਮ ਨਾਮੁ ਧਨੁ ਨਿਰਮਲੋ**
**ਜੇ ਦੇਵੈ ਦੇਵਣਹਾਰੁ॥**

ਹੇ ਭਾਈ! ਰਾਮ-ਪਰਮੇਸ਼ਰ ਦਾ ਨਾਮ ਹੀ ਅਸਲੀ ਧਨ ਹੈ ਜੋ ਮਨ ਨੂੰ ਨਿਰਮਲੋ=ਸ਼ੁੱਧ ਕਰਨ ਵਾਲਾ ਹੈ, ਪਰ ਜੇ=ਜੇਕਰ ਦੇਵਣਹਾਰ ਪ੍ਰਭੂ ਕਿਸੇ ਨੂੰ ਗੁਰੂ ਸਰੂਪ ਹੋ ਕੇ ਨਾਮ ਦੀ ਦਾਤ ਦੇ ਦੇਵੇ।

**ਆਗੈ ਪੂਛ ਨ ਹੋਵਈ**
**ਜਿਸੁ ਬੇਲੀ ਗੁਰੁ ਕਰਤਾਰੁ॥**

ਉਹਨਾਂ ਤੋਂ ਆਗੈ=ਅੱਗੇ ਪ੍ਰਲੋਕ ਵਿਚ ਲ਼ੇਖੇ ਜੋਖੇ ਦੀ ਪੂਛ=ਪੁੱਛ-ਗਿੱਛ ਨਹੀਂ ਹੋਵਈ=ਹੋਵੇਗੀ, ਜਿਨ੍ਹਾਂ ਦਾ ਬੇਲੀ=ਮਿੱਤਰ, ਸਹਾਇਕ ਗੁਰੂ ਅਕਾਲ ਪੁਰਖ ਕਰਤਾ ਪੁਰਖ ਆਪ ਹੈ।

**ਆਪਿ ਛਡਾਏ ਛੁਟੀਐ**
**ਆਪੇ ਬਖਸਣਹਾਰੁ ॥ ੨ ॥**

ਜੇਕਰ ਉਹ ਪਰਮੇਸ਼ਰ ਆਪ ਬੰਧਨਾਂ ਵਾ: ਦੁੱਖਾਂ ਤੋਂ ਛਡਾਏ=ਛੁਡਾਉਣਾ ਕਰੇ, ਤਦੋਂ ਹੀ ਛੁਟੀਐ=ਛੁਟੀਦਾ ਹੈ, ਪ੍ਰਮੇਸ਼ਰ ਆਪੇ=ਆਪ ਹੀ ਗੁਰਾਂ ਦੀ ਸ਼ਰਨ ਵਿਚ ਪਾ ਕੇ ਗੁਨਾਹਾਂ ਨੂੰ ਬਖਸ਼ ਕੇ ਗੁਣਾਂ ਨੂੰ ਬਖਸ਼ਣਹਾਰੁ=ਬਖਸ਼ਣੇ ਵਾਲਾ ਹੈ ਵਾ: ਆਪ ਹੀ ਗੁਰਾਂ ਦੁਆਰਾ ਨਾਮ ਦੀ ਦਾਤ ਬਖਸ਼ਣੇ ਵਾਲਾ ਹੈ।

**ਮਨਮੁਖੁ ਜਾਣੈ ਆਪਣੇ**
**ਧੀਆ ਪੂਤ ਸੰਜੋਗੁ ॥**

ਜੋ ਕਰਮਾਂ ਅਨੁਸਾਰ ਧੀਆਂ=ਬੇਟੀਆਂ ਤੇ ਪੂਤ=ਪੁੱਤਰਾਂ ਦਾ ਸੰਜੋਗੁ=ਮਿਲਾਪ ਹੋਇਆ ਹੈ, ਇਨ੍ਹਾਂ ਨੂੰ ਮਨਮੁਖ ਪੁਰਖ ਆਪਣੇ ਜਾਣੈ=ਸਮਝੀ ਬੈਠਾ ਹੈ ਵਾ: ਤ੍ਰਿਸ਼ਨਾ ਰੂਪੀ ਧੀ, ਲੋਭ ਰੂਪੀ ਪੁੱਤਰ ਦਾ ਸੰਯੋਗੀ ਹੋ ਰਿਹਾ ਹੈ।

**ਨਾਰੀ ਦੇਖਿ ਵਿਗਾਸੀਅਹਿ**

## ਨਾਲੇ ਹਰਖੁ ਸੁ ਸੋਗੁ ॥

ਇਸਤਰੀ ਨੂੰ ਦੇਖ-ਦੇਖ ਕੇ ਖੁਸ਼ ਹੋ ਰਿਹਾ ਹੈ ਕਿਉਂਕਿ ਵਿਸ਼ੇ-ਵਾਸ਼ਨਾ ਹੈ। ਗੰਦੀ ਵਾਸ਼ਨਾ ਦੀ ਪੂਰਤੀ ਲਈ ਜਦੋਂ ਇਹ ਇਸਤਰੀ ਸਾਹਮਣੇ ਹੁੰਦੀ ਹੈ ਤਾਂ ਅੰਦਰ ਖੁਸ਼ੀ ਮਹਿਸੂਸ ਕਰਦਾ ਹੈ। ਇਹ ਵਿਗਾਸੀਅਹਿ=ਖੁਸ਼ੀ ਜੋ ਹੈ ਇਸ ਦੇ ਨਾਲੇ=ਨਾਲ ਹੀ ਸੋਗ=ਗ਼ਮ ਭੀ ਹੈ। ਸੁ=ਉਨਹਾਂ ਕਾਮੀ ਪੁਰਸ਼ਾਂ ਨੂੰ ਕਦੀ ਖੁਸ਼ੀ, ਕਦੀ ਗ਼ਮੀ ਬਣੀ ਹੀ ਰਹਿੰਦੀ ਹੈ। ਬੱਚਾ ਜੰਮਿਆ ਵਧਾਈਆਂ, ਮਰ ਗਿਆ ਤਾਂ ਮਕਾਣਾਂ, ਐਸਾ ਹੁੰਦਾ ਰਹਿੰਦਾ ਹੈ ਵਾ: ਮਾਇਆ ਰੂਪ ਨਾਰੀ=ਇਸਤਰੀ ਹੈ। ਮਾਇਆ ਨੂੰ ਦੇਖ ਕੇ ਖੁਸ਼ ਹੁੰਦਾ ਹੈ। ਜੇ ਮਿਲੇ ਤਾਂ ਖੁਸ਼ੀ, ਨਾ ਮਿਲੇ ਤਾਂ ਸੋਗੁ=ਗ਼ਮ ਵਿਚ ਡੁੱਬ ਜਾਂਦਾ ਹੈ

## ਗੁਰਮੁਖਿ ਸਬਦਿ ਰੰਗਾਵਲੇ
## ਅਹਿਨਿਸਿ ਹਰਿ ਰਸੁ ਭੋਗੁ ॥ ੩ ॥

ਪਰੰਤੂ ਗੁਰਮੁਖਾਂ ਦਾ ਅਸਲੀ ਮਨੋਰਥ ਇਹ ਹੈ ਕਿ ਗੁਰੂ ਦੇ ਸਬਦਿ=ਉਪਦੇਸ਼ ਵਿਚ ਲੱਗ ਕੇ ਆਪਣੇ ਮਨ ਨੂੰ ਨਾਮ ਦੇ ਰੰਗ ਵਿਚ ਰੰਗ ਲਿਆ ਹੈ। ਇਸ ਲਈ ਰੰਗਾਵਲੇ=ਅਨੰਦਿਤ ਹੋ ਰਹੇ ਹਨ। ਅਹਿਨਿਸ=ਦਿਨ ਰਾਤ ਹਰੀ ਪਰਮੇਸ਼ਰ ਦੇ ਪ੍ਰੇਮ ਰਸ ਨੂੰ ਵਾ: ਆਤਮਾ ਅਨੰਦ ਨੂੰ ਭੋਗੁ=ਮਾਣਦੇ ਹਨ।

## ਚਿਤੁ ਚਲੈ ਵਿਤੁ ਜਾਵਣੋ
## ਸਾਕਤ ਡੋਲਿ ਡੋਲਾਇ ॥

ਹੇ ਜੀਵ! ਜਿਸ ਵਿਤੁ=ਧਨ ਵਿਚ ਤੇਰਾ ਚਿਤ ਲੱਗਿਆ ਹੋਇਆ ਹੈ, ਇਹ ਧਨ ਜਾਵਣੋ=ਚਲੇ ਜਾਣ ਵਾਲਾ ਹੈ। ਚੇਤਨ ਮਾਇਆ ਇਸਤਰੀ ਪੁੱਤਰ ਆਦਿ ਵੀ ਚਲੈ=ਚਲੇ ਜਾਣਗੇ ਵਾ: ਵਿਤੁ=ਧਨ ਜੋ ਜੜ੍ਹ ਰੂਪ ਹੈ, ਉਹ ਵੀ ਜਾਵਣੋ=ਚਲੇ ਜਾਣ ਵਾਲਾ ਹੈ। ਸਾਕਤ=ਬੇਮੁੱਖ ਪੁਰਸ਼ ਇਸ ਧਨ ਨਾਲ ਪ੍ਰੀਤ ਕਰਕੇ ਮਨ ਨੂੰ ਡੋਲਾਇ=ਡੁਲਾਉਂਦਾ ਹੈ। ਜਿਵੇਂ ਡੋਲਿ=ਚੰਡੋਲ ਚਾਰ ਚੁਫੇਰੇ ਚੱਕਰ ਕੱਟਦਾ ਹੈ, ਇਸੇ ਪ੍ਰਕਾਰ ਚੰਡੋਲ ਦੀ ਨਿਆਈਂ ਸਾਕਤ ਪੁਰਸ਼ ਚਾਰ ਚੁਫੇਰੇ ਪਦਾਰਥਾਂ ਵਿਚ ਚਿੱਤ ਨੂੰ ਡੁਲਾ ਰਿਹਾ ਹੈ।

## ਬਾਹਰਿ ਢੂੰਢਿ ਵਿਗੁਚੀਐ
## ਘਰ ਮਹਿ ਵਸਤੁ ਸੁਥਾਇ ॥

ਸੁੱਖ ਨੂੰ ਬਾਹਰੋਂ ਢੂੰਡਿਆਂ ਖੁਆਰ ਹੋਈਦਾ ਹੈ। ਸੁੱਖਾਂ ਦਾ ਮੂਲ ਪ੍ਰਮਾਤਮਾ ਦਾ ਨਾਮ ਧਨ ਘਰ ਵਿਚ ਹੀ ਹੈ ਭਾਵ ਹਿਰਦੇ ਵਿਚ ਹੀ ਹੈ। ਹੇ ਜੀਵ! ਤੇਰੇ ਘਰਿ=ਅੰਤਹਕਰਨ ਮਹਿ=ਵਿਚ ਆਤਮਾ ਰੂਪ ਕੀਮਤੀ ਵਸਤੂ ਹੈ। ਉਸ ਨੂੰ ਸਾਧ ਸੰਗਤ ਰੂਪੀ ਸੁਥਾਇ=ਸ੍ਰੇਸ਼ਟ ਥਾਂ ਵਿਚੋਂ ਪ੍ਰਾਪਤ ਕਰ।

## ਮਨਮੁਖਿ ਹਉਮੈ ਕਰਿ ਮੁਸੀ
## ਗੁਰਮੁਖਿ ਪਲੈ ਪਾਇ ॥ ੪ ॥

ਜਿਹੜੀ ਮਨਮੁੱਖਾਂ ਦੀ ਸ੍ਰਿਸ਼ਟੀ ਵਾ: ਬਿਰਤੀ ਹੈ, ਇਹ ਹਉਮੈ=ਹੰਗਤਾ ਕਰਿ=ਕਰਕੇ ਮੁਸੀ=ਲੁੱਟੀ ਗਈ ਹੈ। ਗੁਰਮੁਖਾਂ ਦੇ ਹਿਰਦੇ ਰੂਪੀ ਪਲੈ=ਝੋਲੀ ਵਿਚ ਪਰਮੇਸ਼ਰ ਦਾ ਨਾਮ ਪਾਇ=ਪਾਇਆ ਹੋਇਆ ਹੈ।

## ਸਾਕਤ ਨਿਰਗੁਣਿਆਰਿਆ
## ਆਪਣਾ ਮੂਲੁ ਪਛਾਣੁ ॥

ਹੇ ਨਿਰਗੁਣਿਆਰਿਆ=ਗੁਣਾਂ ਤੋਂ ਰਹਿਤ, ਸਾਕਤ=ਸ਼ਕਤੀ ਦੇ ਉਪਾਸ਼ਕ ਜੀਵ! ਤੂੰ ਆਪਣੇ ਮੂਲੁ=ਮੁੱਢ ਆਤਮਾ ਸਰੂਪ ਨੂੰ ਪਛਾਣੁ=ਪਛਾਨਣਾ ਕਰ ਜਿਸ ਸਰੀਰ ਦਾ ਤੂੰ ਹੰਕਾਰ ਕਰਦਾ ਹੈਂ।

## ਰਕਤੁ ਬਿੰਦੁ ਕਾ ਇਹੁ ਤਨੋ
## ਅਗਨੀ ਪਾਸਿ ਪਿਰਾਣੁ ॥

ਹੇ ਜੀਵ! ਜੋ ਇਹ ਤਨੋ=ਸਰੀਰ ਹੈ ਜਿਸ ਨੂੰ ਤੂੰ ਆਪਣਾ ਮੰਨੀ ਬੈਠਾ ਹੈਂ, ਇਹ ਮਾਤਾ ਦੇ ਰਕਤ=ਖ਼ੂਨ ਅਤੇ ਪਿਤਾ ਦੀ ਬਿੰਦ ਤੋਂ ਪੈਦਾ ਹੋਇਆ ਹੈ। ਇਹੁ=ਇਹ ਤਨੋ=ਸਰੀਰ ਮਾਤਾ ਦੇ ਰਕਤ=ਲਹੂ ਤੇ ਪਿਤਾ ਦੇ ਬਿੰਦੁ=ਵੀਰਜ ਕਾ=ਦਾ ਬਣਿਆ ਹੋਇਆ ਹੈ, ਇਸ ਨੂੰ ਅਗਨੀ=ਅੱਗ ਦੇ ਪਾਸਿ=ਕੋਲ ਹੀ ਪਿਰਾਣੁ=ਪਛਾਨਣਾ ਕਰ ਭਾਵ ਇਸੇ ਸਰੀਰ ਨੂੰ ਮਾਤਾ ਦੀ ਜਠਰ ਅਗਨੀ ਦੇ ਪਾਸ ਰੱਖ ਕੇ ਪਕਾਉਣਾ ਕੀਤਾ ਹੈ। ਉਹ ਜਠਰ ਅਗਨੀ ਐਸੀ ਹੈ ਜੇਕਰ ਮਾਤਾ ਕੱਚੇ ਰੋੜ ਵੀ ਖਾ ਲੈਣਾ ਕਰੇ ਤਾਂ ਉਹ ਵੀ ਹਜ਼ਮ ਹੋ ਸਕਦੇ ਹਨ। ਐਸੀ ਪਰਬਲ ਅਗਨੀ ਦੇ ਵਿਚ ਰੱਖ ਕੇ ਤੈਨੂੰ ਪਕਾਉਣਾ ਕੀਤਾ ਹੈ। ਜਿਸ ਸਰੀਰ ਦੇ ਅੰਦਰ ਪੌਣ ਦਾ ਥੰਭਾ ਹੈ, ਤੂੰ ਆਪਣੇ ਸਰੀਰ ਨੂੰ ਇਸ ਤਰ੍ਹਾਂ ਪਿਰਾਣੁ=ਪਛਾਨਣਾ ਕਰ।

## ਪਵਣੈ ਕੈ ਵਸਿ ਦੇਹੁਰੀ
## ਮਸਤਕਿ ਸਚੁ ਨੀਸਾਣੁ ॥ ੫ ॥

ਜੋ ਦੇਹੁਰੀ=ਦੇਹ ਹੈ, ਉਹ ਪਵਣੈ=ਪੌਣ ਭਾਵ ਸੁਆਸਾਂ ਦੇ ਵਸ ਵਿਚ ਰੱਖੀ ਹੋਈ ਹੈ। ਜਿਸ ਵਕਤ ਸੁਆਸ ਖਤਮ ਹੋ ਜਾਂਦੇ ਹਨ, ਉਸੇ ਵੇਲੇ ਦੇਹ ਸਮਾਪਤ ਹੋ ਜਾਂਦੀ ਹੈ। ਜੋ ਤੇਰੇ ਮਸਤਕਿ=ਮੱਥੇ ਉਤੇ ਨੀਸਾਣੁ=ਲੇਖ ਲਿਖੇ ਹੋਏ ਹਨ ਕਿ ਤੈਨੂੰ ਇਤਨੀ ਮਾਣ-ਵਡਿਆਈ, ਜੱਸ ਮਿਲਣਾ ਹੈ, ਇਤਨਾ ਸੁੱਖ ਭੋਗਣਾ ਹੈ ਆਦਿ ਇਹ ਸਚੁ=ਸੱਚਾ ਨਿਸਚਾ ਕਰਕੇ ਜਾਣ ਲੈਣਾ ਕਰ ਜਿਸ ਨਾਲ ਤੇਰੇ ਅੰਦਰ ਸੱਚਾ ਪਰਮੇਸ਼ਰ ਸਾਖਿਆਤ ਹੋ ਜਾਵੇਗਾ।

## ਬਹੁਤਾ ਜੀਵਣੁ ਮੰਗੀਐ
## ਮੁਆ ਨ ਲੋੜੈ ਕੋਇ ॥

ਹੇ ਭਾਈ! ਹਰ ਕੋਈ ਬਹੁਤਾ ਜੀਵਣੁ=ਜਿਉਣਾ ਹੀ ਮੰਗੀਐ=ਮੰਗਦਾ ਹੈ, ਕੋਇ=ਕੋਈ ਵੀ ਮੁਆ=ਮਰਨਾ ਨ ਲੋੜੈ=ਨਹੀਂ ਚਾਹੁੰਦਾ।

**ਸੁਖ ਜੀਵਣੁ ਤਿਸੁ ਆਖੀਐ**
**ਜਿਸੁ ਗੁਰਮੁਖਿ ਵਸਿਆ ਸੋਇ ॥**

ਸੁਖ=ਸੁੱਖਾਂ ਦਾ ਜੀਵਨ ਤਿਸੁ=ਉਸ ਗੁਰਮੁਖ ਜਨ ਦਾ ਆਖੀਐ=ਕਹੀਦਾ ਹੈ, ਜਿਸ ਦੇ ਹਿਰਦੇ ਵਿਚ ਗੁਰਾਂ ਦੀ ਸੰਗਤ ਦੁਆਰਾ ਸੋਇ=ਉਹ ਪਰਮੇਸ਼ਰ ਵਸਿਆ ਹੋਇਆ ਹੈ।

**ਨਾਮ ਵਿਹੂਣੇ ਕਿਆ ਗਣੀ**
**ਜਿਸੁ ਹਰਿ ਗੁਰ ਦਰਸੁ ਨ ਹੋਇ ॥ ੬ ॥**

ਜਿਹੜੇ ਪਰਮੇਸ਼ਰ ਦੇ ਨਾਮ ਤੋਂ ਵਿਹੂਣੇ=ਬਿਨਾਂ ਹਨ, ਉਨ੍ਹਾਂ ਦੀ ਕਿਆ ਗੁਣੀ=ਕੀ ਗਿਣਤੀ ਕਰੀਏ ਭਾਵ ਉਹ ਗਿਣਤੀ ਵਿਚ ਨਹੀਂਹਨ। ਜਿਸੁ=ਜਿਨ੍ਹਾਂ ਨੂੰ ਹਰਿ=ਹਰੀ ਵਾਹਿਗੁਰੂ ਦੇ ਦਰਸੁ=ਦਰਸ਼ਨ ਨ ਹੋਇ=ਪ੍ਰਾਪਤ ਨਹੀਂ ਹੋਏ।

**ਜਿਉ ਸੁਪਨੈ ਨਿਸਿ ਭੁਲੀਐ**
**ਜਬ ਲਗਿ ਨਿਦ੍ਰਾ ਹੋਇ ॥**

ਜਿਉ=ਜਿਸ ਪ੍ਰਕਾਰ ਨਿਸਿ=ਰਾਤ ਨੂੰ ਸੁਪਨੇ ਵਿਚ ਪੁਰਖ ਭੁਲੀਐ=ਭੁੱਲਿਆ ਫਿਰਦਾ ਹੈ, ਇਹ ਉਤਨਾ ਚਿਰ ਭੁੱਲਿਆ ਰਹਿੰਦਾ ਹੈ, ਜਬ=ਜਦੋਂ, ਲਗਿ=ਤਕ, ਨਿਦ੍ਰਾ=ਨੀਂਦ ਵਿਚ ਹੋਇ=ਹੁੰਦਾ ਹੈ ਅਥਵਾ ਇਸ ਪ੍ਰਕਾਰ ਜੀਵ ਅਵਸਥਾ ਰੂਪੀ ਰਾਤ ਵਿਚ ਅਵਿਦਿਆ ਰੂਪੀ ਨੀਂਦ ਦੇ ਸਹਿਤ, ਸੰਸਾਰ ਰੂਪੀ ਸੁਪਨੇ ਦੇ ਅੰਦਰ ਭੁਲੀਐ=ਭੁੱਲਿਆ ਹੋਇਆ ਹੈ।

**ਇਉ ਸਰਪਨਿ ਕੈ ਵਸਿ ਜੀਅੜਾ**
**ਅੰਤਰਿ ਹਉਮੈ ਦੋਇ ॥**

ਇਉ=ਇਸੇ ਪ੍ਰਕਾਰ, ਜੀਅੜਾ=ਜੀਵ ਮਾਇਆ ਰੂਪੀ ਸਰਪਨਿ=ਸੱਪਨੀ ਵਾ: ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪੀ ਸੱਪਾਂ ਕੈ=ਦੇ ਵਸਿ=ਅਧੀਨ ਹੈ, ਜਿਸ ਕਰਕੇ ਹਿਰਦੇ ਦੇ ਅੰਤਰਿ=ਅੰਦਰ ਹਉਮੈ=ਹੰਗਤਾ ਤੇ ਦੋਇ=ਦਵੈਤ ਹੈ ਅਥਵਾ ਜਿਸ ਪ੍ਰਕਾਰ ਸੱਪਾਂ ਵਿਚ ਦੋ ਮੁਖਾਂ ਵਾਲੀ ਸਰਪਨੀ ਹੁੰਦੀ ਹੈ। ਇਸੇ ਪ੍ਰਕਾਰ ਜੀਵ ਨੂੰ ਰਾਗ ਦਵੈਸ਼ ਰੂਪੀ ਵਾ: ਮਾਇਆ ਰੂਪੀ ਦੋ-ਮੂੰਹੀ ਸੱਪਣੀ ਚਿੰਬੜੀ ਹੋਈ ਹੈ ਜਿਸ ਕਰਕੇ ਦੋ ਭੇਦ ਜੀਵ ਅਤੇ ਈਸ਼ਰ, ਜੰਮਣ ਤੇ ਮਰਣ, ਲੋਕ ਤੇ ਪਰਲੋਕ, ਮਿੱਤਰ ਤੇ ਸ਼ਤਰੂ, ਸੁੱਖ ਤੇ ਦੁੱਖ ਆਦਿ ਜੋ ਦੋ ਪ੍ਰਤੀਤ ਹੋ ਰਹੇ ਹਨ।

**ਗੁਰਮਤਿ ਹੋਇ ਵੀਚਾਰੀਐ**
**ਸੁਪਨਾ ਇਹੁ ਜਗੁ ਲੋਇ ॥ ੭ ॥**

ਜੇਕਰ ਗੁਰੂ ਦੀ ਮਤਿ ਹਿਰਦੇ ਵਿਚ ਹੋਵੇ ਤਾਂ ਇਹ ਵੀਚਾਰ ਪ੍ਰਾਪਤ ਹੁੰਦੀ ਹੈ ਕਿ ਇਹ ਸਾਰੇ ਜਗੁ=ਜਗਤ ਦਾ ਲੋਇ=ਪ੍ਰਕਾਸ਼ ਸੁਪਨੇ ਦੀ ਨਿਆਈਂ ਹੈ ਵਾ: ਇਹੁ=ਇਸ ਜਗੁ=ਸੰਸਾਰ ਦੇ ਸਾਰੇ ਲੋਇ=ਲੋਕ ਵਾ: ਤਿੰਨੇ ਲੋਕ ਸੁਪਨੇ ਦੀ ਨਿਆਈਂ ਮਿਥਿਆ ਹਨ ਅਥਵਾ ਜਿਸ ਨੂੰ ਗੁਰਮਤਿ= ਗੁਰਾਂ ਦੀ ਸਿੱਖਿਆ ਦੀ ਵੀਚਾਰ ਪ੍ਰਾਪਤ ਹੁੰਦੀ ਹੈ। ਉਹ ਇਸ ਸੰਸਾਰ ਦਾ ਜੋ ਲੋਇ=ਪ੍ਰਕਾਸ਼ ਰੂਪ ਸਾਖੀ ਚੇਤਨ ਹੈ, ਉਸ ਨੂੰ ਸਮਝ ਲੈਂਦਾ ਹੈ।

**ਅਗਨਿ ਮਰੈ ਜਲੁ ਪਾਈਐ**
**ਜਿਉ ਬਾਰਿਕ ਦੂਧੈ ਮਾਇ ॥**

ਜਿਵੇਂ ਪਾਣੀ ਪਾਉਣ ਕਰਕੇ ਅਗਨਿ=ਪ੍ਰਤੱਖ ਅੱਗ ਮਰੈ=ਮਰ ਜਾਂਦੀ ਹੈ ਭਾਵ ਬੁਝ ਜਾਂਦੀ ਹੈ, ਇਸੇ ਪ੍ਰਕਾਰ ਤ੍ਰਿਸ਼ਨਾ ਰੂਪੀ ਅਗਨੀ ਸੰਤੋਖ ਰੂਪੀ ਜਲ=ਪਾਣੀ ਪਾਉਣ ਕਰਕੇ ਮਰੈ=ਮਰ ਜਾਂਦੀ ਹੈ ਭਾਵ ਮਿਟ ਜਾਂਦੀ ਹੈ। ਜਿਉਂ=ਜਿਵੇਂ ਬਾਰਿਕ=ਬੱਚੇ ਨੂੰ ਮਾਇ=ਮਾਤਾ ਦਾ ਦੁੱਧ ਮਿਲ ਜਾਵੇ ਤਾਂ ਉਹ ਤ੍ਰਿਪਤ ਹੋ ਜਾਂਦਾ ਹੈ, ਇਸੇ ਪ੍ਰਕਾਰ ਬੱਚੇ ਦੀ ਨਿਆਈਂ ਮਨ ਹੈ, ਸ੍ਰੇਸ਼ਟ ਮੱਤ ਮਾਤਾ ਦੀ ਨਿਆਈਂ ਹੈ। ਜੇਕਰ ਉਸ ਦੇ ਕੋਲੋਂ ਨਿਸ਼ਕਾਮ ਕਰਮਾਂ ਰੂਪੀ ਦੁੱਧ ਮਿਲ ਜਾਵੇ ਤਾਂ ਤ੍ਰਿਪਤੀ ਹੋ ਜਾਂਦੀ ਹੈ ਅਥਵਾ ਮਾਤਾ-ਪਿਤਾ ਦੀ ਨਿਆਈਂ ਗੁਰੂ ਸਾਹਿਬ ਜੀ ਹਨ। ਮਨ ਬੱਚੇ ਦੀ ਨਿਆਈਂ ਹੈ, ਜੇਕਰ ਉਪਦੇਸ਼ ਦਾ ਦੁੱਧ ਮਿਲ ਜਾਵੇ ਤਾਂ ਤ੍ਰਿਪਤ ਹੋ ਜਾਂਦਾ ਹੈ।

**ਬਿਨੁ ਜਲ ਕਮਲ ਸੁ ਨਾ ਥੀਐ**
**ਬਿਨੁ ਜਲ ਮੀਨੁ ਮਰਾਇ॥**

ਜਿਵੇਂ ਜਲ=ਪਾਣੀ ਤੋਂ ਬਿਨਾਂ ਕਮਲ ਪੈਦਾ ਨਹੀਂ ਥੀਐ=ਹੁੰਦਾ ਅਤੇ ਜਲ=ਪਾਣੀ ਤੋਂ ਬਿਨੁ=ਬਗ਼ੈਰ ਮੀਨੁ=ਮੱਛੀ ਮਰਾਇ=ਮਰ ਜਾਂਦੀ ਹੈ ਵਾ: ਇਸੇ ਪ੍ਰਕਾਰ ਪ੍ਰੇਮ ਰੂਪੀ ਜਲ ਤੋਂ ਬਿਨਾਂ ਹਿਰਦੇ ਵਿਚ ਸ਼ੁਭ ਗੁਣਾਂ ਰੂਪੀ ਕਮਲ ਪੈਦਾ ਨਹੀਂ ਹੁੰਦਾ। ਨਾਮ ਰੂਪੀ ਜਲ ਤੋਂ ਬਿਨਾਂ ਬੁੱਧ ਰੂਪੀ ਮੱਛੀ, ਮਰਾਇ=ਮਰਦੀ ਜੰਮਦੀ ਰਹਿੰਦੀ ਹੈ।

**ਨਾਨਕ ਗੁਰਮੁਖਿ ਹਰਿ ਰਸਿ ਮਿਲੈ**
**ਜੀਵਾ ਹਰਿ ਗੁਣ ਗਾਇ ॥ ੮ ॥ ੧੫ ॥**

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਹੜੇ ਗੁਰਮੁਖ ਹਨ, ਉਨ੍ਹਾਂ ਨੂੰ ਹਰਿ=ਪਰਮੇਸ਼ਰ ਦਾ ਨਾਮ ਜਪ ਕੇ ਆਤਮਕ ਰਸਿ=ਅਨੰਦ ਮਿਲੈ=ਮਿਲਦਾ ਹੈ, ਉਹ ਹਰਿ=ਪਰਮੇਸ਼ਰ ਦੇ ਗੁਣਾਂ ਨੂੰ ਗਾ-ਗਾ ਕੇ ਜੀਵਾ=ਜਿਉਂਦੇ ਹਨ ਵਾ: ਜਿਨ੍ਹਾਂ ਨੂੰ ਮੁਖ ਗੁਰਾਂ ਦੁਆਰਾ ਪਰਮੇਸ਼ਰ ਦੇ ਨਾਮ ਦਾ ਰਸ ਪ੍ਰਾਪਤ ਹੋਇਆ ਹੈ, ਉਹ ਗੁਰਮੁਖਾਂ ਦੀ ਸੰਗਤ ਕਰਕੇ ਪਰਮੇਸ਼ਰ ਦੇ ਗੁਣ ਗਾ ਕੇ ਜੀਵਾ=ਜਿਉਂਦੇ ਹਨ।

*'ਚਲਦਾ.........।"*

# ਜਨ ਪਰਉਪਕਾਰੀ ਆਏ
# (ਭਾਗ - 3)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-48)*

ਦੂਸਰਾ 'ਭਗਤ ਯੋਗ' ਹੈ, ਜਿਸ ਨੂੰ ਸਹਿਜ ਯੋਗ ਵੀ ਕਹਿੰਦੇ ਹਨ। ਇਹ ਸੁਖਾਲਾ ਜਿਸ ਨੂੰ ਹਰ ਜਗਿਆਸੂ, ਭਾਵੇਂ ਗ੍ਰਿਹਸਤੀ ਹੋਵੇ, ਕੰਮ-ਕਾਰ ਕਰਦਾ, ਬੱਚਿਆਂ ਨੂੰ ਪਾਲਦਾ ਹੋਇਆ ਅਸਾਨੀ ਨਾਲ ਕਰ ਸਕਦਾ ਹੈ। ਇਸ ਦੀਆਂ ਰਹਿਤਾਂ ਤੇ ਪਹਿਰਾ ਦਿੰਦਾ ਹੋਇਆ ਭਜਨ-ਬੰਦਗੀ ਕਰਕੇ ਅਪਨੀ ਮੰਜ਼ਿਲੇ-ਮਕਸੂਦ ਤੇ ਪਹੁੰਚ ਸਕਦਾ ਹੈ।

1. **ਮਨ ਨੂੰ ਨੀਵਾਂ ਰੱਖਣਾ:** ਹੰਕਾਰ ਅਤੇ ਹਉਮੈ ਰਹਿਤ ਹੋ ਕੇ ਅਪਣੇ ਆਪ ਨੂੰ ਸਭ ਤੋਂ ਨੀਵਾਂ ਜਾਨਣਾ ਕਿ ਮੇਰੇ ਨਾਲੋਂ ਸਾਰੇ ਚੰਗੇ ਤੇ ਗੁਣਵਾਨ ਹਨ।

*ਆਪਸ ਕਉ ਜੋ ਜਾਣੈ ਨੀਚਾ॥*
*ਸੋਊ ਗਨੀਐ ਸਭ ਤੇ ਊਚਾ॥* ਅੰਗ-੨੬੬

*ਪ੍ਰਿਥਮੇ ਯਮ ਮਨ ਰਾਖਨ ਨੀਵਾਂ।*
*ਨਿਜ ਗੁਨ ਤੇ ਨਿਰਮਾਨ ਸਦੀਵਾ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

2. **ਸਤਿਸੰਗ:** ਨੇਮ ਨਾਲ ਸਤਿ ਸਤਸੰਗਤਿ ਵਿਚ ਨਿੰਮ੍ਰਤਾ-ਸ਼ਰਧਾ ਨਾਲ ਜਾਵੇ ਅਤੇ ਗੁਰੂ ਦੇ ਬਚਨ; ਕਥਾ-ਕੀਰਤਨ ਨੂੰ ਇਕਾਗਰਤਾ ਨਾਲ ਸੁਣ ਕੇ ਹਿਰਦੇ ਵਿਚ ਧਾਰਨ ਕਰੇ -

*ਸਤਸੰਗਤਿ ਨਾਮੁ ਨਿਧਾਨੁ ਹੈ*
*ਜਿਥਹੁ ਹਰਿ ਪਾਇਆ॥* ਅੰਗ-੧੨੪੫

*ਬਿਨ ਭਾਗਾਂ ਸਤਸੰਗ ਨ ਲਭੈ*
*ਬਿਨ ਸੰਗਤਿ ਮੈਲ ਭਰੀਜੈ ਜੀਉ॥* ਅੰਗ-੯੫

*ਦੂਜੋ ਨੇਮ ਜਇ ਸਤਿਸੰਗਤਿ।*
*ਕਥਾ ਕੀਰਤਨ ਸੁਨਿ ਮਿਲ ਪੰਗਤ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

3. **ਇਕਾਂਤ ਦੇਸ:** ਜੰਗਲ ਵਿਚ ਜਾ ਕੇ ਇਕੱਲੇ ਬੈਠ ਜਾਣ ਨੂੰ ਇਕਾਂਤ ਨਹੀਂ ਕਹਿੰਦੇ। ਇਕਾਂਤੀ ਉਹ ਹੈ ਜਿਸ ਦਾ ਮਨ ਦੌੜ-ਭੱਜ ਨਹੀਂ ਕਰਦਾ। ਜੋ ਕਿਸੇ ਦਾ ਚੰਗਾ-ਮਾੜਾ ਚਿਤਵੇ ਬਗੈਰ ਸਭਨਾਂ ਵਿਚ ਵਾਹਿਗੁਰੂ ਨੂੰ ਵੇਖਦਾ ਹੈ। ਇਸ ਜੁਗਤ ਨੂੰ ਅਪਨਾਉਣ ਨਾਲ ਮਨ ਸ਼ਾਂਤ ਅਤੇ ਇਕਾਗਰ ਹੋ ਜਾਂਦਾ ਹੈ -

*ਸੋ ਇਕਾਂਤੀ ਜਿਸੁ ਰਿਦਾ ਥਾਇ॥* ਅੰਗ-੧੧੮੦

*ਔਰ ਦੂਸਰਾ ਲਖਈ ਨਾਹਿਂ।*
*ਏਕੋ ਬਿਆਪਕ ਸਭ ਘਟ ਮਾਹਿਂ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

4. **ਆਸਨ:** ਸਾਵਧਾਨੀ ਨਾਲ ਅਪਣੇ ਚਿਤ ਨੂੰ ਆਸਣ ਬਣਾ ਕੇ ਅਤੇ ਉਸ ਵਿਚ 'ਵਾਹਿਗੁਰੂ' ਨੂੰ ਹਾਜ਼ਰ-ਨਾਜ਼ਰ ਸਮਝ ਕੇ ਬ੍ਰਿਤੀ ਨੂੰ ਟਿਕਾਉਣਾ ਅਤੇ ਐਧਰ-ਉਧਰ ਭੱਜਣ ਤੋਂ ਰੋਕਣਾ।

*ਪ੍ਰਭ ਕੈ ਸਿਮਰਨਿ ਨਿਹਚਲ ਆਸਨ॥* ਅੰਗ-੨੬੩

*ਪਾਰਬ੍ਰਹਮੁ ਨਿਕਟਿ ਕਰਿ ਪੇਖੁ॥* ਅੰਗ-੨੯੮

*ਚਿਤ ਚਿਤਵਹੁ ਨਾਰਾਇਣ ਏਕ* ਅੰਗ-੨੯੫

*ਚੌਥਾ ਆਸਨ ਸਮਝਹੁ ਚਿਤ।*
*ਕਰਹਿ ਗੁਬਿੰਦ ਵਿਖੈ ਥਿਤ ਬ੍ਰਿਤ।*

5. **ਪ੍ਰਾਣਾਯਾਮ:** ਪ੍ਰਾਣਾਯਾਮ ਦੇ ਤਿੰਨ ਅੰਗ ਹੁੰਦੇ ਹਨ। ਪੂਰਕ; ਸਵਾਸ ਅੰਦਰ ਨੂੰ ਖਿਚਣਾ ਭਾਵ ਨਾਮ ਅਤੇ ਗੁਰੂ ਦੇ ਬਚਨਾਂ ਨੂੰ ਅੰਦਰ ਖਿਚੀ ਜਾਣਾ। ਕੁੰਭਕ; ਸਵਾਸ ਨੂੰ ਰੋਕਣ ਤੋਂ ਭਾਵ ਬਚਨਾਂ ਨੂੰ ਧਾਰ ਕੇ ਅੰਦਰ ਸਾਂਭ ਕੇ ਰੱਖਣਾ। ਰੇਚਕ: ਬਾਹਰ ਨੂੰ ਛੱਡਣ ਤੋਂ ਭਾਵ ਬੁਰਿਆਈਆਂ ਨੂੰ ਅੰਦਰੋਂ ਕੱਢਣਾ।

*ਗੁਰ ਕੇ ਬਚਨ ਸੁਨ ਸਭੈ ਕਰਖ ਕਰ ਲੇਯ।*
*ਬਚਨ ਸੁਨ ਸਮਝੀ ਵਸਤ ਜੋ ਰਿਦੈ ਸਦਾ ਥਿਰ ਕੇਯ।*

*(ਪੂਰਕ)*

*ਕਰ ਅਭਯਾਸ ਤਹਿ ਪਰਹਰੈ।*
*ਸਦ ਠਹਰਾਵਨ ਮਨ ਮਹਿਂ ਕਰੈ।*
*ਕੁੰਭਕ ਦੂਜੋ ਇਸੀ ਪ੍ਰਕਾਰਾ।* *(ਕੁੰਭਕ)*
*ਸਤਿਗੁਰ ਬਚਨ ਜੁ ਤਜਨਾ ਕਹਾ।*
*ਤਹਿਂ ਤਜ ਦੇਯ ਹੋਤ ਸੁਖ ਮਹਾਂ।* *(ਰੇਚਕ)*

6. **ਧਿਆਨ:** ਗੁਰੂ ਦੀ ਬਾਣੀ ਸੁਣਦਾ, ਪੜ੍ਹਦਾ, ਗਾਉਂਦਾ, ਕੀਰਤਨ ਕਰਦਾ ਹੋਇਆ ਗੁਰੂ ਦੇ ਬਚਨਾਂ ਵਿਚ ਧਿਆਨ ਰੱਖੇ, ਮਨ ਵਿਚ ਫੁਰਨਾ ਬਣਨ ਤੋਂ ਰੋਕੇ। ਜੇ ਫੇਰ ਵੀ ਨਾ ਰੁਕੇ ਤਾਂ ਲਗਾਂ-ਮਾਤਰਾਂ ਵੇਖ ਕੇ ਪੜ੍ਹੇ ਅਤੇ ਬਾਣੀ ਅਰਥ ਭਾਵ ਨੂੰ ਸਮਝ ਕੇ ਬਾਣੀ ਵਿਚ ਮਨ ਲਾਵੇ। ਜਦੋਂ ਨਾਮ ਜਪਣਾ ਹੈ, ਉਸ ਵੇਲੇ ਗੁਰੂ ਦਾ ਧਿਆਨ ਤੇ ਗੁਰ ਸ਼ਬਦ ਦੀ ਧੁਨਿ ਦਾ ਧਿਆਨ ਧਰੇ।

*ਗੁਰ ਕੀ ਮੂਰਤਿ ਮਨ ਮਹਿ ਧਿਆਨ॥*

*ਗੁਰ ਕੈ ਸਬਦਿ ਮੰਤ੍ਰ ਮਨੁ ਮਾਨ॥* *ਅੰਗ-੮੬੪*

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ॥* *ਅੰਗ-੮੭੯*

*ਗੁਰ ਮੂਰਤਿ ਗੁਰ ਸਬਦ ਹੈ*
*ਸਾਧਸੰਗਤਿ ਸਮਸਰਿ ਪਰਵਾਣਾ।*
*(ਵਾਰ ਭਾਈ ਗੁਰਦਾਸ ਜੀ-੨/੩੨)*

*ਖਸ਼ਟਮ ਧਯਾਨ ਅੰਗ ਸੁਨ ਜੈਸੇ।*
*ਪਵਨ ਸੁਨਨ ਗੁਰ ਬਚ ਬੈਸੇ।*
*ਸ਼ਬਦ ਅਰਥ ਮਹਿਂ ਰਾਖਹਿ ਧਯਾਨਾ।*
*ਫੁਰਨ ਨ ਹੋਹਿ ਸੰਕਲਪ ਅਪਾਨਾ।*

**7. ਧਾਰਨਾ:** ਸੰਕਲਪ ਵਿਚ ਗਏ ਹੋਏ ਮਨ ਨੂੰ ਬਾਰ ਬਾਰ ਰੋਕ ਕੇ, ਜਿਥੋਂ ਭੱਜਿਆ ਸੀ, ਮੁੜ ਕੇ ਉਥੇ ਲਿਆਵੇ। ਜੇ ਪਾਠ ਕਰਦਾ ਸੀ, ਉਸੇ ਤੁਕ ਤੋਂ ਫੇਰ ਸ਼ੁਰੂ ਕਰੇ। ਇਸੇ ਤਰ੍ਹਾਂ ਭਜਨ ਕਰਦਿਆਂ ਮੋੜ ਕੇ ਲਿਆਵੇ। ਹੌਲੀ-ਹੌਲੀ ਟਿਕਦਾ ਜਾਵੇਗਾ, ਮਨ ਦੀ ਭਜ-ਦੌੜ ਖਤਮ ਹੋ ਜਾਵੇਗੀ। ਇਕ ਘੜੀ ਲੱਗਭੱਗ=25 ਮਿੰਟ, ਦੋ ਘੜੀ=50 ਮਿੰਟ, ਇਸ ਤਰ੍ਹਾਂ ਜੇ 4 ਘੜੀਆਂ=100 ਮਿੰਟ ਮਨ ਟਿਕ ਗਿਆ ਤਾਂ ਸਮਾਧੀ ਹੋ ਜਾਵੇਗੀ।

*ਸਪਤਮ ਅਹਿ ਧਾਰਨਾ ਅੰਗਾ।*
*ਤਹਿਂ ਸਰੂਪ ਸੁਨੀਯੇ ਰੁਚ ਸੰਗਾ।*
*ਮਨ ਸੰਕਲਪ ਵਿਖੈ ਜੇ ਜਾਵੈ।*
*ਪੁਨ ਤਹਿਂ ਰੋਕ ਸਬਦ ਮਹਿਂ ਲਾਵੈ।*
*ਜਬ ਮਨ ਟਿਕਿਓ ਘਰੀ ਦੋ ਚਾਰਾ।*
*ਤਹਿ ਕੋ ਨਾਲ ਸਮਾਧ ਉਚਾਰਾ।*
*ਸ਼ਬਦ ਵਿਖੈ ਜਬ ਲਗੀ ਸਮਾਧ।*
*ਤਿਸਹਿ ਵਧਾਵਹਿ ਤਨ ਮਨ ਸਾਧ।*

**8. ਸਮਾਧੀ:** ਜਦੋਂ ਅੱਠੇ ਪਹਿਰ ਸ਼ਬਦ ਵਿਚ ਸੁਰਤਿ ਲੱਗੀ ਰਹੇ ਤਾਂ ਉਸ ਨੂੰ ਸਮਾਧੀ ਕਹਿੰਦੇ ਹਨ। ਇਸ ਨੂੰ ਸਹਿਜ ਸਮਾਧ ਵੀ ਕਹਿੰਦੇ ਹਨ।

*ਸਹਿਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ॥* *ਅੰਗ-੧੦੬*

*ਅਸਟ ਜਾਮ ਮਨ ਸ਼ਬਦ ਵਿਖੈ ਜਬ।*
*ਪੂਰਨ ਹੋਤ ਸਮਾਧ ਭਲੇ ਤਬ।*
*ਭਗਤ ਯੋਗ ਇਹ ਜਾਨੀਏ*
*ਕਲਿ ਮਹਿਂ ਪੰਥ ਸੁਖੇਨ।*
*ਕਸ਼ਟ ਯੋਗ ਦੁਸਤਰ ਅਹੈ*
*ਹੋਇ ਨ ਜੇਨੰ ਕੇਨ।*

ਇਸ ਤਰ੍ਹਾਂ ਨਾਲ ਮਾਤਾ ਜੀ ਇਕ ਰਸ ਸਮਾਧੀ ਸਥਿਤ ਹੋ ਕੇ ਘੰਟਿਆਂ ਬੱਧੀ ਚੌਂਕੜਾ ਲਾ ਕੇ ਅਭਿਆਸ ਕਰਦੇ ਰਹਿੰਦੇ ਹਨ ਤਾਂ ਹੁਣ ਉਚ ਅਵਸਥਾ ਵਿਚ ਪਹੁੰਚ ਜਾਂਦੇ ਹਨ। ਦਸਵੇਂ ਦੁਆਰ ਵਿਚ ਬ੍ਰਿਤੀ ਟਿਕੀ ਰਹਿੰਦੀ ਹੈ ਤੇ ਉਸ ਦਾ ਅਨੰਦ ਮਾਣਦੇ ਹਨ। ਇਥੇ "ਗੁਰਮਖਿ ਅਕਥ ਕਹਾਨੀ" ਵਾਲੀ ਅਵਸਥਾ ਤਾਰੀ ਹੋ ਗਈ ਜਿਸ ਬਾਰੇ ਦੱਸਿਆ ਨਹੀਂ ਜਾ ਸਕਦਾ। ਇਥੇ ਆ ਕੇ ਭੂਤ, ਭਵਿਖ ਤੇ ਵਰਤਮਾਨ ਦੇ ਵਰਤਾਰੇ ਤੇ ਨਜ਼ਾਰੇ ਪਰਤੱਖ ਅਨੁਭਵ ਹੋਣ ਲੱਗ ਜਾਂਦੇ ਹਨ। ਇਸ ਨੂੰ ਗੁਰਮੁਖ ਪਿਆਰਿਆਂ, ਸੰਤਾਂ, ਮਹਾਂਪੁਰਸ਼ਾਂ ਦੀ ਅਜਰ ਅਵਸਥਾ ਕਹਿੰਦੇ ਹਨ।

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ॥* *ਅੰਗ-੮੭੯*

*ਭੂਤ ਭਵਿਖ ਭਵਾਨ ਕਹਾਨੀ॥*
*ਘਟ ਘਟ ਕੇ ਪਟ ਪਟ ਕੀ ਜਾਨੀ॥* *(ਸ੍ਰੀ ਦਸਮ ਗ੍ਰੰਥ)*

ਆਪ ਜੀ ਨੇ ਆਉਣ ਵਾਲਾ ਸਮਾਂ ਵੇਖ ਲਿਆ ਕਿ ਸਤਿਗੁਰੂ ਜੀ ਨੂੰ ਅਨੰਦਪੁਰ ਸਾਹਿਬ ਦਾ ਕਿਲਾ ਛ'ਡਣਾ ਪੈਣਾ ਹੈ। ਕਿਸ ਤਰ੍ਹਾਂ ਨਾਲ ਪਿਆਰੇ ਸਿੰਘ ਮੁਗਲ ਫੌਜਾਂ ਨਾਲ ਜੰਗ ਕਰਕੇ ਸ਼ਹੀਦ ਹੋ ਰਹੇ ਹਨ। ਪਰਿਵਾਰ ਦਾ ਵਿਛੋੜਾ ਪੈ ਰਿਹਾ ਹੈ, ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋ ਜਾਂਦੇ ਹਨ, ਛੋਟੇ ਸਾਹਿਬਜ਼ਾਦੇ ਨੀਹਾਂ ਵਿਚ ਚਿਣੇ ਜਾਂਦੇ ਹਨ ਅਤੇ ਮਾਤਾ ਗੁਜਰ ਕੌਰ ਜੀ ਵੀ ਸਰਹੰਦ ਵਿਚ ਸ਼ਹੀਦ ਹੋ ਜਾਂਦੇ ਹਨ। ਆਪ ਜੀ ਨੇ ਗੁਰੂ ਸਾਹਿਬ ਪਾਸ ਆ ਕੇ ਸਾਰਾ ਬ੍ਰਿਤਾਂਤ ਦਸਿਆ ਅਤੇ ਪੁੱਛਿਆ, ਸੱਚੇ ਪਾਤਸ਼ਾਹ ਜੀ! ਜੋ ਮੈਂ ਅੰਮ੍ਰਿਤ ਵੇਲੇ ਅਨੁਭਵ ਵਿਚ ਦੇਖਿਆ ਹੈ, ਕੀ ਇਹ ਭਾਣਾ ਇਸੇ ਤਰ੍ਹਾਂ ਵਰਤੇਗਾ? ਕਹਿਣ ਲੱਗੇ ਜਗ ਵਿਚ ਆਪਣੀ ਬੰਸ ਕਿਵੇਂ ਰਹੇਗੀ?

*ਜਗ ਮਹਿਂ ਬੰਸ ਰਾਖਿਯੋ ਕਰਯਹਿ।*
*ਪੂਰਹੁ ਆਸ ਇਹ ਆਪ ਬਿਚਰੀਯਹ।*
*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾ ਕੇ ਕਹਿਣ ਲੱਗੇ ਕਿ ਤੁਸੀਂ ਮੋਹ-ਮਾਇਆ ਦਾ ਤਿਆਗ ਕਰਕੇ ਵਾਹਿਗੁਰੂ ਦਾ ਭਜਨ ਕਰੋ। ਜਗਤ ਨਾਸ਼ਵਾਨ ਹੈ, ਕੋਈ ਚਾਰ ਦਿਨ ਪਹਿਲਾਂ ਚਲਾ ਜਾਂਦਾ ਹੈ, ਕੋਈ ਚਾਰ ਦਿਨ ਬਾਦ, ਕਿਸੇ ਦੀ ਉਮਰ ਛੋਟੀ ਹੈ, ਕਿਸੇ ਦੀ ਵ'ਡੀ ਹੈ। ਅਬਿਨਾਸ਼ੀ ਪਦ ਨਾਲ ਦਰਗਾਹ ਵਿਚ ਵਾਸਾ ਹੁੰਦਾ ਹੈ। ਤੁਸੀਂ ਆਪਣੀ ਬ੍ਰਹਮਅਨੰਦ ਦੀ ਬ੍ਰਿਤੀ ਵਿਚ ਟਿਕੇ ਰਹੋ। ਤੁਹਾਡਾ ਜਨਮ ਧੰਨ ਹੋ ਗਿਆ ਹੈ, ਬ੍ਰਹਮ ਗਿਆਨ ਦੀ ਅਵਸਥਾ ਪ੍ਰਾਪਤ ਹੋ ਗਈ ਹੈ।

*ਸ੍ਰੀ ਜੀਤੋ ਤੇ ਸੁਨ ਮੁਸਕਾਏ।*
*ਭੂਤ ਭਵਿਖ ਤੁਵ ਲਖਿ ਪਾਏ।*
*ਸੰਤਤਿ ਕੇ ਹਿਤ ਜੋਗ ਕਮਾਯੋ।*
*ਕੈ ਪਰਲੋਕ ਭਲੋ ਉਰ ਭਾਯੋ।*

*ਮੋਹ ਆਦਿ ਸੇ ਸਕਲ ਬਿਕਾਰਾ।*
*ਇਨ ਤੇ ਚਹੀਯਹਿ ਬਨਿਯੋ ਨਿਯਾਰਾ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਮਾਤਾ ਜੀ ਕਹਿਣ ਲੱਗੇ ਸੱਚੇ ਪਾਤਸ਼ਾਹ ਜੀ! ਮੈਂ ਇਹ ਸਭ ਕੁਝ ਦੇਖ ਨਹੀਂ ਸਕਦੀ। ਮੇਰੇ ਤੇ ਕਿਰਪਾ ਕਰਕੇ ਮੈਨੂੰ ਆਪਣੀ ਖੁਸ਼ੀ ਦਿਓ, ਆਪਣੀ ਆਗਿਆ ਦਿਓ ਕਿ ਮੈਂ ਆਪਣੇ ਸਰੀਰ ਦਾ ਤਿਆਗ ਕਰ ਦੇਵਾਂ। ਬਾਕੀ ਜਿਸ ਤਰ੍ਹਾਂ ਆਪ ਜੀ ਮਰਜ਼ੀ ਹੈ, ਮੈਂ ਤਾਂ ਆਪ ਜੀ ਦੀ ਅਨੁਸਾਰੀ ਹਾਂ। ਜਿਵੇਂ ਹੁਕਮ ਕਰੋਗੇ ਉਸੇ ਤਰ੍ਹਾਂ ਨਾਲ ਮੰਨਾਂਗੀ।

*ਸੁਨਿ ਜੀਤੋ ਕਰ ਜੋਰਿ ਉਚਾਰੀ।*
*ਮੈਂ ਸਦੀਵ ਰਾਵਰਿ ਅਨੁਸਾਰੀ।*
*ਦੇਖਿ ਜਗਤ ਦਿਸ਼ ਕੀਨਸਿ ਅਰਜ਼ੀ।*
*ਬਰਤਹੁ ਜਥਾ ਆਪ ਕੀ ਮਰਜ਼ੀ।*
*ਮੁਝ ਕੌ ਖੁਸੀ ਕਰੋ ਤਨ ਛੋਰੌਂ।*
*ਮਹਿਦ ਬਿਘਨ ਗਨ ਪਿਖਯੋ ਨ ਲੋਰੌਂ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਹ ਸੁਣ ਕੇ ਸਤਿਗੁਰੂ ਜੀ ਦਿਆਲ ਹੋ ਗਏ ਕਿਰਪਾ ਕਰ ਦਿਤੀ। ਕਹਿੰਦੇ ਹੁਣ ਦਰਗਾਹ ਵਿਚ ਖਲਾਸੀ ਹੋ ਗਈ। ਤੁਹਾਡੀ ਗੁਰਮੁਖਾਂ ਵਾਲੀ ਅਵਸਥਾ ਹੈ।

*ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸ॥*

*ਅੰਗ-੧੩੪*

*ਗੁਰਮੁਖਿ ਆਵੈ ਜਾਇ ਨਿਸੰਗ॥* *ਅੰਗ-੯੩੨*

ਸਤਿਗੁਰੂ ਜੀ ਕਹਿਣ ਲੱਗੇ ਕਿ ਤੁਸੀਂ ਉਸ ਅਵਸਥਾ ਵਿਚ ਪਹੁੰਚ ਗਏ ਹੋ ਜਿਥੇ ਜਾ ਕੇ ਗੁਰਮੁਖਿ ਆਪਣੀ ਮਰਜ਼ੀ ਨਾਲ ਸਰੀਰ ਛੱਡ ਦਿੰਦੇ ਹਨ। ਤੁਹਾਡਾ ਜਿਥੇ ਰਹਿਣ ਨੂੰ ਜੀਅ ਕਰਦਾ ਹੈ ਉਥੇ ਰਹੋ। ਚਲੇ ਜਾਣ ਨੂੰ ਜੀਅ ਕਰਦਾ ਹੈ ਤਾਂ ਸਰੀਰ ਤਿਆਗ ਕੇ ਚਲੇ ਜਾਓ।

*ਆਸਨ ਕਰਿ ਬੈਠੀ ਤਤਕਾਲਾ।*
*ਸਾਧਯੋ ਪੂਰਬ ਯੋਗ ਬਿਸਾਲਾ।*
*ਤਿਸ ਅਭਯਾਸ ਬਲ ਤੇ ਖਿਚ ਸਵਾਸ।*
*ਦਸਮ ਦਵਾਰ ਮਹਿਂ ਕਰਿ ਤਿਹ ਬਾਸ।*
*ਪਾਇ ਜ਼ੋਰ ਬ੍ਰਹਮਰੰਧਰ ਫੋਰਾ।*
*ਗਮਨੀ ਗੁਰਪੁਰਿ ਤਨ ਕੋ ਛੋਰਾ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

*ਦੇਖਿਤ ਦਾਸੀ ਦੌਰਤਿ ਗਈ।*
*ਮਾਤਾ ਗੁਜਰੀ ਕਉ ਸੁਧ ਦਈ।*

ਮਾਤਾ ਜੀਤ ਕੌਰ ਜੀ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਨਿਵੇਕਲੀ ਥਾਂ ਵੇਖ ਕੇ ਇਕਾਂਤ ਵਿਚ ਆਸਨ ਲਾ ਲਿਆ ਅਤੇ ਸਮਾਧੀ ਲਾ ਕੇ ਪ੍ਰਭੂ ਦੇ ਧਿਆਨ ਵਿਚ ਜੁੜ ਗਏ। ਅਭਿਆਸ ਦੇ ਬਲ ਨਾਲ ਬ੍ਰਿਤੀ ਦਸਮ ਦੁਆਰ ਵਿਚ ਲਿਜਾ ਕੇ ਸਵਾਸ ਤਿਆਗ ਦਿਤੇ। ਮਾਤਾ ਜੀ ਦੀ ਦਾਸੀ ਨੇ ਜਦੋਂ ਵੇਖਿਆ, ਉਹ ਰੋਂਦੀ ਹੋਈ ਮਾਤਾ ਗੁਜਰ ਕੌਰ ਜੀ ਪਾਸ ਗਈ ਤੇ ਉਸੇ ਵੇਲੇ ਗੁਰੂ ਸਾਹਿਬ ਜੀ ਨੂੰ ਵੀ ਇਹ ਸ਼ੋਕ ਸਮਾਚਾਰ ਦਿਤਾ ਗਿਆ। ਸਤਿਗੁਰੂ ਜੀ ਨੇ ਕਿਹਾ ਕਿ ਕਿਸੇ ਨੇ ਰੋਣਾ ਨਹੀਂ ਉਹ ਆਪਣੀ ਇਛਾ ਅਨੁਸਾਰ ਸਰੀਰ ਛੱਡ ਕੇ ਗੁਰੂ ਚਰਨਾਂ ਵਿਚ ਬਿਰਾਜ ਗਏ ਹਨ। (ਡਾ. ਰਤਨ ਸਿੰਘ ਜੱਗੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਨੁਸਾਰ ਮਾਤਾ ਜੀ ਨੇ 5 ਦਸੰਬਰ, 1700 ਨੂੰ ਪੰਚ ਭੂਤਕ ਸਰੀਰ ਦਾ ਤਿਆਗ ਕੀਤਾ)

ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਅਗੰਮਪੁਰਾ ਜਿਥੇ ਚਰਨ ਗੰਗਾ ਵਹਿੰਦੀ ਸੀ ਉਸ ਦੇ ਕੰਢੇ ਉਤੇ ਅੰਗੀਠਾ ਤਿਆਰ ਕਰਕੇ ਅੰਤਿਮ ਸੰਸਕਾਰ ਕੀਤਾ ਗਿਆ। ਮਾਤਾ ਜੀਤ ਕੌਰ ਜੀ ਦੀ ਯਾਦ ਵਿਚ ਇਥੇ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਸਥਿਤ ਹੈ ਜਿਥੇ ਸੰਗਤਾਂ ਅਕਸਰ ਦਰਸ਼ਨਾਂ ਵਾਸਤੇ ਜਾਂਦੀਆਂ ਰਹਿੰਦੀਆਂ ਹਨ।

ਮਾਤਾ ਜੀਤ ਕੌਰ ਜੀ ਦੇ 7 ਸਾਲ ਤੇ 9 ਸਾਲ ਦੇ ਪੁੱਤਰਾਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਫਤਹਿ ਸਿੰਘ ਜੀ ਨੇ ਬੇਖੌਫ ਹੋ ਕੇ ਧਰਮ ਦੀ ਰੱਖਿਆ ਲਈ ਮਹਾਨ ਸ਼ਹਾਦਤ ਪ੍ਰਾਪਤ ਕੀਤੀ ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਕਿਧਰੇ ਵੀ ਨਹੀਂ ਮਿਲਦੀ। ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਚਮਕੌਰ ਦੇ ਯੁੱਧ ਵਿਚ ਗੁਰੂ ਪਿਤਾ ਜੀ ਤੋਂ ਆਗਿਆ ਲੈ ਕੇ ਲੱਖਾਂ ਦੀ ਗਿਣਤੀ ਵਿਚ ਦੁਸ਼ਮਨਾਂ ਦੀ ਫੌਜ ਨਾਲ ਬਹਾਦਰੀ ਨਾਲ ਜੂਝਦੇ ਹੋਏ ਸ਼ਹਾਦਤ ਪ੍ਰਾਪਤ ਕੀਤੀ।

(ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕ **"ਸੁਰਤਿ ਸਬਦਿ ਮਾਰਗ"** ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੁਆਰਾ ਮਾਤਾ ਜੀਤ ਕੌਰ ਜੀ ਨੂੰ ਬ੍ਰਹਮ ਗਿਆਨ ਦੇ ਉਪਦੇਸ਼ ਦਾ ਉਲੇਖ ਬੜੇ ਵਿਸਥਾਰ ਪੂਰਬਕ ਦਿਤਾ ਗਿਆ ਹੈ ਜੋਕਿ ਹਰ ਇਕ ਗੁਰਸਿੱਖ ਜਗਿਆਸੂ ਲਈ ਲਾਜ਼ਮੀ ਤੌਰ ਤੇ ਪੜ੍ਹਨਯੋਗ ਹੈ। ਇਹ ਪੁਸਤਕ ਆਤਮਿਕ ਜੀਵਨ ਬਨਾਉਣ ਲਈ ਅਤੀ ਲਾਭਦਾਇਕ ਅਤੇ ਪ੍ਰੇਰਨਾਦਾਇਕ ਹੈ। ਦਾਸ ਵੱਲੋਂ ਵੀ ਉਪਰੋਕਤ ਹਵਾਲੇ ਇਸ ਵਿਚੋਂ ਹੀ ਦਿਤੇ ਗਏ ਹਨ। )

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-52)*

ਮੈਂ ਸੁਪਨੇ ਸੁਣਦੀ ਹੁੰਦੀ ਸਾਂ,ਪਰ ਕਦੇ ਆਪ ਨਹੀਂ ਦੇਖਿਆ ਸੀ, ਅੱਜ ਪਹਿਲਾ ਦਿਨ ਸੀ ਕਿ ਮੈਂ ਸੁਪਨਾ ਡਿੱਠਾ। ਮੈਨੂੰ ਰਾਤ ਸਿਰਹਾਣੇ ਤੇ ਸਿਰ ਰੱਖਣ ਤੇ ਸਵੇਰੇ ਸਿਰ ਚੁੱਕਣ ਦੀ ਖਬਰ ਹੁੰਦੀ ਸੀ, ਵਿਚੋਂ ਪਤਾ ਨਹੀਂ ਰਾਤ ਕਿਸ ਤਰ੍ਹਾਂ ਲੰਘ ਜਾਂਦੀ ਸੀ। ਅੱਜ ਅੱਖ ਲੱਗੀ ਤਾਂ ਮੈਂ ਇਕ ਵੱਡੇ ਛੋਟੇ ਪੱਥਰਾਂ ਦੇ ਰੜੇ ਵਿਚ ਜਾ ਪਹੁੰਚੀ। ਕੀ ਦੇਖਦੀ ਹਾਂ ਕਿ ਵੱਡੇ ਪੱਥਰ ਵੱਟੇ ਤੇ ਮਿੱਟੀ ਰੇਤ ਦੇ ਕਿਣਕੇ ਹੀ ਕਿਣਕੇ ਪਏ ਹਨ ਪਰ ਉਸ ਤਰ੍ਹਾਂ ਨਹੀਂ ਜਿਸ ਤਰ੍ਹਾਂ ਮੈਂ ਦੇਖਦੀ ਹੁੰਦੀ ਸਾਂ, ਸਗੋਂ ਹੁਣ ਇਉਂ ਜਾਪੇ ਕਿ ਏਹ ਸਾਰੇ ਜੀਉਂਦੇ ਹਨ, ਪਰ ਐਵੇਂ ਪਏ ਨਜਿੰਦੇ ਜਾਪਦੇ ਹਨ। ਕੋਈ ਜੇ ਰਤਾ ਜਿੰਨੀ ਕਲਾ ਵਰਤੇ ਤਾਂ ਇਨ੍ਹਾਂ ਨੂੰ ਹੋਸ਼ ਬੀ ਆ ਜਾਵੇ। ਏਨੇ ਨੂੰ ਮੈਂ ਕੀਹ ਡਿੱਠਾ ਕਿ ਓਥੇ ਪਾਣੀ ਆ ਗਿਆ ਹੈ ਤੇ ਉਹਨਾਂ ਕਿਣਕਿਆਂ ਨੂੰ ਪਾਣੀ ਆਖਣ ਲੱਗਾ ਕਿ ਹੇ ਕਿਣਕਿਓ! ਤੁਸੀਂ ਤਾਂ ਜਿੰਦ ਹੋ, ਉਠੋ, ਹੋਸ਼ ਕਰੋ, ਤੁਸੀਂ ਜੜ੍ਹ ਪੱਥਰ ਨਹੀਂ ਹੋ, ਤੁਸੀਂ ਜਿੰਦ ਹੋ, ਉਠੋ, ਹੋਸ਼ ਕਰੋ। ਪਾਣੀ ਨੂੰ ਬੋਲਦਿਆਂ ਤੇ ਕਿਣਕਿਆਂ ਨੂੰ ਸੁਣਦਿਆਂ ਦੇਖ ਕੇ ਮੈਂ ਹੱਕੀ ਬੱਕੀ ਰਹਿ ਗਈ ਕਿ ਇਹ ਕਿਵੇਂ ਹੋ ਰਿਹਾ ਹੈ, ਇਹ ਕਿਵੇਂ ਬੋਲ ਅਤੇ ਸੁਣ ਰਹੇ ਹਨ, ਪਰ ਹੋ ਇਵੇਂ ਹੀ ਰਿਹਾ ਸੀ ਤੇ ਮੇਰਾ ਸ਼ੌਕ ਵਧ ਰਿਹਾ ਸੀ, ਸੋ ਮੈਂ ਹੋਰ ਅੱਗੇ ਹੋ ਕੇ ਸੁਣਨ ਲੱਗੀ, ਤਦ ਛੋਟੇ ਵੱਡੇ ਸਾਰੇ ਕਿਣਕਿਆਂ ਨੇ ਕਿਹਾ, ਅਸੀਂ ਜਿਸ ਹਾਲ ਵਿਚ ਪਏ ਹਾਂ, ਚੰਗੇ ਹਾਂ, ਹੇ ਪਾਣੀ! ਤੂੰ ਅੱਗੇ ਜਾਹ। ਤਦ ਪਾਣੀ ਬੋਲਿਆ - ਭੋਲਿਓ! ਤੁਸੀਂ ਜਿੰਦ ਹੋ, ਆਓ ਮੇਰੇ ਨਾਲ ਮੈਂ ਤੁਹਾਨੂੰ ਓਥੇ ਪੁਚਾ ਦਿਆਂ ਜਿੱਥੇ ਤੁਸੀਂ ਆਪੇ ਪਏ ਆਖੋ ਅਸੀਂ ਜਿੰਦ ਹਾਂ। ਆਪਣੇ ਟੁਰਨ ਦੀ ਗੱਲ ਸੁਣ ਕੇ ਇਕਨਾ ਨੇ ਆਖਿਆ - ਜਾਹ ਭਾਈ ਆਪਣੇ ਰਸਤੇ ਟੁਰ, ਅਸੀਂ ਸਲਾਹ ਕਰਕੇ ਤੈਨੂੰ ਕੱਲ ਉਤਰ ਦਿਆਂਗੇ। ਤਾਂ ਪਾਣੀ ਪਿੱਛੇ ਹਟ ਗਿਆ। ਹੁਣ ਕਿਣਕਿਆਂ ਦੀ ਪੰਚੈਤ ਜੁੜ ਬੈਠੀ। ਵੱਡੇ-ਵੱਡੇ ਪੱਥਰ ਬੋਲੇ - ਅਸੀਂ ਬੜੇ ਸੁਖੀ ਹਾਂ, ਸੁਖ ਨਾਲ ਪਏ ਹਾਂ, ਇਹ ਪਾਣੀ ਕੋਈ ਮਤਲਬੀ ਹੈ, ਸਾਨੂੰ ਖੁਆਰ ਕਰੇਗਾ। ਅੱਗੇ ਅਸੀਂ ਉੱਚੇ ਪਰਬਤਾਂ ਤੇ ਵਸਦੇ ਸਾਂ। ਇਕ ਇਹੋ ਜਿਹੀ ਸੁਹਣੀ ਤੇ ਵਧੀਕ ਚਿੱਟੀ ਆਈ ਸੀ, ਜੋ ਆਪਣਾ ਨਾਉਂ 'ਬਰਫ' ਦਸਦੀ ਸੀ, ਆਖਣ ਲੱਗੀ, ਮੇਰੇ ਮੋਢੇ ਤੇ ਚੜ੍ਹ ਬੈਠੋ, ਤੁਹਾਨੂੰ ਸੈਲ ਕਰਾਵਾਂ। ਐਥੇ ਆ ਕੇ ਸਾਨੂੰ ਪਟਕਾ ਮਾਰਿਆ ਤੇ ਆਪ ਲੋਪ ਹੋ ਗਈ। ਸਭਆਰੇ ਸਾਡੇ ਜਿਗਰੇ ਵੱਡੇ ਹਨ, ਨਹੀਂ ਤਾਂ ਧੁੱਪਾਂ ਨਾਲ ਸੜ ਉਠਦੇ, ਇਹ ਗਰਮ ਧੁੱਪਾਂ ਅਸਾਂ ਕਦੇ ਪਰਬਤ ਧਾਰਾ ਤੇ ਝਾਗੀਆਂ ਨਹੀਂ ਸਨ। ਏਸੇ ਤਰ੍ਹਾਂ ਇਹ ਪਾਣੀ ਸਾਨੂੰ ਕਿਤੇ ਕੁਥਾਂ ਮਾਰੇਗਾ। ਹੁਣ ਕੁਛ ਹੋਰ ਕਿਣਕੇ ਬੋਲੇ - ਭਾਈਓ! ਇਸ ਪਾਣੀ ਦੇ ਸਾਨੂੰ ਹੱਥ ਲੱਗੇ ਹੋਏ ਹਨ, ਅਸੀਂ ਬੀ ਕਦੇ ਵੱਡੇ-ਵੱਡੇ ਚਿਟਾਨ ਤੇ ਸਿਲਾਂ ਪੱਥਰ ਸਾਂ, ਇਸ ਪਾਣੀ ਨੇ ਮਲਕੜੇ ਸਾਡੀਆਂ ਬਟ-ਮਲੂਮ ਤ੍ਰੇੜਾਂ ਵਿਚ ਵੜ ਕੇ ਐਸਾ ਜੰਮ ਜਾਣਾ ਤੇ ਜ਼ੋਰ ਕਰਨਾ ਕਿ ਸਾਨੂੰ ਟੋਟੇ-ਟੋਟੇ ਕਰਕੇ ਸਿੱਟ ਦੇਣਾ, ਫੇਰ ਆਪਣੇ ਰੋਹੜਾਂ ਤੇ ਰੋਆਂ ਵਿਚ ਐਸਾ ਦਲਨਾ ਕਿ ਸਾਨੂੰ ਖੇਰੂੰ-ਖੇਰੂੰ ਕਰਕੇ ਕਿਣਕੇ-ਕਿਣਕੇ ਕਰ ਸੱਟਣਾ। ਇਕਨਾਂ ਕਿਣਕਿਆਂ ਨੇ ਆਖਿਆ ਕਿ ਇਹ ਠੰਡਾ ਹੈ, ਲਬ ਵਾਲਾ ਨਹੀਂ ਲਗਦਾ, ਕਹਿੰਦੇ ਹਨ ਕਿ ਆਕਾਸ਼ ਬੀ ਜਾ ਚੜ੍ਹਦਾ ਹੈ ਤੇ ਡੂੰਘੀ ਥਾਈਂ ਬੀ ਜਾਂਦਾ ਹੈ ਅਰ ਦੂਜਿਆਂ ਨੂੰ ਸੁਖ ਦੇਂਦਾ ਹੈ, ਤਾਂ ਤੇ ਸਾਨੂੰ ਬੀ ਸੁਖ ਦੇਵੇਗਾ, ਆਓ ਇਸ ਦੇ ਆਖੇ ਲੱਗੀਏ, ਜਿੰਦ ਬਣੀਏ, ਇਸ ਅੰਦਰ ਦੇ ਹਨ੍ਹੇਰੇ ਵਿਚ ਸਦੀਆਂ ਜਿਸ ਪਾਸੇ ਪਏ ਸੋ ਪਏ ਰਹਿਣ ਤੋਂ ਛੁਟਕਾਰਾ ਮਿਲੇ। 'ਜਿੰਦਪਨਾ' ਵੇਖੀਏ ਤਾਂ ਸਹੀ ਜੋ ਉਹ ਕੀਹ ਹੈ? ਚਲੋ ਚਾਲੇ ਤਾਂ ਪਈਏ। ਇਹ ਸੁਣ ਕੇ ਵੱਡੇ ਵੱਟੇ ਤੇ ਪੱਥਰ ਤਾਂ ਗੁੱਸੇ ਹੋ ਗਏ ਤੇ ਛੋਟੇ ਕਿਣਕੇ ਤਿਆਰ ਹੋ ਪਏ। ਗੱਲ ਕੀ ਇਕ ਵਾਕ ਨਾ ਹੋਇਆ, ਦੋ ਧੜੇ ਹੋ ਗਏ। ਅਗਲੇ ਦਿਨ ਜਾਂ ਪਾਣੀ ਰੁਮਕੇ ਟੁਰਦਾ ਤੇ ਆਓ ਜਿੰਦ ਬਣ ਜਾਓ, ਇਹ ਸੀਟੀ ਵਜਾਉਂਦਾ ਆ ਗਿਆ ਤਾਂ ਛੋਟੇ ਬਰੀਕ ਕਿਣਕੇ ਤਾਂ 'ਸਤਿ ਬਚਨ' ਕਹਿ ਕੇ ਉਸ ਦੇ ਨਾਲ ਤੁਰ ਪਏ ਤੇ ਵੱਡਿਆਂ ਨੇ ਕਿਹਾ ਸਾਨੂੰ ਲੋੜ ਨਹੀਂ। ਪਾਣੀ ਨੇ ਗੁੱਸਾ ਨਹੀਂ ਕੀਤਾ, ਵੱਡਿਆਂ ਨੂੰ ਫੇਰ ਸਹੀ, ਕਹਿ ਕੇ ਛੋਟਿਆਂ ਨੂੰ ਨਾਲ ਲੈ ਕੇ ਟੁਰ ਪਿਆ।

ਹੁਣ ਜਾਂ ਉਹ ਟੁਰਿਆ ਤਾਂ ਉਹ ਕਿਣਕੇ ਲੱਗੇ ਆਪੋ ਵਿਚ ਰਗੜੀਨ ਤੇ ਹੋਰ ਨਿੱਕੇ ਹੋਣ। ਰੋਣ ਵਿਚਾਰੇ ਤੇ ਪਛੁਤਾਉਣ ਕਿ ਅਸਾਂ ਵੱਡਿਆਂ ਦੇ ਆਖੇ ਕਿਉਂ ਨਾ ਮੰਨੇ। ਪਾਣੀ ਨੇ ਉਹਨਾਂ ਨੂੰ ਐਸਾ ਨਿੱਕਾ ਕੀਤਾ ਕਿ ਆਪਣੇ ਰੂਪ ਵਿਚ ਰਲਾ ਲਿਆ, ਕੋਈ ਪਤਾ ਨਾ ਲੱਗੇ ਕਿ ਇਸ ਵਿਚ ਮਿੱਟੀ ਪੱਥਰ ਤੇ ਧਾਤਾਂ ਦੇ ਡਾਢੇ ਹੀ ਨਿੱਕੇ ਕਿਣਕੇ ਵੀ ਰਲੇ ਹੋਏ ਹਨ। ਇਸ ਤਰ੍ਹਾਂ ਕਰਕੇ ਅੰਤ ਪਾਣੀ ਇਕ ਖੇਤ ਵਿਚ ਪਹੁੰਚਾ ਦਿਤਾ ਤੇ ਅੰਦਰ ਵੜ ਗਿਆ। ਅੱਗੇ ਕਿੰਨੇ ਸਾਰੇ ਬੀਜ ਧਰਤੀ ਦੇ ਵਿਚ ਥੋੜ੍ਹੀ-ਥੋੜ੍ਹੀ ਵਿਥ ਤੇ ਪਏ ਸਨ। ਪਾਣੀ ਨੇ ਆ ਕੇ ਆਖਿਆ - ਹੇ ਅੰਕੁਰ ਜੀ! ਆਪ ਬੀਜ ਦੇ ਮੱਠ ਵਿਚ

ਸਮਾਧੀ ਲਾਈ ਬੈਠੇ ਹੋ, ਮੈਂ ਆਪ ਦੇ ਚਰਨਾਂ ਵਿਚ ਜਗਿਆਸੂ ਲੈ ਕੇ ਆਇਆ ਹਾਂ, ਆਪ ਇਨ੍ਹਾਂ ਨੂੰ ਚਰਨੀਂ ਲਾ ਲਵੋ। ਤਾਂ ਅੰਕੁਰਾਂ ਨੇ ਆਖਿਆ, ਹੇ ਪਾਣੀ! ਅਸੀਂ ਸਮਾਧੀ ਵਿਚ ਹਾਂ ਅਰ ਸੁਖੀ ਹਾਂ, ਸਾਨੂੰ ਖੇਚਲ ਨਾ ਦੇਹ। ਤਾਂ ਪਾਣੀ ਨੇ ਬਹੁਤ ਮਿੰਨਤਾਂ ਕੀਤੀਆਂ। ਉਹ ਜੋ ਬੀਜ ਦੇ ਉਦਾਲੇ ਕਰੜਾ ਕੋਟ ਸੀ, ਉਸ ਵਿਚ ਸੁਖ ਬੈਠੇ ਅੰਕੂਰਾਂ ਨੇ ਕਿਹਾ ਅੱਛਾ ਬਈ ਕੱਲ ਦੱਸਾਂਗੇ, ਤਾਂ ਪਾਣੀ ਪਿੱਛੇ ਅਟਕ ਗਿਆ। ਰਾਤ ਨੂੰ ਅੰਕੂਰਾਂ ਦੀ ਪੰਚੈਤ ਨੇ ਸਲਾਹ ਗਿਣੀ। ਕਈਆਂ ਨੇ, ਜੋ ਬਹੁਤ ਪੱਕੇ ਸਨ, ਆਖਿਆ – ਅਸੀਂ ਆਪ ਬਹੁਤ ਸੁਖੀ ਹਾਂ, ਕਿਸੇ ਨਾਲ ਸਾਨੂੰ ਕੀਹ? ਕਈ ਕੱਚੇ ਸਨ ਉਹਨਾਂ ਨੇ ਕਿਹਾ – ਮਸਾਂ ਮਸਾਂ ਕੋਈ ਆਯਾ ਸੀ ਪੁੱਛਣ ਵਾਲਾ, ਜੋ ਦੇਂਦਾ ਸੀ ਕਾਹਲੀ ਨਾਲ ਲੈ ਲੈਣਾ ਸੀ, ਭੁੱਲ ਹੋ ਗਈ। ਇਨ੍ਹਾਂ ਜੱਕੋ ਤੱਕਿਆਂ ਵਿਚ ਸਨ ਕਿ ਪੌਣ ਦੇ ਉਸ ਹਿੱਸੇ ਨੇ, ਜੋ ਧਰਤੀ ਵਿਚ ਸਮਾਇਆ ਹੋਇਆ ਸੀ, ਅੰਕੁਰਾਂ ਨੂੰ ਆਖਿਆ, ਭੋਲਿਓ! ਤੁਸੀਂ ਜਿੰਦ ਹੋ, ਇਹ ਬਾਕੀ ਦਾ ਸਾਰਾ ਬੀਜ ਤੁਹਾਡਾ ਤੋਸ਼ਾ ਹੈ, ਤੁਸੀਂ ਆਪ ਜਿੰਦ ਹੋ, ਮੇਰੇ ਆਖੇ ਲੱਗੋ ਮੈਂ ਤੁਹਾਨੂੰ ਧਰਤੀ ਤੋਂ ਬਾਹਰ ਲੈ ਚੱਲਾਂ ਤੇ ਦਿਖਾਵਾਂ ਕਿ ਬਾਹਰ ਚਾਨਣੇ ਵਿਚ ਤੁਸੀਂ ਕਿਸ ਤਰ੍ਹਾਂ ਲਹਿਰਾਂ ਲੈਂਦੇ ਹੋ। ਇਹ ਜੋ ਜਗਿਆਸੂ ਆਏ ਹਨ ਇਨ੍ਹਾਂ ਨੂੰ ਚਰਨੀਂ ਲਾ ਲਓ। ਏਹ ਤੁਹਾਡੇ ਨਾਲ ਰਲ ਕੇ ਜਾਗ ਪੈਣਗੇ ਤੇ ਆਪਣੀ ਜਿੰਦ ਵੇਖਣਗੇ। ਤੁਸੀਂ ਇਨ੍ਹਾਂ ਦੀ ਜਿੰਦ ਨੂੰ ਆਪਣੇ ਵਿਚ ਲੈ ਕੇ ਹੋਰ ਉੱਚੀ ਜਿੰਦ ਵਿਚ ਆ ਜਾਓਗੇ। ਪੌਣ ਦਾ ਇਹ ਉਪਦੇਸ਼ ਸੁਣ ਕੇ ਅਗਲੇ ਦਿਨ ਜਦ ਪਾਣੀ ਆਇਆ ਤਾਂ ਬਹੁਤਿਆਂ ਨੇ ਚਰਨੀਂ ਲਾ ਲਿਆ ਤੇ ਕਈ ਗੁੱਸੇ ਨਾਲ ਐਸੇ ਲੜੇ ਕਿ ਸੜ ਗਏ, ਕਈ ਟੱਪ ਕੇ ਬਾਹਰ ਆ ਗਏ, ਉਹਨਾਂ ਨੂੰ ਧੁੱਪ ਨੇ ਮਾਰ ਲਿਆ, ਕਈ ਐਨੇ ਹੇਠਾਂ ਲੱਥੇ ਕਿ ਫੇਰ ਉਠੇ ਨਾ, ਪਰ ਜਿਨ੍ਹਾਂ ਨੇ ਉਪਦੇਸ਼ ਮੰਨਿਆਂ ਸੀ ਉਹ ਗਿਰਦੇ ਦੇ ਕੋਟ ਨੂੰ ਪਾੜ ਕੇ ਬਾਹਰ ਨਿਕਲੇ ਤੇ ਉਨ੍ਹਾਂ ਨੂੰ ਅੰਦਰ ਜੜ੍ਹਾਂ ਤੋਂ ਬਾਹਰ ਪੱਤੇ ਨਿਕਲ ਆਏ। ਓਹ ਅੰਦਰ ਖਾਣ ਪੀਣ ਲਗ ਪਏ ਤੇ ਬਾਹਰ ਹਵਾ ਭੱਖਣ ਲਗ ਪਏ। ਉਹਨਾਂ ਨੇ ਆਖਿਆ ਵੇਖੋ ਜੀ, ਪੌਣ ਗੁਰੂ ਦੇ ਉਪਦੇਸ਼ ਨੇ ਸਾਨੂੰ ਸੱਚ ਆਖਿਆ ਸੀ, ਤੁਸੀਂ ਜਿੰਦ ਹੋ। ਏਹ ਰੰਗ, ਇਹ ਰੂਪ, ਏਹ ਲਹਿਰੇ, ਇਹ ਚਾਨਣ ਅਸਾਂ ਕਿਥੋਂ ਵੇਖਣੇ ਸੀ, ਜੋ ਅਸੀਂ ਧਰਤੀ ਤੋਂ ਬਾਹਰ ਆ ਕੇ ਡਿੱਠੇ ਹਨ, ਠੀਕ ਅਸੀਂ ਜਿੰਦ ਹਾਂ। ਹੁਣ ਪੱਤੇ-ਪੱਤੇ ਟਾਹਣੀ-ਟਾਹਣੀ, ਫੁੱਲ-ਫੁੱਲ ਤੇ ਫਲ-ਫਲ ਵਿਚ ਉਹ ਕਿਣਕੇ, ਜੋ ਪਾਣੀ ਵਿਚ ਰਲ ਕੇ ਆਏ ਸੀ, ਆਪਣੇ ਪਹਿਲੇ ਰੂਪ ਨੂੰ ਚੇਤੇ ਕਰਨ, ਜਦੋਂ ਰੜੇ ਵਿਚ ਮੁਰਦਾ ਪਏ ਸਨ ਤਾਂ ਆਖਣ, ਅਸੀਂ ਸੱਚਮੁੱਚ ਜਿੰਦ ਹਾਂ, ਸਾਡੇ ਨਾਲ ਪਾਣੀ ਨੇ ਪਿਤਾ ਵਾਲਾ ਪਿਆਰ ਕੀਤਾ ਹੈ। ਕਿੱਥੋਂ ਚੁੱਕ ਕੇ ਸਾਨੂੰ ਆਪਣੇ ਵਿਚ ਸਮਾਇਆ ਤੇ ਕਿਨ੍ਹਾਂ ਦੇ ਚਰਨੀਂ ਲਾਇਆ ਤੇ ਹੁਣ ਅਸੀਂ ਇਨ੍ਹਾਂ ਦਾ ਰੂਪ ਹੋ ਕੇ ਵਧੇ ਹਾਂ ਮੌਲੇ ਹਾਂ, ਰਗ-ਰਗ ਵਿਚ ਰਸ ਰੱਖਦੇ ਹਾਂ, ਝੂੰਮਦੇ ਹਾਂ ਤੇ ਆਨੰਦ ਲੈਂਦੇ ਹਾਂ।

ਹੁਣ ਮੈਂ ਕੀ ਵੇਖਿਆ ਕਿ ਸਾਰੇ ਫਲ ਫੁੱਲ ਪੱਤੇ ਆਦਿਕ ਰੋਣ ਲਗ ਪਏ ਤੇ ਆਖਣ ਲੱਗੇ, ਸਾਡੀ ਜਿੰਦ ਉੱਡ ਚਲੀ ਹੈ। ਤਦ ਉਨ੍ਹਾਂ ਨੂੰ ਆਵਾਜ਼ ਆਈ ਕਿ ਨਹੀਂ, ਤੁਸੀਂ ਉੱਚੇ ਹੋਣ ਲੱਗੇ ਹੋ, ਜਾਨ ਬਣਨ ਲੱਗੇ ਹੋ, ਜਿਕੂੰ ਅੱਗੇ ਹੋਂਦ ਤੋਂ ਮਰ ਕੇ ਜਿੰਦ ਵਿਚ ਖਿੜੇ ਸਾਓ, ਹੁਣ ਜਿੰਦ ਤੋਂ ਮਰ ਕੇ ਜਾਨ ਵਿਚ ਖਿੜੋਗੇ, ਪਰ ਉਹ ਨਾ ਸਮਝੇ ਅਰ ਸਹਿਮ ਗਏ। ਇਸ ਵੇਲੇ ਕਈ ਤਰ੍ਹਾਂ ਦੇ ਲੋਕ ਆਏ ਹੋਏ ਸਨ, ਕੋਈ ਚਾਰ ਪੈਰਾਂ ਵਾਲੇ, ਕੋਈ ਦੋ ਪੈਰਾਂ ਵਾਲੇ, ਕੋਈ ਖੰਢਾਂ ਵਾਲੇ, ਕੋਈ ਸਿੱਧੇ ਟੁਰਨ ਵਾਲੇ, ਕੋਈ ਝੁਕ ਕੇ ਟੁਰਨ ਵਾਲੇ, ਕੋਈ ਪੱਤਰ ਖਾ ਗਿਆ, ਕੋਈ ਡਾਲਾਂ ਖਾ ਗਿਆ, ਕਿਸੇ ਜੜ੍ਹਾਂ ਖਾ ਲਈਆਂ, ਕੋਈ ਫੁੱਲ ਤੇ ਕੋਈ ਫਲ ਖਾ ਗਿਆ, ਪਰ ਦੇਖੋ ਉਹਨਾਂ ਦੇ ਅੰਦਰ ਜਾ ਕੇ ਉਹ ਕਿਣਕੇ ਉਨ੍ਹਾਂ ਦੇ ਸਰੀਰ ਦਾ ਹਿੱਸਾ ਬਣ ਗਏ ਅਰ ਜਿੱਥੇ ਬੂਟੇ ਹੋ ਕੇ ਇਹ ਇਕ ਥਾਂ ਧਰਤੀ ਵਿਚ ਗੱਡੇ ਖੜੋਤੇ ਸੇ, ਏਹ ਦੌੜਨ ਭੱਜਣ ਲਗ ਗਏ, ਜਿੱਥੇ ਇਹ ਚੁਪ ਸਨ ਜੀਭ ਵਿਚ ਅੱਪੜ ਕੇ ਬੋਲਣ ਲੱਗ ਗਏ, ਜਿੱਥੇ ਇਹ ਅੰਨ੍ਹੇ ਸਨ, ਅੱਖਾਂ ਵਿਚ ਆ ਕੇ ਦੇਖਣ ਲਗ ਗਏ। ਜਾਂ ਮੈਂ ਪਰਤ ਕੇ ਦੇਖਿਆ ਤਾਂ ਇਨ੍ਹਾਂ ਸਾਰਿਆਂ ਵਿਚ ਉਹ ਪਾਣੀ, ਪੌਣ ਤੇ ਧਰਤੀ ਦੇ ਕਿਣਕੇ ਰੂਪ ਵਟਾ ਕੇ ਸੁਰਜੀਤ ਹੋ ਕੇ ਜਾਨ ਬਣੀ ਫਿਰਦੇ ਸਨ। ਇਕ ਤਾਂ ਜਾਨਦਾਰ ਮਨੁੱਖ ਆਪਣੇ ਆਪ ਨੂੰ ਇਕ ਜਾਨ ਵਾਲਾ ਸਮਝਦਾ ਹੈ ਤੇ ਆਖਦਾ ਹੈ ਕਿ ਮੈਂ ਜਾਨ ਹਾਂ, ਜਾਂ ਮੇਰੇ ਵਿਚ ਜਾਨ ਹੈ, ਦੂਜੇ ਮੈਂ ਕੀਹ ਦੇਖਾਂ ਕਿ ਉਸ ਦੇ ਸਰੀਰ ਦਾ ਹਰੇਕ ਕਿਣਕਾ ਬੀ ਜੀਉਂਦਾ ਹੈ।

ਹੁਣ ਮੈਂ ਅਚੰਭਾ ਹੋ ਗਈ ਕਿ ਜਿਸ ਦੁਨੀਆਂ ਨੂੰ ਮੋਈ ਹੋਈ ਪੱਥਰ ਵਾਂਗੂੰ ਜੜ੍ਹ ਜਾਣਦੀ ਸਾਂ ਸਾਰੀ ਦੀ ਸਾਰੀ ਜੀਉਂਦੀ ਹੈ, ਕੋਈ ਕਿਣਕਾ ਬੀ ਜੜ੍ਹ ਨਹੀਂ ਹੈ। ਇਸ ਵੇਲੇ ਇਕ ਗਰੀਬ ਦੀ ਆਵਾਜ਼ ਬੋਲੀ, ਭੋਲੀਏ! ਜਿਸ ਤਰ੍ਹਾਂ ਮਿੱਟੀ ਦੇ ਕਿਣਕੇ ਵਿਚ ਤੈਨੂੰ ਨਿਰੋਲ ਨਜਿੰਦ ਭਾਸਦੀ ਸੀ ਇਸੇ ਤਰ੍ਹਾਂ ਕਿਸੇ ਹੋਰ ਸਿਰੇ ਤੇ ਨਿਰੋਲ ਤੋਂ ਜਿੰਦ ਤਕ ਜਾਂਦਾ ਹੈ, ਤੂੰ ਜਿਥੇ ਖੜ੍ਹੀ ਹੈਂ ਇਹ ਦੋਹਾਂ ਸਿਰਿਆਂ ਦੇ ਵਿਚਕਾਰੇ ਜਿਹੇ ਇਕ ਥਾਂ ਹੈ, ਤੂੰ ਪਿੱਛੋਂ ਟੁਰ ਕੇ ਐਥੋਂ ਤਕ ਆਈ ਹੈਂ, ਅੱਗੇ ਹੋਰ ਪੈਂਡਾ ਹੈ, ਤੂੰ ਟੁਰ ਕੇ ਸਵੱਛ ਹੋ ਕੇ ਅੰਤ ਨਿਰੋਲ ਜਿੰਦ ਪਾਸ ਪਹੁੰਚਣਾ ਹੈ, ਪਰ ਤੂੰ ਅਜੇ ਸਮਝਦੀ ਨਹੀਂ। ਮੈਂ ਆਖਿਆ, ਮੈਂ ਜੀਉਂਦੀ ਹਾਂ ਇਹ ਤਾਂ ਮੈਂ ਸਮਝਦੀ ਹਾਂ, ਪਰ ਮੇਰੇ ਸਰੀਰ ਦਾ ਹਿੱਸਾ ਜੀਉਂਦਾ ਹੈ, ਇਹ ਨਹੀਂ ਸਮਝਦੀ। ਤਾਂ ਆਵਾਜ਼ ਬੋਲੀ, ਤੂੰ ਆਤਮਾ ਹੈਂ, ਸਰੀਰ ਆਤਮਾ ਨਹੀਂ, ਪਰ ਹਾਂ, ਸਰੀਰ ਬੀ ਤੇਰਾ ਜੜ੍ਹ ਨਹੀਂ, ਜੀਉਂਦਾ ਹੈ। ਪਰ ਸਰੀਰ ਦੀ ਕਿਣਕੇ-ਕਿਣਕੇ ਦੀ ਜਿੰਦ

ਨੀਵੀਂ ਹੈ ਜੋ ਜੜ੍ਹ ਭਾਸਦੀ ਹੈ। ਫੇਰ ਕਿਸੇ ਕਿਹਾ, ਸੂਰਜ ਆਪਣੇ ਵਿਚ ਚਾਨਣ ਦਾ ਅਲਾਂਬਾ ਹੈ। ਸੂਰਜ ਦਾ ਚਾਨਣਾ ਧਰਤੀ ਉਤੇ ਮੱਧਮ ਹੈ। ਪਰ ਧਰਤੀ ਉਤੇ ਖੁੱਲ੍ਹੇ ਥਾਂ ਨਾਲੋਂ ਪਰਛਾਵੇਂ ਵਿਚ ਚਾਨਣਾ ਘੱਟ ਹੈ ਤੇ ਬੰਦ ਕੋਠੇ ਵਿਚ ਹੋਰ ਭੀ ਇਸ ਤੋਂ ਘਟ ਹੈ। ਤੂੰ ਤਾਂ ਬੰਦ ਕੋਠੇ ਵਿਚ ਆਖਦੀ ਹੈਂ ਕਿ ਹਨ੍ਹੇਰਾ ਹੈ, ਪਰ ਅਸੀਂ ਆਖਦੇ ਹਾਂ ਚਾਨਣਾ ਬੰਦ ਕੋਠੜੀ ਵਿਚ ਬੀ ਹੈ ਪਰ ਬਹੁਤ ਥੋੜ੍ਹਾ ਹੈ। ਉਹ ਹਨ੍ਹੇਰਾ ਨਹੀਂ ਪਰ ਅਤਿ ਘਟੀਆ ਚਾਨਣਾ ਹੈ। ਏਸੇ ਤਰ੍ਹਾਂ ਤੂੰ ਜਾਨ ਹੈ, ਤੇਰੀ ਜਾਨ ਦੇ ਸਾਹਮਣੇ ਤੇਰਾ ਸਰੀਰ ਜੜ੍ਹ ਹੈ, ਪਰ ਉਂਵ ਏਹ ਬੀ ਜੜ੍ਹ ਨਹੀਂ ਇਸ ਦੇ ਕਿਣਕੇ-ਕਿਣਕੇ ਵਿਚ ਬੀ ਜਿੰਦ ਹੈ ਭਾਵੇਂ ਬਹੁਤ ਹੀ ਨੀਵੇਂ ਦਰਜੇ ਦੀ ਹੈ।

ਹੁਣ ਮੈਂ ਕੀ ਡਿੱਠਾ ਕਿ ਉਹਨਾਂ ਜਾਨਦਾਰਾਂ ਵਿਚ ਇਕ ਹਿੱਸਾ ਖੜਾ ਸੀ। ਜਾਂ ਮੈਂ ਚੰਗੀ ਤਰ੍ਹਾਂ ਡਿੱਠਾ ਤਾਂ ਇਹ ਮੇਰੇ ਹੀ ਵਰਗਾ ਮਨੁੱਖ ਸੀ। ਇਸ ਦੇ ਸਰੀਰ ਦੇ ਕਿਣਕੇ-ਕਿਣਕੇ ਨੂੰ ਮੈਂ ਡਿੱਠਾ ਉਸ ਵਿਚ ਜਿੰਦ ਸੀ, ਪਰ ਉਹ ਜਿੰਦ ਇਹ ਨਹੀਂ ਆਖ ਸਕਦੀ ਸੀ ਯਾ ਜਾਣ ਸਕਦੀ ਸੀ ਕਿ ਮੈਂ ਜਿੰਦ ਹਾਂ, ਪਰ ਮਨੁੱਖ ਵਿਚ ਕੁਛ ਹੋਰ ਐਸਾ ਸੀ ਜੋ ਆਖਦਾ ਸੀ-ਮੈਂ ਜਿੰਦ ਹਾਂ, ਮੈਂ ਜਾਨ ਹਾਂ, ਅਰ ਉਹ ਆਪਣੇ ਆਪ ਨੂੰ ਹੀ ਮਨੁੱਖ ਸਮਝਦਾ ਸੀ ਅਰ ਆਪਣੇ ਤੋਂ ਛੁੱਟ ਸਾਰੇ ਕੁਛ ਨੂੰ ਆਪਣੇ ਸਾਮ੍ਹਣੇ ਮੁਰਦਾ ਸਮਝਦਾ ਸੀ, ਪਰ ਤਦ ਬੀ ਆਪਣੇ ਸਰੀਰ ਦੇ ਪੌਣ ਪਾਣੀ ਧਰਤੀ ਦੇ ਕਿਣਕਿਆਂ ਨੂੰ ਆਪਣੀ ਜਾਨ ਦੇ ਨੇੜੇ ਕੁਛ ਜੀਉਂਦੇ ਜਿਹੇ ਸਮਝਦਾ ਸੀ ਤੇ ਉਂਵ ਪੌਣ ਪਾਣੀ ਧਰਤੀ ਨੂੰ ਇਸ ਤੋਂ ਦੂਰ ਤੇ ਜੜ੍ਹ ਜਾਣਦਾ ਸੀ। ਇਸ ਦੇ ਸਰੀਰ ਦੇ ਇਸ ਭੇਤ ਨੂੰ ਸਾਫ ਵੇਖ-ਵੇਖ ਕੇ ਮੈਂ ਅਚੰਭਾ ਹੋ ਰਹੀ ਸਾਂ ਕਿ ਕਿਸੇ ਹੋਰ ਮਨੁੱਖ ਨੇ ਇਸ ਮਨੁੱਖ ਨੂੰ ਆ ਕੇ ਆਖਿਆ - ਓਏ ਭੋਲੇ! ਤੂੰ ਤਾਂ ਬੁੱਧਿ ਹੈਂ। ਤੂੰ ਕਿਉਂ ਆਪ ਨੂੰ ਨਿਰੇ ਪ੍ਰਾਣ ਤੇ ਜਿੰਦ ਸਮਝਦਾ ਹੈਂ? ਤੂੰ ਤਾਂ ਨਿਰਾ ਬੁੱਧਿ ਹੈਂ, ਜੇ ਤੂੰ ਬੁੱਧਿ ਹੋ ਜਾਏਂ ਤਾਂ ਸੁਖਾਂ ਨੂੰ, ਜੋ ਝੂਠੇ ਹਨ, ਛੱਡ ਦੇਵੇਂ। ਤਦ ਉਹ ਰੋ ਪਿਆ ਅਰ ਉਸ ਜਾਤਾ ਜੇ ਮੈਂ ਜਿੰਦ ਜਾਨ ਨਹੀਂ ਤਾਂ ਮਰ ਜਾਵਾਂਗਾ। ਜਦ ਉਹ ਮੌਤ ਤੋਂ ਡਰਿਆ ਤਾਂ ਦੱਸਣ ਵਾਲੇ ਨੇ ਕਿਹਾ - ***ਸੁਣਿਐ ਪੋਹਿ ਨ ਸਕੈ ਕਾਲੁ॥*** ਪਰ ਮੈਂ ਨਾ ਸਮਝੀ ਕੀ ਹੈ। ਤਾਂ ਉਸ ਨੇ ਦਸਿਆ, ਭੋਲਿਆ! ਤੈਨੂੰ ਮੌਤ ਨਹੀਂ ਮਾਰ ਸਕਦੀ। ਤੂੰ ਤਾਂ ਨਹੁੰ ਤੋਂ ਵਾਲ ਤਕ ਜਿੰਦ ਹੈਂ। ਮਰਦਾ ਕੁਛ ਨਹੀਂ, ਰੂਪ ਵਟਾਉਂਦਾ ਹੈ। ***'ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥ ਮੰਨੈ ਮੁਹਿ ਚੋਟਾ ਨਾ ਖਾਇ॥ ਮੰਨੈ ਜਮ ਕੈ ਸਾਥਿ ਨ ਜਾਇ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ।'***

ਮੈਂ ਤਾਂ ਉਸ ਵੇਲੇ ਇਸ ਨੂੰ ਪਸਤੋ ਵਾਂਗੂੰ ਓਪਰਾ ਜਾਤਾ ਪਰ ਉਸ ਵੱਡੇ ਮਨੁੱਖ ਨੇ ਕਿਹਾ - ਜੇ ਤੂੰ ਮੰਨ ਲਵੇਂ, ਜੋ ਕੁਝ ਤੂੰ ਹੁਣ ਮੈਥੋਂ ਜਾਣਿਆਂ ਹੈ ਤੇ ਨਾਮ ਨੂੰ ਜਾਣੇ ਤਾਂ ਤੂੰ ਜਾਣੇਂਗਾ ਕਿ ਮਰਦਾ ਕੁਛ ਨਹੀਂ। ਸੁਰਤ ਮਨ ਤੇ ਮਨਿ ਬੁਧਿ ਤੇ ਬੁਧਿ ਸੁਧਿ (ਯਾ ਸਿਧਿ ਹੋ ਜਾਂਦੀ ਹੈ। ਜੇ ਤੂੰ ਸਰੀਰ ਨੂੰ ਜਾਣਦਾ ਹੈਂ ਕਿ ਇਹ ਮੁਰਦਾ ਹੈ ਤਾਂ ਉਹ ਬੀ ਮੁਰਦਾ ਨਹੀਂ, ਆਪਣੇ ਰੰਗ ਵਟਾਉਂਦਾ ਹੈ। ਪੌਣ ਪਾਣੀ ਧਰਤੀ ਦੇ ਨਾਨਾ ਰੂਪ ਹਨ ਜੋ ਸੰਜੋਗ (ਖਿੱਚ) ਤੇ ਵਿਯੋਗ (ਧੱਕ) ਨਾਲ ਪਲਟੀਂਦੇ, ਬਣਦੇ, ਮੌਲਦੇ, ਫੈਲਦੇ ਤੇ ਸੁੰਗੜ ਕੇ ਸੁਕਦੇ ਰਹਿੰਦੇ ਹਨ। ਇਹ ਸੁਣ ਕੇ ਉਸ ਮਨੁੱਖ ਨੂੰ ਦਿਸ ਪਿਆ ਕਿ ਮੈਂ ਬੁਧਿ ਹਾਂ ਤਾਂ ਉਹ ਬਹੁਤ ਰਾਜ਼ੀ ਹੋਇਆ ਪਰ ਹੁਣ ਉਹ ਬਾਹਰੋਂ ਚੁਪ, ਪਰ ਅੰਦਰੋਂ ਉਸ ਨੂੰ ਆਪਣਾ ਆਪ ਉੱਚਾ ਲੱਗ ਭੁਲੇਖਾ ਘੱਟ ਖਾਵੇ। ਜਿਕੂੰ ਮੈਂ ਤੀਰ ਮਾਰ ਬੈਠੀ ਤੇ ਮਗਰੋਂ ਪਤਾ ਲਗਾ ਜੋ ਮਾੜਾ ਕੀਤਾ ਹੈ ਜੋ ਪਹਿਲਾਂ ਪਤਾ ਕਰਕੇ ਮਾਰਨਾ ਸੀ। ਹੁਣ ਮੈਂ ਵੇਖਾਂ ਕਿ ਉਸ ਮਨੁੱਖ ਨੂੰ ਪਹਿਲੋਂ ਹੀ ਪਤਾ ਲੱਗ ਜਾਵੇ ਜੋ ਫਲਾਣਾ ਕੰਮ ਮਾੜਾ ਹੈ ਤੇ ਫਲਾਣਾ ਚੰਗਾ ਹੈ। ਇਹ ਵੇਖ ਕੇ ਮੈਨੂੰ ਚੇਤਾ ਆ ਗਿਆ ਕਿ ਜੇ ਮੈਨੂੰ ਕਦੇ ਮੇਰਾ ਚੰਗਾ ਮਨੁੱਖ ਏਹ ਆਖਦਾ ਕਿ ਤੂੰ ਬੁੱਧਿ ਹੈਂ ਤਾਂ ਮੈਂ ਬੀ ਏਸ ਮਨੁੱਖ ਵਾਂਗੂੰ ਰਾਜ਼ੀ ਹੋ ਜਾਂਦੀ। ਪਰ ਅਜੇ ਮੈਂ ਤਕ ਹੀ ਰਹੀ ਸਾਂ ਕਿ ਆਵਾਜ਼ ਆਈ 'ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ।' ਮੈਨੂੰ ਫੇਰ ਪਸ਼ਤੋ ਲੱਗੀ ਪਰ ਉਸ ਮਨੁੱਖ ਨੇ ਓਸ ਨੂੰ ਕਿਹਾ, ਤੂੰ ਬੁਧਿ ਨਹੀਂ, ਤੂੰ ਸੁਧਿ (ਸਿਧਿ) ਹੈਂ। ਬੁੱਧ ਗੁਆ ਤੇ ਸਿਧ ਪਾ ਲੈ, ਤਾ ਓਹ ਰੋਣ ਲੱਗਾ ਜੋ ਐਡਾ ਚਾਨਣਾ ਗੁਆ ਕੇ ਮੈਂ ਹਨ੍ਹੇਰਾ ਹੋ ਜਾਵਾਂਗਾ, ਪਰ ਰੋਂਦੇ-ਰੋਂਦੇ ਹੀ ਉਹ ਸਿਧ ਵਾਲਾ ਹੋ ਗਿਆ, ਪਰ ਉਸ ਨੂੰ ਹੋਰ ਗੱਲ - ਜਿਸ ਦਾ ਸਾਨੂੰ ਪਤਾ ਬੀ ਨਹੀਂ ਪਈ, ਦਿੱਸੇ। ਬੁੱਧਿ ਬੀ ਜਿਸ ਗੱਲ ਅੱਗੇ ਨਿਕੰਮੀ ਸੀ ਉਸ ਨੂੰ ਸਾਮਰਤੱਖ ਹੋ ਗਿਆ। ਬੁੱਧਿ ਤਾਂ ਪਤੇ ਟੋਹਾਂ ਲਾ ਕੇ ਵੇਖਦੀ ਸੀ, ਕਾਰਨ ਤੇ ਕਾਰਜ ਵਿਚਾਰ ਕੇ ਥਹੁ ਲਾਉਂਦੀ ਸੀ ਪਰ ਸਿਧੀ ਨੂੰ ਐਵੇਂ ਹੀ ਸੋਝੀ ਪਈ ਆਉਂਦੀ ਸੀ। ਹੁਣ ਉਹ ਬਹੁਤ ਖੁਸ਼ ਹੋਇਆ ਤਾਂ ਸਿਆਣੇ ਨੇ ਕਿਹਾ, ਹੇ ਪੌਣ ਗੁਰੂ, ਪਾਣੀ ਪਿਤਾ, ਧਰਤੀ ਮਾਤਾ, ਕਾਲ (ਦਿਨ ਰਾਤ) ਦਾਈ ਦਾਇਆ (ਗਰਮੀ ਚਾਨਣ ਸਰਦੀ ਹਨ੍ਹੇਰੇ) ਦੀ ਗੋਦ ਵਿਚ ਖੇਡਦੇ ਹੋਏ ਜਿੰਦ ਦੇ ਕਿਣਕੇ! ਦੇਖ! ਤੂੰ ਮਰ-ਮਰ ਕੇ ਕਿਥੇ ਆ ਗਿਆ ਹੈਂ? ਤੇਰੀ ਮੰਜ਼ਿਲ ਮੁੱਕ ਚਲੀ ਹੈ, ਤੂੰ ਹੁਣ ਦਿੱਸਣ ਵਾਲੇ ਤੋਂ ਦੇਖਣ ਵਾਲਾ ਹੋਣ ਲੱਗਾ ਹੈ, ਦੇਖ ਤੂੰ ਆਤਮਾ ਹੈਂ। ਇਹ ਕਹਿੰਦੇ ਉਸ ਨੇ ਇਕ ਹੱਥ ਮਾਰਿਆ ਤੇ ਗਾਂਵਿਆ 'ਵੇਖੈ ਵਿਗਸੈ ਕਰਿ ਵੀਚਾਰੁ।' ਅਤੇ ਵੇਖੋ ਉਹ ਆਦਮੀ ਹੋਰ ਦਾ ਹੋਰ ਹੋ ਗਿਆ, ਮੇਰੀਆਂ ਅੱਖਾਂ ਉਸ ਦੇ ਚਾਨਣੇ ਰੂਪ ਨੂੰ ਤੱਕ ਨਾ ਸਕੀਆਂ, ਸਿਰ ਝੁਕ ਗਿਆ, ਮੇਰੀ ਜੀਭ ਕੰਨ ਤੇ ਨੇਤ੍ਰ ਬੰਦ ਹੋ ਗਏ ਤੇ ਮੈਂ ਡਰ ਗਈ, ਪਰ ਇਸ ਡਰ ਵਿਚ ਮੈਂ ਖੁਸ਼ ਹੋਈ, ਰੋਈ ਨਹੀਂ।

*'ਚਲਦਾ..........।'*

# ਜਪੁਜੀ ਸਾਹਿਬ ਦੀ ਮੂਲ ਵਿਚਾਰਧਾਰਾ

*ਡਾ. ਜਗਜੀਤ ਸਿੰਘ*
*ਐਡੀਟਰ-ਇਨ-ਚੀਫ, ਆਤਮ ਮਾਰਗ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-55)*

ਨਿਰਮਲ ਹੋਏ ਮਨਿ ਬੁਧਿ ਵਿਚੋਂ ਇਹ ਅਨੁਭਵ ਉਜਾਗਰ ਹੁੰਦਾ ਹੈ ਕਿ ਅਗਲਾ ਪੈਂਡਾ, ਸਚਖੰਡ ਦਾ ਮਾਰਗ ਕੇਵਲ ਅਤੇ ਕੇਵਲ ਬਖਸ਼ਿਸ਼ ਦਾ ਮਾਰਗ ਹੈ। ਬਖਸ਼ਿਸ਼ ਮੰਗਦਾ ਉਹ ਬਖਸ਼ਿਸ਼ ਦਾ ਰੂਪ ਹੋ ਜਾਂਦਾ ਹੈ ਅਤੇ ਬਖਸ਼ਿਸ਼ ਦੇ ਖੰਡ ਵਿਚ ਜਾ ਪ੍ਰਵੇਸ਼ ਕਰਦਾ ਹੈ। ਕਰਮ ਖੰਡ ਐਸਾ ਹੀ ਬਖਸ਼ਿਆਂ ਹੋਇਆਂ ਦਾ ਖੰਡ ਜਾਂ ਮੰਡਲ ਹੈ। ਇਸ ਮੰਡਲ ਵਿਚ ਸੂਰੇ, ਵਰਿਆਮ ਵਸਦੇ ਹਨ, ਪ੍ਰਭੂ ਨਾਮ ਦੇ ਸੂਰੇ ਜਿਨ੍ਹਾਂ ਬਾਰੇ ਗੁਰਬਾਣੀ ਵਿਚ ਕਿਹਾ ਹੈ -

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ*
*ਸੋ ਕਹੀਅਤ ਹੈ ਸੂਰਾ ॥*
*ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥*
*ਅੰਗ- ੬੮੦*

ਇਸ ਖੰਡ ਵਿਚ ਦਵੰਦ-ਬਿਰਤੀ ਵਾਲੇ, ਡੋਲ ਜਾਣ ਵਾਲੇ, ਕੱਚੇ ਕਮਜ਼ੋਰਾਂ ਦਾ ਕੋਈ ਥਾਂ ਨਹੀਂ। ਇਹ ਅਸਥਾਨ ਕਰੜੀ ਘਾਲਣਾ ਪਿਛੋਂ ਬਖਸ਼ਿਸ਼ ਨੂੰ ਪ੍ਰਾਪਤ ਹੋਏ ਮਨੁੱਖਾਂ ਲਈ ਹੈ, ਜਿਨ੍ਹਾਂ ਬਾਰੇ ਅੰਤਲੇ ਸਲੋਕ ਵਿਚ ਇੰਜ ਕਿਹਾ ਗਿਆ ਹੈ -

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ (ਸਲੋਕ)*

ਕਰਮ ਖੰਡ ਅਤੇ ਸਚਖੰਡ ਦੀ ਪਉੜੀ ਇਸ ਪ੍ਰਕਾਰ ਹੈ-

***ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥ ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥ ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥ ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥ ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥ ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥ ੩੭ ॥***

ਕਰਮ ਖੰਡ ਵਿਚ ਐਸੇ ਉਜਲੇ ਮੁੱਖ ਵਾਲੇ ਸੂਰਮਿਆਂ ਦਾ ਵਾਸਾ ਹੈ ਜਿਨ੍ਹਾਂ ਦੇ ਹਿਰਦਿਆਂ ਵਿਚ ਸਰਬ ਵਿਆਪਕ ਰਾਮ ਵਸਦਾ ਹੈ, ਸੱਚ ਨੂੰ ਜਾਣਨ ਵਾਲੇ, ਸੱਚ ਨੂੰ ਅਨੁਭਵ ਕਰਨ ਵਾਲੇ, ***'ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥'*** ਕਸਵੱਟੀ ਤੇ ਪੂਰੇ ਉਤਰਨ ਵਾਲੇ ਐਸੇ ਮਹਾਂਬਲੀਆਂ ਦਾ ਮਨ-ਚਿਤ ਸਦਾ ਹੀ ਰੱਬੀ ਮਹਿਮਾ ਵਿਚ ਸੀਤਾ, ਪਰੋਤਾ ਰਹਿੰਦਾ ਹੈ, ਉਨ੍ਹਾਂ ਦੇ ਸੁੰਦਰ ਸਰੂਪ ਦਾ ਕਥਨ ਨਹੀਂ ਹੋ ਸਕਦਾ। ਐਸੇ ਬਲਵਾਨ ਜੋਧੇ, ਸੰਤ ਬਖਸ਼ਿਸ਼ ਪ੍ਰਾਪਤ ਮਹਾਂਪੁਰਸ਼, ਕਾਲ ਸੀਮਾਂ ਤੋਂ ਬਾਹਰ ਹੁੰਦੇ ਹਨ, ਜੰਮਦੇ ਮਰਦੇ ਨਹੀਂ, ਨਾਹੀ ਨੀਵੇਂ ਮਾਇਕ ਕੌਤਕਾਂ ਨਾਲ ਕਦੇ ਵੀ ਠੱਗੇ ਜਾਂਦੇ ਹਨ, ਅਰਥਾਤ ਉਹ ਨੀਵਾਣ ਵਲ ਖਿਚੇ ਜਾਣ ਵਾਲੀ ਅਵਸਥਾ ਲੰਘ ਚੁਕੇ ਹੁੰਦੇ ਹਨ। ਇਸ ਅਵਸਥਾ ਦਾ ਬਖਾਨ ਗੁਰੂ ਅਰਜਨ ਦੇਵ ਜੀ ਦੇ ਨਿਮਨ ਸ਼ਬਦ ਵਿਚ ਪ੍ਰਾਪਤ ਹੈ -

*ਸੁਖ ਮਹਲ ਜਾ ਕੇ ਊਚ ਦੁਆਰੇ ॥*
*ਤਾ ਮਹਿ ਵਾਸਹਿ ਭਗਤ ਪਿਆਰੇ ॥ ੧ ॥*
*ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥*
*ਵਿਰਲੈ ਕਾਹੂ ਨੇਤ੍ਰਹੁ ਡੀਠੀ ॥ ੧ ॥ ਰਹਾਉ ॥*
*ਤਹ ਗੀਤ ਨਾਦ ਅਖਾਰੇ ਸੰਗਾ ॥*
*ਊਹਾ ਸੰਤ ਕਰਹਿ ਹਰਿ ਰੰਗਾ ॥ ੨ ॥*
*ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥*
*ਸਾਚ ਨਾਮ ਕੀ ਅੰਮ੍ਰਿਤ ਵਰਖਾ ॥ ੩ ॥*
*ਗੁਹਜ ਕਥਾ ਇਹ ਗੁਰ ਤੇ ਜਾਣੀ ॥*
*ਨਾਨਕੁ ਬੋਲੈ ਹਰਿ ਹਰਿ ਬਾਣੀ ॥ ੪ ॥ ੬ ॥ ੧੨ ॥*
*ਅੰਗ - ੭੩੯*

ਇਸ ਖੰਡ ਬਾਰੇ ਅਗਲੀ ਵਿਚਾਰ ਇਹ ਹੈ ਕਿ ਏਥੇ ਕਈ ਲੋਕਾਂ ਦੇ ਭਗਤ ਵਸਦੇ ਹਨ। ਉਨ੍ਹਾਂ ਦੇ ਹਿਰਦੇ ਵਿਚ ਸੱਚਾ ਪ੍ਰਭੂ ਵਸਦਾ ਹੈ ਅਤੇ ਉਹ ਇਸ ਮਿਲਾਪ ਦਾ ਸਦੀਵ ਅਨੰਦ ਮਾਣਦੇ ਹਨ। ***'ਤਿਥੈ ਭਗਤ ਵਸਹਿ ਕੇ ਲੋਅ'*** ਦਾ ਸਪਸ਼ਟ ਭਾਵ ਹੈ ਕਿ ਬ੍ਰਹਿਮੰਡ ਵਿਚ ਕਈ ਐਸੇ ਲੋਕ ਹਨ, ਗ੍ਰਹਿ ਹਨ, ਧਰਤੀਆਂ ਹਨ ਜਿਥੇ ਜੀਵਨ ਹੈ, ਜਿਥੇ ਪ੍ਰਭੂ ਭਗਤੀ ਵਿਚ ਵਿਲੀਨ ਸੰਤ ਮਹਾਤਮਾ ਵਸਦੇ ਹਨ ਅਤੇ 'ਕਰਮ ਖੰਡ' ਵਿਚ ਵਰਣਿਤ ਉੱਚੀਆਂ ਅਵਸਥਾਵਾਂ ਨੂੰ ਪ੍ਰਾਪਤ ਹਨ। ਗਿਆਨ ਖੰਡ ਵਿਚ ਵੀ ਇਹ ਕਿਹਾ ਹੈ ਕਿ ਕਿਤਨੀਆਂ ਹੀ ਕਰਮ ਧਰਮ ਕਮਾਉਣ ਵਾਲੀਆਂ ਧਰਤੀਆਂ, 'ਕੇਤੀਆਂ ਕਰਮ ਭੂਮੀ' ਕਿਤਨੇ ਹੀ ਸੂਰਜ, ਚੰਦਰਮੇ, ਤਾਰਿਆਂ ਦੇ ਮੰਡਲ ਅਤੇ ਅਣਗਿਣਤ ਦੇਸ ਹਨ - ***ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।'*** ਸੋ ਇਸ ਅਵਸਥਾ ਨੂੰ ਪ੍ਰਾਪਤ ਭਗਤ ਕਈ 'ਲੋਕਾ' ਧਰਤੀਆਂ ਤੇ ਵਸਦੇ ਹਨ। ਐਸਾ ਹਾਲੀ ਸਾਇੰਸ ਦੀ ਲਭਤ ਤੋਂ ਬਾਹਰ ਹੈ। ਸਾਡੀ ਸਮਝ ਅਤੇ ਪਹੁੰਚ ਤੋਂ ਬਾਹਰ ਹੈ ਪਰ ਗੁਰੂ ਵਿਚ ਵਿਸ਼ਵਾਸ਼ ਰੱਖਣ ਵਾਲਿਆਂ ਦਾ ਇਸ ਕਥਨ ਵਿਚ ਪੂਰਾ

ਨਿਸਚਾ ਹੈ।

ਕਰਮ ਖੰਡ ਸਾਡੇ ਅੰਦਰ ਵੀ ਹੈ ਅਤੇ ਸਥੂਲ ਰੂਪ ਵਿਚ ਐਸੀ ਭੂਮੀ ਜਾਂ ਖੰਡ ਦੀ ਸੰਭਾਵਨਾ ਵੀ ਹੈ, ਜਿਥੇ ਬਖਸ਼ਿਸ਼ ਪ੍ਰਾਪਤ ਆਤਮਾਵਾਂ ਵਸਦੀਆਂ ਹਨ। 'ਤਿਥੈ ਭਗਤ ਵਸਹਿ ਕੇ ਲੋਅ' ਐਸੇ ਲੋਕ ਦੀ ਹੋਂਦ ਵਲ ਇਸ਼ਾਰਾ ਹੈ। ਕੋਈ ਅਨੁਭਵੀ ਮਹਾਂਪੁਰਖ ਆਪਣੇ ਤਜਰਬੇ ਦੇ ਆਧਾਰ ਤੇ ਹੀ ਇਸ ਦਾ ਨਿਰਣਾ ਕਰ ਸਕਦਾ ਹੈ। ਪਰ ਇਸ ਦੀ ਸੰਭਾਵਨਾ ਤੋਂ, ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਏਥੇ ਵਸਦੀਆਂ ਆਤਮਾਵਾਂ ਦਾ ਜੀਵਨ ਇਸ ਧਰਤੀ ਤੇ ਵਸਦੇ ਮਨੁੱਖਾਂ ਨਾਲੋਂ ਹੋਰ ਪ੍ਰਕਾਰ ਦਾ ਹੈ।

**ਅਗਲਾ ਖੰਡ ਸੱਚਖੰਡ ਹੈ** – ਜੋ ਪ੍ਰਮਾਤਮਾ ਦਾ, ਨਿਰੰਕਾਰ ਦਾ ਨਿੱਜ ਅਸਥਾਨ ਹੈ ਜਿਥੋਂ ਉਹ ਬ੍ਰਹਿਮੰਡ ਨੂੰ ਪੈਦਾ ਕਰਦੇ ਵੇਖਦਾ ਹੈ, ਆਪਣੀ ਕਿਰਤ ਨੂੰ ਹੁਕਮ ਅਨੁਸਾਰ ਸੰਚਾਲਨ ਕਰਦਾ ਹੈ, ਸੰਭਾਲਦਾ ਹੈ, ਮਿਹਰ–ਭਰੀ ਦ੍ਰਿਸ਼ਟੀ ਕਰਦਾ ਹੈ ਅਤੇ ਨਿਹਾਲ ਹੁੰਦਾ ਹੈ। ਇਹ ਸਭ ਕੁਝ ਕਰਨ ਲਈ ਉਸ ਨੂੰ ਕੋਈ ਵਿਸ਼ੇਸ਼ ਉਦਮ ਨਹੀਂ ਕਰਨਾ ਪੈਂਦਾ, ਨਾਹੀ ਕੋਈ ਵਿਸ਼ੇਸ਼ ਸਮਾਂ ਲਗਦਾ ਹੈ। ***'ਕੀਤਾ ਪਸਾਉ ਏਕੋ ਕਵਾਉ'*** ਅਨੁਸਾਰ ਇਹ ਸਭ ਰਚਨਾ ਇਕ ਫੁਰਨੇ ਦਾ ਪ੍ਰਤੀਕਰਮ ਹੈ। ਇਸ ਫੁਰਨੇ ਨਾਲ ਅਨੇਕਾਂ ਖੰਡਾਂ, ਮੰਡਲਾਂ ਤੇ ਬ੍ਰਹਿਮੰਡਾਂ ਦੀ ਰਚਨਾ ਹੋ ਰਹੀ ਹੈ ਜਿਸ ਦਾ ਕੋਈ ਲੇਖਾ ਜੋਖਾ ਨਹੀਂ ਹੋ ਸਕਦਾ। ਇਸ ਬੇਅੰਤ ਰਚਨਾ ਵਿਚ ਅਨੇਕਾਂ ਲੋਕਾਂ, ਦੇਸ਼ਾਂ ਅਤੇ ਇਨ੍ਹਾਂ ਵਿਚ ਪ੍ਰਵੇਸ਼ ਕਰਨ ਵਾਲੇ ਬੇਅੰਤ ਜੀਅ ਜੰਤ ਸ਼ਾਮਲ ਹਨ ਜਿਨ੍ਹਾਂ ਦਾ ਕਥਨ ਕਰਨਾ ਬਹੁਤ ਕਠਨ ਹੈ। ਇਹ ਸਭ ਰਚਨਾ ਹੁਕਮ ਵਿਚ ਕਿਰਿਆਸ਼ੀਲ ਹੈ। ਨਿਰੰਕਾਰ ਸਭ ਕਿਰਤ ਨੂੰ ਕਿਰਿਆਸ਼ੀਲ ਹੁੰਦਾ ਵੇਖਦਾ ਤੇ ਵਿਗਸਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਸੱਚਖੰਡ ਦੀ ਵਿਥਿਆ ਨੂੰ ਦਸਣਾ ਬੜਾ ਕਠਨ ਹੈ।

ਇਸ ਵਿਆਖਿਆ ਅਨੁਸਾਰ ਜੇ ਨਿਰੰਕਾਰ ਦਾ ਵਾਸਾ 'ਸਚਖੰਡ' ਵਿਚ ਹੈ, ਜਿਥੋਂ ਉਹ ਰਚਨਾ–ਰਚਦਾ ਤੇ ਸੰਭਾਲ ਕਰਦਾ ਹੈ, ਤਾਂ ਉਸ ਦੀ ਹੋਂਦ ਇਕ ਵਿਸ਼ੇਸ਼ ਖੰਡ ਵਿਚ ਸੀਮਤ ਹੋ ਜਾਂਦੀ ਹੈ ਜਦ ਕਿ ਪ੍ਰਮਾਤਮਾ ਸਭ ਥਾਂ ਪਰੀਪੂਰਨ ਹੈ। ਐਸੀ ਮੁਸ਼ਕਲ ਸਾਡੀ ਸਰੀਰਕ ਸੀਮਾ ਤੋਂ ਅਤੇ ਸੀਮਤ ਬੁੱਧੀ ਤੋਂ ਪੈਦਾ ਹੁੰਦੀ ਹੈ। ਪ੍ਰਮਾਤਮਾ ਦੀ ਵਚਿੱਤਰ ਲੀਲਾ ਹੈ, ਉਹ ਪਰੀਪੂਰਨ ਵੀ ਹੈ, ਨਿਰਲੇਪ ਵੀ ਹੈ। ਉਹ ਸਰਗੁਣ ਵੀ ਹੈ, ਨਿਰਗੁਣ ਵੀ।

*ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥*
*ਕਲਾ ਧਾਰਿ ਜਿਨਿ ਸਗਲੀ ਮੋਹੀ ॥* *ਅੰਗ- ੨੮੭*

ਇਹ ਉਸ ਦੀ ਕਲਾ ਹੈ ਜਿਸ ਤੋਂ ਵਚਿੱਤਰ ਵਿਚਾਰ ਉਤਪੰਨ ਹੁੰਦੇ ਹਨ। ਜਪੁਜੀ ਵਿਚ ਫੁਰਮਾਇਆ ਹੈ –

*ਗਾਵੈ ਕੋ ਜਾਪੈ ਦਿਸੈ ਦੂਰਿ ॥*
*ਗਾਵੈ ਕੋ ਵੇਖੈ ਹਾਦਰਾ ਹਦੂਰਿ ॥* *ਅੰਗ- ੨*

ਉਹ ਪਰੀਪੂਰਨ ਅਤੇ ਨਿਰਲੇਪ ਪ੍ਰਭੂ ਸ੍ਰਿਸ਼ਟੀ ਦੀ ਰਚਨਾ ਕਰਕੇ ਆਪ ਵਿਚ ਪਰੀਪੂਰਨ ਹੋ ਗਿਆ, ਆਸਣ ਜਮਾ ਕੇ ਬੈਠ ਗਿਆ –

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
*ਅੰਗ- ੪੬੩*

ਉਹ ਰਚਨਹਾਰ ਹੈ, ਕਰਤਾ ਪੁਰਖ ਹੈ, ਉਹ ਰਚਨਾ ਕਰਦਾ ਹੈ, ਉਸ ਦਾ ਰੂਪ ਪਰਿਵਰਤਨ ਹੈ, ਜਿਵੇਂ ਦੁੱਧ ਤੋਂ ਦਹੀਂ ਬਣ ਜਾਂਦਾ ਹੈ ਤਾਂ ਦੁੱਧ ਦੀ ਹੋਂਦ ਖਤਮ ਹੋ ਜਾਂਦੀ ਹੈ, ਦੁੱਧ–ਦੁੱਧ ਨਹੀਂ ਰਹਿੰਦਾ। ਐਸੀ ਗੱਲ ਨਹੀਂ। ਪ੍ਰਮਾਤਮਾ ਰਚਨਾ ਰਚ ਕੇ, 'ਬੈਠਾ ਵੇਖੈ ਵਖ ਅਕੇਲਾ' ਉਸ ਦੀ ਸੰਭਾਲ ਕਰਦਾ ਹੈ। ਰਚਨਾ ਵਿਚ ਵਿਦਮਾਨ ਵੀ ਹੈ, ਵੱਖਰਾ ਵੀ। ਰਚਨਾ ਪ੍ਰਮਾਤਮਾ ਤੋਂ ਹੋਈ, ਉਹ ਆਪ ਇਸ ਵਿਚ ਵਿਦਮਾਨ ਹੈ, ਪਰ ਉਹ ਕੇਵਲ ਰਚਨਾ ਨਹੀਂ। ਰਚਨਾ ਉਸ ਦੀ ਖੇਡ ਹੈ, ਲੀਲ੍ਹਾ ਹੈ। ਦਰਅਸਲ ਉਹ ਸਭ ਕੁਝ ਆਪ ਹੀ ਆਪ ਹੈ। ਬਿਹਾਗੜੇ ਦੀ ਵਾਰ ਮਹਲਾ ੫ ਦੀਆਂ ੨੧ ਪਉੜੀਆਂ ਵਿਚ ਇਹੋ ਵਿਸ਼ਾ ਲਿਆ ਹੈ। ਨਮੂਨੇ ਵਜੋਂ 2 ਪਉੜੀਆਂ ਹਾਜ਼ਰ ਹਨ –

*ਆਪੇ ਸਭ ਘਟ ਅੰਦਰੇ ਆਪੇ ਹੀ ਬਾਹਰਿ ॥*
*ਆਪੇ ਗੁਪਤੁ ਵਰਤਦਾ ਆਪੇ ਹੀ ਜਾਹਰਿ ॥*
*ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ ॥*
*ਓਥੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ ॥*
*ਬੈਠਾ ਤਾੜੀ ਲਾਇ ਆਪਿ ਸਭ ਦੂ ਹੀ ਬਾਹਰਿ ॥*
*ਆਪਣੀ ਮਿਤਿ ਆਪਿ ਜਾਣਦਾ ਆਪੇ ਹੀ ਗਉਹਰੁ ॥੧੮ ॥*
*ਅੰਗ- ੫੫੫*

*ਆਪੇ ਜੰਤ ਉਪਾਇਅਨੁ ਆਪੇ ਆਧਾਰੁ ॥*
*ਆਪੇ ਸੂਖਮੁ ਭਾਲੀਐ ਆਪੇ ਪਾਸਾਰੁ ॥*
*ਆਪਿ ਇਕਾਤੀ ਹੋਇ ਰਹੈ ਆਪੇ ਵਡ ਪਰਵਾਰੁ ॥*
*ਨਾਨਕੁ ਮੰਗੈ ਦਾਨੁ ਹਰਿ ਸੰਤਾ ਰੇਨਾਰੁ ॥*
*ਹੋਰੁ ਦਾਤਾਰੁ ਨ ਸੁਝਈ ਤੂ ਦੇਵਣਹਾਰੁ ॥* *ਅੰਗ- ੫੫੬*

ਪਹਿਲੀ ਪਉੜੀ ਵਿਚ ਉਠਾਏ ਪ੍ਰਸ਼ਨ 'ਕਿਵ ਸਚਿਆਰਾ ਹੋਈਐ' ਨੂੰ ਅਗਲੀਆਂ 33 ਪਉੜੀਆਂ ਵਿਚ ਵਿਚਾਰਿਆ ਗਿਆ ਹੈ ਅਤੇ ਪਉੜੀ 34–37 ਵਿਚ ਸਚਿਆਰੇ ਮਨੁੱਖ, ਪ੍ਰਵਾਨਤ ਹੋਏ 'ਪੰਚ ਜਨਾ ਦੀਆਂ ਪੰਜ ਅਵਸਥਾਵਾਂ ਦੱਸੀਆਂ ਹਨ। ਅੰਤਲੀ ਅਵਸਥਾ ਵਿਚ ਪਰਵੇਸ਼ ਕਿਵੇਂ ਹੋਵੇ? ਸੱਚਖੰਡ ਵਾਲੀ ਉਚੀ ਧਾਰਮਿਕ ਅਵਸਥਾ ਤਦੋਂ ਹੀ ਬਣ ਸਕਦੀ ਹੈ ਜੇ ਆਚਰਨ ਪਵਿੱਤਰ ਹੋਵੇ, ਦੂਜਿਆਂ ਦੀ ਵਧੀਕੀ ਸਹਾਰਨ ਦਾ ਹੌਂਸਲਾ ਹੋਵੇ, ਉਚੀ ਤੇ ਵਿਸ਼ਾਲ ਸਮਝ ਹੋਵੇ, ਪ੍ਰਭੂ ਦਾ ਡਰ ਹਿਰਦੇ ਵਿਚ ਟਿਕਿਆ ਰਹੇ, ਸੇਵਾ ਦੀ ਘਾਲ ਘਾਲੀ ਜਾਏ, ਖਾਲਕ ਤੇ ਖਲਕ ਦਾ ਪਿਆਰ ਦਿਲ ਵਿਚ ਹੋਵੇ। ਇਸ ਤਰ੍ਹਾਂ ਜਤ, ਧੀਰਜ, ਮਤ, ਗਿਆਨ, ਭਉ, ਘਾਲ ਅਤੇ ਪ੍ਰੇਮ ਦੇ ਗੁਣ ਇਕ ਸੱਚੀ ਟਕਸਾਲ ਹੈ ਜਿਸ ਵਿਚ ਗੁਰ ਸ਼ਬਦ ਦੀ ਮੋਹਰ ਘੜੀ ਜਾਂਦੀ ਹੈ। ਸਰਕਾਰੀ ਸਿੱਕੇ ਘੜਨ ਵਾਲੀ ਟਕਸਾਲ ਦਾ ਚਿੰਨ੍ਹ ਵਰਤ ਕੇ ਗੁਰੂ ਜੀ ਗੁਰਸਿੱਖ ਦੀ ਸੱਚੀ ਸ਼ਖਸੀਅਤ ਘੜਨ ਦਾ ਮਾਰਗ ਦਰਸ਼ਨ ਕਰਦੇ ਹਨ

ਕਿ ਜੇ ਜਤ-ਰੂਪ ਦੁਕਾਨ ਹੋਵੇ, ਉਸ-ਮਤ-ਅਹਿਰਣ ਉਤੇ ਗਿਆਨ ਦਾ ਹਥੌੜਾ ਵੱਜੇ ਅਤੇ ਜੇ ਅਕਾਲ ਪੁਰਖ ਦਾ ਡਰ ਧੌਂਕਣੀ ਹੋਵੇ, ਘਾਲ-ਕਮਾਈ ਅੱਗ ਹੋਵੇ, ਪ੍ਰੇਮ ਕੁਠਾਲੀ ਹੋਵੇ ਤਾਂ ਉਸ ਕੁਠਾਲੀ ਵਿਚ ਅਕਾਲ ਪੁਰਖ ਦਾ ਅੰਮ੍ਰਿਤ ਨਾਮ ਗਲਾਵੇ ਕਿਉਂਕਿ ਇਹੋ ਜਿਹੀ ਹੀ ਸੱਚੀ ਟਕਸਾਲ ਵਿਚ ਗੁਰੂ ਦਾ ਸ਼ਬਦ ਘੜਿਆ ਜਾ ਸਕਦਾ ਹੈ। ਪਰ ਇਹ ਕਿਰਿਆ ਪ੍ਰਭੂ ਨਦਰ ਬਿਨਾਂ ਸੰਭਵ ਨਹੀਂ। ਇਹ ਕਾਰ ਉਨ੍ਹਾਂ ਮਨੁੱਖਾਂ ਦੀ ਹੀ ਹੈ ਜਿਨ੍ਹਾਂ ਉਤੇ ਮਿਹਰ ਦੀ ਨਜ਼ਰ ਹੁੰਦੀ ਹੈ, ਜਿਨ੍ਹਾਂ ਉਤੇ ਬਖਸ਼ਿਸ਼ ਹੁੰਦੀ ਹੈ। ਐਸੇ ਮਨੁੱਖ ਅਕਾਲ ਪੁਰਖ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਨਿਹਾਲ ਹੋ ਜਾਂਦੇ ਹਨ -

*ਜਤੁ ਪਾਹਾਰਾ ਧੀਰਜੁ ਸੁਨਿਆਰੁ ॥*
*ਅਹਰਣਿ ਮਤਿ ਵੇਦੁ ਹਥੀਆਰੁ ॥*
*ਭਉ ਖਲਾ ਅਗਨਿ ਤਪ ਤਾਉ ॥*
*ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥*
*ਘੜੀਐ ਸਬਦੁ ਸਚੀ ਟਕਸਾਲ ॥*
*ਜਿਨ ਕਉ ਨਦਰਿ ਕਰਮੁ ਤਿਨ ਕਾਰ ॥*
*ਨਾਨਕ ਨਦਰੀ ਨਦਰਿ ਨਿਹਾਲ ॥* *ਪਉੜੀ ੩੮*

ਜਪੁਜੀ ਦੀਆਂ 38 ਪਉੜੀਆਂ ਇਥੇ ਸਮਾਪਤ ਹੁੰਦੀਆਂ ਹਨ। ਅਗਲੇ ਅਖੀਰਲੇ ਸਲੋਕ ਵਿਚ 'ਜਪੁ' ਦਾ ਸਿਧਾਂਤ ਦੱਸਿਆ ਹੈ। ਜਿਵੇਂ ਪ੍ਰਾਣ ਸਰੀਰਾਂ ਦਾ ਸਹਾਰਾ ਹਨ ਤਿਵੇਂ ਗੁਰੂ ਜੀਵਾਂ ਦਾ ਆਤਮਕ ਜੀਵਨ ਹੈ। ਪਾਣੀ ਪਿਤਾ ਸਮਾਨ ਹੈ ਜੋ ਪਾਲਨਾ ਕਰਦਾ ਹੈ, ਧਰਤੀ ਸਭ ਦੀ ਵੱਡੀ ਮਾਂ ਹੈ। ਦਿਨ ਅਤੇ ਰਾਤ ਦੋਵੇਂ ਖਿਡਾਵਾ ਤੇ ਖਿਡਾਵੀ ਹਨ, ਸਾਰਾ ਸੰਸਾਰ ਦਿਨ ਨੂੰ ਕਾਰ-ਵਿਹਾਰ ਵਿਚ ਤੇ ਰਾਤ ਨੂੰ ਸੌਣ ਦੀ ਖੇਡ ਖੇਡਦਾ ਹੈ। ਧਰਮਰਾਜ, ਅਕਾਲ ਪੁਰਖ ਦੀ ਹਜ਼ੂਰੀ ਵਿਚ, ਜੀਵਾਂ ਦੀ ਇਸ ਖੇਡ ਦੇ ਚੰਗੇ ਤੇ ਮੰਦੇ ਕੰਮਾਂ ਦੀ ਵਿਚਾਰ ਕਰਦਾ ਹੈ। ਆਪੋ ਆਪਣੇ ਇਨ੍ਹਾਂ ਕੀਤੇ ਹੋਏ ਕਰਮਾਂ ਅਨੁਸਾਰ ਕਈ ਜੀਵ ਅਕਾਲ ਪੁਰਖ ਦੇ ਨੇੜੇ ਅਤੇ ਕਈ ਉਸ ਤੋਂ ਦੂਰ ਰਹਿ ਜਾਂਦੇ ਹਨ। ਜਿਨ੍ਹਾਂ ਮਨੁੱਖਾਂ ਨੇ ਨਾਮ ਜਪਿਆ ਹੈ, ਉਹ ਆਪਣੀ ਮਿਹਨਤ ਸਫਲੀ ਕਰ ਜਾਂਦੇ ਹਨ। ਅਕਾਲ ਪੁਰਖ ਦੇ ਦਰ ਤੇ ਅਜਿਹੇ ਪ੍ਰਾਣੀ ਉਜਲਾ ਮੁੱਖ ਲੈ ਕੇ ਜਾਂਦੇ ਹਨ ਅਤੇ ਹੋਰ ਭੀ ਕਈ ਜੀਵ ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਤੇ ਮੁਕਤ ਹੋ ਜਾਂਦੇ ਹਨ -

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥*
*ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥*
*ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥*
*ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥*
*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥*

*ਚਲਦਾ......॥'*

*(ਪੰਨਾ 26 ਦੀ ਬਾਕੀ)*

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*
*ਅੰਗ- ੬੬੯*

ਆਗਿਆ ਮੰਨ ਲਓ ਇਨ੍ਹਾਂ ਦੀ, ਗੁਰੂ ਵਾਲੇ ਬਣ ਜਾਓ।

ਬਾਕੀ ਇਕ ਬੇਨਤੀ ਮੈਂ ਵੀ ਕਰਦਾ ਹਾਂ ਕਿ 'ਆਤਮ ਮਾਰਗ' ਮੈਗਜ਼ੀਨ ਕਿਸੇ ਪ੍ਰੇਰਨਾ ਅਧੀਨ ਹੋਇਐ। ਮੈਨੂੰ ਤੁਹਾਡੇ ਬੀਜੀ ਕਹਿੰਦੇ, ਤੁਸੀਂ ਏਸ ਉਮਰ 'ਚ ਆ ਕੇ ਕਿਉਂ ਲਿਖਣ ਲੱਗੇ ਹੋਂ, ਪਹਿਲਾਂ ਕਿਉਂ ਨਹੀਂ ਲਿਖਿਆ। ਹੁਣ ਆ ਕੇ ਮੈਗਜ਼ੀਨ ਕੱਢਦੇ ਹੋਂ, ਪਹਿਲਾਂ ਕਿਉਂ ਨਾ ਕੱਢਿਆ। ਮੈਂ ਕਿਹਾ, ਮੈਨੂੰ ਤਾਂ ਪਤਾ ਹੀ ਨਹੀਂ ਸੀ। ਹੁਣ ਵੀ ਮੈਂ ਨਹੀਂ ਕੱਢਦਾ, ਮੇਰੇ ਤੋਂ ਲਿਖਵਾਇਆ ਜਾ ਰਿਹੈ, ਕਢਵਾਇਆ ਜਾ ਰਿਹੈ। ਪਤਾ ਨਹੀਂ ਇਹਦਾ ਮਤਲਬ ਕੀ ਹੈ, ਕੀ ਗੁਰੂ ਸਾਹਿਬ ਦਾ ਪ੍ਰੋਗਰਾਮ ਹੈ। ਇਹ ਨਾ ਮੇਰਾ ਹੈ। ਇਕ ਪੈਸਾ ਵੀ ਨਹੀਂ ਇਹਦੇ ਵਿਚੋਂ ਲੈਂਦੇ। ਲੈਣ ਦਾ ਪਤਾ ਹੀ ਨਹੀਂ, ਸਾਰੇ ਸੇਵਾਦਾਰ ਨੇ, ਫਰੀ ਸੇਵਾ ਕਰਦੇ ਨੇ। ਕਿਸੇ ਨੂੰ ਨਹੀਂ ਪਤਾ ਕਿ ਇਹ ਘਾਟੇ 'ਚ ਕੰਮ ਕਰਦੈ ਕਿ ਵਾਧੇ 'ਚ ਕਰਦੈ। ਖਰਚੇ ਜਿਹੜੇ ਹੁੰਦੇ ਨੇ ਕਰੀ ਜਾਂਦੇ ਨੇ। ਕਰਮਚਾਰੀਆਂ ਤੋਂ ਬਗ਼ੈਰ ਸਾਰੇ ਸੇਵਾ ਕਰ ਰਹੇ ਨੇ। ਸੈਂਕੜੇ ਬੰਦੇ ਸੇਵਾ 'ਚ ਲੱਗੇ ਹੋਏ ਨੇ। ਕੋਈ ਥਾਂ-ਥਾਂ 'ਤੇ ਵੰਡ ਰਹੇ ਨੇ। ਕੋਈ ਇਹਦੀ ਹੋਰ ਸੇਵਾ ਕਰ ਰਹੇ ਨੇ। ਸੋ ਇਸ ਤਰ੍ਹਾਂ ਇਕ-ਇਕ ਲੈ ਜਾਓ, ਪੜ੍ਹੋ, ਜੇ ਤੁਹਾਡਾ ਮਨ ਮੰਨਿਆ ਤਾਂ ਇਹਦੇ ਮੈਂਬਰ ਪੱਕੇ ਬਣ ਜਾਇਓ। ਨਾ ਬਣਿਆ ਤਾਂ ਪੜ੍ਹਨ ਵਿਚ ਕੋਈ ਹਰਜ ਨਹੀਂ ਹੈ। ਤੁਹਾਡੀ ਯਾਤਰਾ ਸਫ਼ਲ ਹੋ ਜਾਏਗੀ। ਮੇਰਾ ਵਿਸ਼ਵਾਸ਼ ਹੈ ਕਿ ਜਿਸ ਘਰ ਦੇ ਵਿਚ ਇਹ ਮੈਗਜ਼ੀਨ ਜਾਏਗਾ ਉਥੋਂ ਕਲੇਸ਼ ਹਟ ਜਾਏਗਾ, ਉਸੇ ਵੇਲੇ। ਦੁਖ-ਦਰਦ ਹਟ ਜਾਏਗਾ। ਪਰੇਸ਼ਾਨੀਆਂ ਹਟ ਜਾਣਗੀਆਂ, ਕਿਉਂਕਿ ਪ੍ਰਭੂ ਦਾ ਨਾਮ ਹੈ ਇਹਦੇ ਵਿਚ। ਪ੍ਰਭੂ ਦੇ ਨਾਮ ਨੇ ਸੁਮੱਤ ਦੇਣੀ ਹੈ, ਉਥੇ ਬਰਕਤ ਪੈਣੀ ਹੈ। ਸੋ ਇਸ ਕਰਕੇ ਇਹ ਕੋਈ ਐਵੇਂ ਮੈਗਜ਼ੀਨ ਨਹੀਂ ਹੈ। ਇਹ ਤਾਂ ਹੁਕਮ ਦੇ ਵਿਚ ਹੋ ਰਹੀ ਕਾਰ ਹੈ। ਸਾਨੂੰ ਤਾਂ ਵਿਚ ਤੰਤੂ ਬਣਾਇਆ ਹੋਇਐ। ਹੁਣ ਸਾਰੇ ਪ੍ਰੇਮੀ ਜਿਹੜੇ ਹਾਲੇ ਤਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

*ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।*

*(ਵੀਡੀਓ ਫਿਲਮ, ਦੀਵਾਨ ਨੰ: 718 ਦੀ ਬਾਕੀ)*

# ਈਸ਼੍ਵਰ ਅਮੋਲਕ ਲਾਲ

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

## 101.

*ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥* *ਅੰਗ - ੬੦੮*

ਇਨਸਾਨੀ ਅੰਤਹਕਰਣ ਮੇਂ ਭੀ ਤੀਨ ਦੋਸ਼ ਹੈਂ ਜੋ ਕਿ ਅੰਦਰ ਹੀ ਰਹਿਤੇ ਹੁਏ ਪਰਮੇਸ਼ਰ ਕੋ ਨਜ਼ਰ ਨਹੀਂ ਆਨੇ ਦੇਤੇ।

1. ਮਲ 2. ਵਿਖਸ਼ੇਪ 3. ਅਵਰਨ

1. ਮਲ - ਪਿਛਲੇ ਜਨਮ ਔਰ ਇਸ ਜਨਮ ਕੇ ਪਾਪ ਜਿਨ ਸੇ ਕਿ ਮਨ ਰੂਪੀ ਸ਼ੀਸ਼ਾ ਅੰਧਲਾ ਹੋ ਚੁੱਕਾ ਹੈ।

2. ਵਿਖਸ਼ੇਪ - ਮਨ ਹਿਲਤਾ ਰਹਿਤਾ ਹੈ। ਭਜਨ ਪਾਠ ਕੇ ਸਮਯ ਭੀ ਇਕਾਗਰ ਨਹੀਂ ਹੋਤਾ।

3. ਅਵਰਨ - ਪਰਦਾ, ਕਿ ਮੈਂ, ਔਰ ਹੂੰ, ਪਰਮੇਸ਼ਰ ਔਰ ਹੈ।

ਇਸ ਤੀਨ ਦੋਸ਼ੋਂ ਕੀ ਨਵਿਰਤੀ ਕਾ ਉਪਾਓ ਹਮਾਰੇ ਗੁਰੂ ਜੀ ਨੇ ਤੋ ਕਰਮ, ਉਪਾਸ਼ਨਾ ਔਰ ਗਿਆਨ ਹੀ ਬਤਾਇਆ ਹੈ ਜੋ ਕਿ ਗੁਰਮੁਖ ਦੁਆਰਾ ਹੀ ਹੋਤਾ ਹੈ।

ਜੈਸੇ ਅੰਧੇਰੇ ਮੇਂ, ਪੜੀ ਹੁਈ ਕੋਈ ਬਾਰੀਕ ਚੀਜ਼ ਬਗ਼ੈਰ ਤੇਜ਼ ਨਿਗਾਹ ਔਰ ਤੇਜ਼ ਰੌਸ਼ਨੀ ਕੇ ਨਜ਼ਰ ਨਹੀਂ ਆਇਆ ਕਰਤੀ। ਇਸੀ ਤਰਹ ਸੇ ਪਰਮਾਤਮ ਦੇਵ ਜੋਕਿ ਅਤਿਅੰਤ ਸੂਖਸ਼ਮ ਯਾਨੀ ਨਿਰਾਕਾਰ ਹੈ, ਉਸ ਕੋ ਭੀ ਬ੍ਰਹਮ ਵੀਚਾਰ ਰੂਪੀ ਰੌਸ਼ਨੀ ਸੇ ਹੀ ਦੇਖਾ ਜਾ ਸਕਦਾ ਹੈ, ਵੈਸੇ ਨਹੀਂ।

*ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥* *ਅੰਗ- ੧੨੪*

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥* *ਅੰਗ- ੨੦੫*

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥* *ਅੰਗ- ੧੨੩੭*

## 102.

*ਬ੍ਰਹਮ ਬੀਚਾਰੁ ਬੀਚਾਰੇ ਕੋਇ ॥ ਨਾਨਕ ਤਾ ਕੀ ਪਰਮ ਗਤਿ ਹੋਇ ॥* *ਅੰਗ- ੯੦੦*

*ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥* *ਅੰਗ- ੨੩੮*

ਬ੍ਰਹਮ ਵੀਚਾਰ ਸੇ ਅੰਦਰ ਛੁਪਾ ਹੂਆ ਬ੍ਰਹਮ ਨਜ਼ਰ ਆਇਆ ਕਰਤਾ ਹੈ।

ਸਿਮਰਨ ਕੇ ਸਾਥ ਗੁਰੂ ਸਰੂਪ ਕਾ ਧਿਆਨ ਭੀ ਕੀਆ ਜਾਤਾ ਹੈ ਜੋ ਕਿ ਖਿਆਲ ਕੋ ਪੂਰਾ-ਪੂਰਾ ਯਕਸੂ (ਇਕਾਗਰ) ਮੇਂ ਮਦਦ ਦੇਤਾ ਹੈ। ਜਿਸ ਵਕਤ ਖਿਆਲ ਬਹੁਤ ਹੀ ਸੂਖਸ਼ਮ ਹੋ ਜਾਇਆ ਕਰਤਾ ਹੈ ਉਸ ਵਕਤ ਗੁਰੂ ਮੂਰਤ ਕੇ ਧਿਆਨ ਕੀ ਜ਼ਰੂਰਤ ਨਹੀਂ ਰਹਿ ਜਾਇਆ ਕਰਤੀ। ਬਗ਼ੈਰ ਧਿਆਨ ਸੇ ਹੀ ਸ਼ਬਦ ਕੀ ਧੁਨ ਮੇਂ ਅਨੰਦ ਔਰ ਪੂਰੀ-ਪੂਰੀ ਯਕਸੂਈ ਕਾ ਲਾਭ ਪ੍ਰਾਪਤ ਹੋ ਜਾਇਆ ਕਰਤਾ ਹੈ।

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥* *ਅੰਗ - ੫੨੨*

ਪੂਰੇ ਸਤਿਗੁਰੂ ਕੀ ਪੂਰੀ ਜੁਗਤੀ ਦੁਆਰਾ ਪੂਰਾ ਅਭਿਆਸ ਹੋ ਜਾਵੇ ਤੋ ਮਨ ਕੀ ਸਫਾਈ ਔਰ ਯਕਸੂਈ (ਇਕਾਗਰਤਾ) ਸੇ ਅਗਿਆਨ ਕੀ ਨਵਿਰਤੀ ਹੋ ਜਾਤੇ ਹੀ ਬ੍ਰਹਮ ਗਿਆਨ ਦੁਆਰਾ ਜੀਵਨ ਮੁਕਤੀ ਔਰ ਵਿਦੇਹ ਮੁਕਤੀ ਕੀ ਪ੍ਰਾਪਤੀ ਸ਼ਿਸ਼ ਕੋ ਬਹੁਤ ਹੀ ਜਲਦੀ ਹੋ ਜਾਇਆ ਕਰਤੀ ਹੈ ਔਰ ਮਾਨੁਖ ਤਨ ਧਾਰਨ ਕੀਆ ਸਫ਼ਲ ਹੋ ਜਾਇਆ ਕਰਤਾ ਹੈ।

*ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ - ੧੨*

ਜਿਸ ਵਕਤ ਸੇਵਾ ਸੇ ਮਨ ਕੀ ਸ਼ੁੱਧੀ ਔਰ ਸਿਮਰਨ ਧਿਆਨ ਸੇ ਮਨ ਕੀ ਯਕਸੂਈ (ਇਕਾਗਰਤਾ) ਪੂਰੀ-ਪੂਰੀ ਹੋ ਜਾਇਆ ਕਰਤੀ ਹੈ, ਉਸ ਕੇ ਬਾਅਦ ਬ੍ਰਹਮ ਬੀਚਾਰ ਕਾ ਦਰਜਾ ਆਇਆ ਕਰਤਾ ਹੈ।

For the Concentration of Mind

ਯਹ ਮਾਰਗ ਸੀਨਾ-ਬ-ਸੀਨਾ ਚਲਾ ਆ ਰਹਾ ਹੈ। ਆਮ ਲੋਗੋਂ ਮੇਂ ਇਸ ਕਾ ਪ੍ਰਚਾਰ ਖੁਲ੍ਹਾ ਨਹੀਂ ਕੀਆ ਜਾਤਾ, ਬਲਕਿ ਅਧਿਕਾਰੀ ਕੋ ਅਧਿਕਾਰ ਕੇ ਮੁਤਾਬਿਕ ਮਹਾਂਪੁਰਸ਼ ਯੇਹ ਉਪਦੇਸ਼ ਕਰਤੇ ਚਲੇ ਆਏ ਹੈਂ ਜਿਸਸੇ ਕਿ ਬਿਰਤੀ ਕੀ ਅੰਤਰਮੁਖਤਾ ਦੁਆਰਾ ਸ਼ਕਤੀ ਔਰ ਗਿਆਨ (ਰਿਧੀ ਸਿਧੀ ਔਰ ਵਾਹਿਗੁਰੂ ਮਿਲਾਪ) ਆਸਾਨੀ ਸੇ ਹੋਤਾ ਰਹਾ ਹੈ ਔਰ ਵੁਹ ਮਹਾਂਪੁਰਸ਼ ਦੁਨੀਆਂ ਮੇਂ ਬੇਸ਼ੁਮਾਰ (ਲਾਇੰਤਹਾ) ਜੀਵੋਂ ਕਾ ਉਧਾਰ ਕਰਤੇ ਰਹੇ ਹੈਂ। ਸਿਮਰਨ ਗੁਰੂਮੰਤ੍ਰ ਕਾ ਕੀਆ ਜਾਤਾ ਹੈ।

## 103. ਚਾਰ ਕਿਸਮ ਦੀ ਬਾਣੀ

1. ਬੈਖਰੀ ਬਾਣੀ - ਜ਼ਬਾਨ, ਹੋਂਠ ਔਰ ਖਿਆਲ ਸੇ ਹੂਆ ਕਰਤਾ ਹੈ।

2. ਮੱਧਮਾ ਬਾਣੀ - ਕੰਠ ਮੇਂ ਬਗੈਰ ਜ਼ਬਾਨ ਹੋਂਠ ਹਿਲਾਏ ਸਿਰਫ ਖਿਆਲ ਸੇ ਹੀ।

3. ਪਸੰਤੀ ਬਾਣੀ - ਹਿਰਦੇ ਅਸਥਾਨ ਮੇਂ ਜਹਾਂ ਕਿ ਦਿਲ ਹੈ।

4. ਪਰਾ ਬਾਣੀ - ਨਾਭੀ ਅਸਥਾਨ ਮੇਂ ਬਗੈਰ ਜ਼ਬਾਨ ਕੇ ਸਿਰਫ ਖਿਆਲ ਸੇ ਹੀ ਹੋਤਾ ਹੈ। ਇਸ ਸੇ ਸਾਸ-ਸਾਸ ਭਜਨ ਹੋਤਾ ਹੈ ਜੋ ਕਿ ਪਰਾ ਬਾਣੀ ਔਰ ਮਧਮਾ ਬਾਣੀ ਸੇ ਹੋਤਾ ਹੈ।

ਬਾਣੀ ਸੇ ਊਪਰ ਹੈ ਅਨਹਦ ਸ਼ਬਦ। ਦੋ ਆਖੋਂ ਕੇ ਦਰਮਿਆਨ ਬਿਰਤੀ ਕੋ ਰੋਕ ਕਰ ਸਿਮਰਨ ਹੋਤਾ ਹੈ। ਫਿਰ ਉਸ ਸੇ ਊਪਰ ਆਗਿਆ ਚੱਕਰ ਹੈ। ਜਿਸ ਮੇਂ ਹਜ਼ਾਰ ਦਲ ਕਾ ਕਮਲ ਹੈ। ਉਸ ਸੇ ਊਪਰ ਤ੍ਰਿਕੁਟੀ ਅਸਥਾਨ ਹੈ। ਉਸ ਸੇ ਊਪਰ ਦਸਵਾਂ ਦੁਆਰ ਹੈ ਜਿਸ ਮੇਂ ਬਹੁਤ ਰੌਸ਼ਨੀ ਔਰ ਅਨਹਦ ਧੁਨੀ ਹੋ ਰਹੀ ਹੈ ਔਰ ਇਸ ਸੇ ਭੀ ਊਪਰ ਜਾ ਕਰ ਜੋਗੀ ਕੀ ਸੁਰਤ ਸਚਖੰਡ ਮੇਂ ਪਹੁੰਚ ਕਰ ਪਰਮ ਧਾਮ ਮੈਂ ਜਾ ਨਿਵਾਸ ਕਰਤੀ ਹੈ।

ਜਾਪ ਮਰੇ ਅਪਜਾ ਮਰੇ, ਅਨਹਦ ਭੀ ਮਰ ਜਾਏ।

ਸੁਰਤ ਸਮਾਨੀ ਸ਼ਬਦ ਮੇਂ ਤਾਕਉ ਕਾਲ ਨ ਖਾਇ।

ਸੁਰਤ ਸ਼ਬਦ ਦਾ ਅਭਿਆਸੀ ਸੁਰਤ ਰਾਹੀਂ ਇਹਨਾਂ ਖੰਡਾਂ ਨੂੰ ਪ੍ਰਾਪਤਿ ਹੁੰਦਾ ਹੈ। ਵਾਹਿਗੁਰੂ ਸਿਮਰਨ ਕੇ ਬਲਕਰ ਸੁਰਤ ਤਮਾਮ ਚੱਕਰੋਂ ਕੋ ਬੇਧ ਕਰ ਕੇ ਅਪਨੇ ਘਰ ਪਹੁੰਚਤੀ ਹੈ। ਯਹ ਤਮਾਮ ਚੱਕਰ ਇਨਸਾਨੀ ਜਿਸਮ ਮੇਂ ਹੈਂ, ਜਿਨ ਪਰ ਕਿ ਅਪਨੀ ਸੁਰਤ ਕੋ ਰੋਕਾ ਜਾਤਾ ਹੈ ਔਰ ਅੰਤਰਮੁਖ ਕੀਆ ਜਾਤਾ ਹੈ।

## 104. ਗਿਆਨ ਵੀਚਾਰ ਕਾ ਸੂਰਜ

ਜੈਸੇ ਸੂਰਜ ਕੇ ਚੜ੍ਹਨੇ ਸੇ ਰਾਤ ਖਤਮ ਹੋ ਜਾਤੀ ਹੈ ਔਰ ਰਾਤ ਕੇ ਅੰਧੇਰੇ ਮੇਂ ਵਿਚਰਨੇ ਵਾਲੇ ਉੱਲੂ, ਚਮਗਿੱਦੜ ਵਗ਼ੈਰਾ ਨਿਸ਼ਚੇ ਅਲੋਪ ਹੋ ਜਾਤੇ ਹੈਂ ਔਰ ਚਾਂਦ ਸਿਤਾਰੋਂ ਕੀ ਰੌਸ਼ਨੀ ਦਿਖਾਈ ਨਹੀਂ ਦੇਤੀ। ਇਸੀ ਤਰਗਹ ਸੇ ਗਿਆਨ ਵੀਚਾਰ ਕਾ ਸੂਰਜ ਚੜ੍ਹਨੇ ਸੇ ਅਵਿਦਿਆ ਰੂਪੀ ਰਾਤ ਕਾ ਖਾਤਮਾ ਹੋ ਜਾਤਾ ਹੈ ਔਰ ਰਾਤ ਕੇ ਜਾਨਵਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪੀ ਉੱਲੂ ਔਰ ਸ਼ਬਦ, ਸਪਰਸ਼, ਰੂਪ, ਰਸ, ਗੰਧ ਰੂਪੀ ਚਮਗਾਦੜ ਔਰ ਆਸ਼ਾ, ਤ੍ਰਿਸ਼ਨਾ ਰੂਪੀ ਡਾਕਨੀ ਔਰ ਆਧ-ਬਿਆਧ-ਉਪਾਧ ਰੂਪੀ ਚੋਰ-ਅਵਿਦਿਆ ਅਸਮਤਾ, ਰਾਗ, ਦ੍ਵੈਸ਼, ਅਭਿਨਿਵੇਸ਼ ਰੂਪੀ ਡਾਕੂ ਤਮਾਮ ਅਲੋਪ ਹੋ ਜਾਤੇ ਹੈਂ। ਗਿਆਨ ਕੀ ਰੋਸ਼ਨੀ ਮੇਂ ਮੌਤ ਔਰ ਕਾਲ ਵੀ ਪਰਮ ਸੁਖਦਾਈ ਪ੍ਰਤੀਤ ਹੋਨੇ ਲਗਤੇ ਹੈਂ ਔਰ ਮਨ ਬੁੱਧੀ ਮੇਂ ਪਰਮਾਨੰਦ ਭਰਪੂਰ ਹੋ ਜਾਤਾ ਹੈ ਜਿਸ ਸੇ ਬਗ਼ੈਰ ਕੁਛ ਵੀ ਨਹੀਂ ਹੈ।

ਮੈਂ ਸੱਚਦਾਨੰਦ ਪੂਰਨ ਹੂੰ।

*'ਚਲਦਾ................।'*

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ ਸ੍ਰੀ ਮਾਨ
ਸੰਤ ਬਾਬਾ ਵਰਿਆਮ ਸਿੰਘ ਜੀ
ਮਹਾਰਾਜ ਰਤਵਾੜਾ ਸਾਹਿਬ

FW FASTWAY

### ਫਾਸਟਵੇਅ ਕੇਬਲ ਟੀ.ਵੀ. ਨੈਟਵਰਕ

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**
**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਪੂਰਨਮਾਸ਼ੀ - 1, 31 ਅਗਸਤ, ਦਿਨ, ਮੰਗਲਵਾਰ, ਵੀਰਵਾਰ - ਰਤਵਾੜਾ ਸਾਹਿਬ,**
**(ਸਮਾਂ - ਸ਼ਾਮੀ 7.00 ਤੋਂ 9.00 ਵਜੇ ਤੱਕ)**

**ਆਸਾੜ੍ਹ - ਸੰਗਰਾਂਦ-17 ਅਗਸਤ, ਦਿਨ ਵੀਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
|---|---|
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20Year) | Rs 3000/3020 |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

### LIST OF CORRESPONDENT BANKS

**Australia**

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

**Canada**

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

**Germany**

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

**Italy**

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

**United Kingdom**

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

**United States**

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ - | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 40/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
